

INTERNATIONAL MAGAZINE
RNI No. 61816/95
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਤਮ ਮਾਰਗ
ਮਈ 2023
ਗੁਰੁ ਅਰਜੁਨੁ ਪਰਤਖ ਹਰਿ॥



ਵਿਸਾਖੀ ਦੇ ਪਵਿੱਤਰ ਦਿਹਾੜੇ ਤੇ ਰਤਵਾੜਾ ਸਾਹਿਬ ਵਿਖੇ ਦਸਤਾਰ/ਦੁਮਾਲਾ ਮੁਕਾਬਲੇ ਦੇ ਪੋਜ਼ੀਸ਼ਨ ਹਾਸਿਲ ਕਰਨ ਵਾਲੇ ਬੱਚਿਆਂ ਅਤੇ ਜੱਜ ਸਾਹਿਬਾਨ ਨੂੰ ਸਨਮਾਨਿਤ ਕਰਦੇ ਹੋਏ ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਕੀਰਤਨ ਦਾ ਅਨੰਦ ਮਾਣਦੀਆਂ ਸੰਗਤਾਂ ।



ਪਿੰਡ ਸੂੰਕ ਨੇੜੇ ਰਤਵਾੜਾ ਸਾਹਿਬ ਵਿਖੇ ਸਜੇ ਦੀਵਾਨ ਵਿੱਚ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ



ਕ੍ਰਿਸ਼ਨਾ ਕਲੋਨੀ ਰਾਹੋਂ ਰੋਡ ਲੁਧਿਆਣਾ ਵਿਖੇ ਸਜੇ ਦੀਵਾਨ ਵਿੱਚ ਸੰਗਤਾਂ ਕੀਰਤਨ ਦਾ ਅਨੰਦ ਮਾਣਦੀਆਂ ਹੋਈਆਂ।

# ਆਤਮ ਮਾਰਗ


ਸਾਲ-ਉਨੱਤੀਵਾਂ, ਮਹੀਨਾ-ਮਈ, 2023

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ**
ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ**
ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ
ਭਾਈ (ਡਾ.) ਸੁਖਵਿੰਦਰ ਸਿੰਘ

ਚੀਫ ਐਡੀਟਰ
ਡਾ. ਜਗਜੀਤ ਸਿੰਘ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

Postal Address for any Enquiry, Money Order, Cheque and drafts :
'ATAM MARG' MAGAZINE
Gurdwara Ishar Parkash, Ratwara Sahib
(New Chandigarh) P.o. Mullanpur Garibdas, Teh. Kharar, Distt. S.A.S Nagar
(MOHALI) - 140901, Pb. India

**SUBSCRIPTION – ਚੰਦਾ – (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.ratwarasahib.in

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -
9417214378, 9417214384

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ:9592212900
6. ਬੀਐਡ ਕਾਲਜ ਅਤੇ ਨਰਸਿੰਗ ਕਾਲਜ 9417214382
8. ਬਿਰਧ ਆਸ਼ਰਮ 9815728220

ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

ਹੋਰ ਸੰਪਰਕ ਨੰਬਰ
98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 7 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 3. | **ਅਗੰਮ ਅਗੋਚਰ ਦਾ ਮਾਰਗ** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਸਤਿਗੁਰ ਹਥਿ ਕੁੰਜੀ.........॥** | 18 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਗੁਰ ਕੀ ਮੂਰਤਿ ਮਨ ਮਹਿ ਧਿਆਨੁ** | 33 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 6. | **ਗੁਰਬਾਣੀ ਅਰਥ ਭੰਡਾਰ** | 36 |
| | ***ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*** | |
| 7. | **ਗੁਰੂ ਨਾਨਕ ਆਗਮਨ** | 39 |
| | *ਡਾ. ਭਾਈ ਵੀਰ ਸਿੰਘ* | |
| 8. | **ਜਨ ਪਰਉਪਕਾਰੀ ਆਏ** | 43 |
| | *ਪ੍ਰੋ. ਗੁਰਦੇਵ ਸਿੰਘ* | |
| 9. | **ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ** | 47 |
| | *ਡਾ. ਜਗਜੀਤ ਸਿੰਘ* | |
| 10. | **ਵਾਰਾਂ ਭਾਈ ਗੁਰਦਾਸ ਜੀ** | 50 |
| | *ਡਾ. ਭਾਈ ਵੀਰ ਸਿੰਘ* | |
| 11. | **ਈਸ਼੍ਵਰ ਅਮੋਲਕ ਲਾਲ** | 52 |
| | *ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ* | |
| 12. | **ਭਾਈ ਨੰਦ ਲਾਲ ਜੀ** | 54 |
| 13. | **ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ, ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | 56 |

# ਸੰਪਾਦਕੀ
## ਪੂਰਨ ਪ੍ਰੇਮ ਪ੍ਰਤੀਤ ਸਜੈ.........॥

ਪਾਰਬ੍ਰਹਮ ਪ੍ਰਮੇਸ਼ਰ ਨਿਰਗੁਣ ਰੂਪ ਹੋ ਕੇ ਸਾਰੇ ਪਰੀਪੂਰਨ ਹੈ। ਇਸ ਦੀ ਪਰੀਪੂਰਨਤਾ ਸਰਗੁਣ ਰੂਪ ਵਿਚ ਦ੍ਰਿਸ਼ਟਮਾਨ ਪਸਾਰੇ ਵਿਚੋਂ ਦਿਸਦੀ ਹੈ -

*ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥*
*ਕਲਾ ਧਾਰਿ ਜਿਨਿ ਸਗਲੀ ਮੋਹੀ ॥* *ਅੰਗ- ੨੮੭*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਅੰਗ- ੨੯੦*

ਨਿਰਗੁਣ ਦਾ ਅਭਾਸ ਹੋ ਜਾਣਾ ਉਚੀ ਮੰਜ਼ਿਲੇ-ਮਕਸੂਦ ਹੈ। ਦ੍ਰਿਸ਼ਟਮਾਨ ਪਸਾਰੇ ਵਿਚੋਂ ਉਸ ਦੀ ਹਾਜ਼ਰੀ ਦਾ ਅਹਿਸਾਸ ਕਰ, ਗੁਰੂ ਕ੍ਰਿਪਾ ਨਾਲ, ਉਸ ਦੀ ਪ੍ਰਾਪਤੀ ਸਹਿਜੇ ਕੀਤੀ ਜਾ ਸਕਦੀ ਹੈ। ਉਸ ਦੀ ਹਾਜ਼ਰਤਾ, ਨਾਜ਼ੁਰਤਾ ਦੇ ਅਹਿਸਾਸ ਦੀ ਛੋਹ ਪਾਉਣ ਦੇ ਅਨੇਕਾਂ ਸਾਧਨ, ਢੰਗ, ਤਰੀਕੇ ਰੂਹਾਨੀ ਪਾਂਧੀਆਂ, ਆਤਮ ਮਾਰਗੀਆਂ ਦੇ ਹੋ ਸਕਦੇ ਹਨ ਪਰ ਸਭ ਤੋਂ ਸੁਖੈਨ ਸਾਧਨ ਜਾਂ ਆਤਮ ਮਾਰਗੀ ਪੈਂਡਾ ਪ੍ਰੇਮ ਤੇ ਪਿਆਰ ਦਾ ਹੈ। ਇਸੇ ਪ੍ਰੇਮ ਦੇ ਸਾਗਰ ਵਿਚ ਮਾਨਵਤਾ ਨੂੰ ਚੁੱਭੀਆਂ ਲਵਾਉਣ ਹਿਤ ਸੱਚੇ ਪਾਤਸ਼ਾਹ ਦੀ ਨਿਰੰਕਾਰੀ ਜੋਤ ਨੇ 230 ਸਾਲ ਦਾ ਸਫ਼ਰ ਤੈਅ ਕੀਤਾ। ਆਖਰੀ ਜਾਮੇ ਵਿਚ ਕਰ ਦਿਤਾ ਪ੍ਰਗਟ ਖਾਲਸਾ ਆਦਰਸ਼। ਦੋ ਸਦੀਆਂ ਤੋਂ ਵੱਧ ਦੀ ਕਰਾਮਾਤ ਹੋ ਗਈ ਸੀ ਪੂਰੀ। ਭਾਅ ਗਏ, ਪੰਜ ਮਰਜੀਵੜੇ। ਬਣਾ ਦਿਤੇ ਸੀ ਪੂਰੇ ਸੂਰੇ। ਬਖਸ਼ ਦਿਤੀ ਸੀ ਬ੍ਰਹਮਗਿਆਨ ਦੀ ਦਾਤ। ਅਭੇਦ ਕਰ ਲਏ ਸੀ ਆਪਣੇ ਰੂਹਾਨੀ ਅਤੇ ਸਰੀਰਕ ਵਜੂਦ ਵਿਚ। ***'ਖ਼ਾਲਸਾ ਮੇਰੋ ਰੂਪ ਹੈ ਖ਼ਾਸ। ਖ਼ਾਲਸੇ ਮਹਿ ਹੌਂ ਕਰੋਂ ਨਿਵਾਸ।'*** ਪੂਰਨਤਾ ਦੇ ਮੁਜੱਸਮੇ ਬਣਾ ਦਿਤੇ। ਜਿਨ੍ਹਾਂ ਦਾ ਜੀਵਨ ਵਿਹਾਰਕ ਤੇ ਆਤਮਿਕ ਪੱਧਰ ਤੇ ਪ੍ਰੇਮ ਨਾਲ ਲਬਾਲਬ ਭਰੇ ਰੂਪ ਵਿਚ ਮਾਨਵਤਾ ਦੇ ਸਾਮ੍ਹਣੇ ਪ੍ਰਗਟ ਕਰ ਦਿਤਾ। ਇਹੀ ਵੱਡੀ ਅਮੁੱਲੀ ਦੇਣ ਹੈ ਨਿਰੰਕਾਰੀ ਜੋਤਿ ਦੀ ਮਾਨਵਤਾ ਨੂੰ। ਇਸ ਆਦਰਸ਼ ਦੀ ਵੱਡਤਣਤਾ ਦੇ ਰੰਗ ਨਿਵੇਕਲੇ ਹਨ। ਖ਼ਾਲਸਾ ਜਾਗਤਿ ਜੋਤਿ ਦਾ ਪੁਜਾਰੀ ਹੈ। ਇਕ ਉਸ ਪਰਮ ਸ਼ਕਤੀ ਅਕਾਲ ਪੁਰਖ ਵਾਹਿਗੁਰੂ ਦਾ ਉਪਾਸ਼ਕ ਹੈ। ਪ੍ਰੇਮ ਦੀ ਜੋਤ ਲਟਾ ਲਟ ਉਸ ਦੇ ਅੰਦਰ ਬਲ ਰਹੀ ਹੈ। ***'ਪੂਰਨ ਪ੍ਰੇਮ ਪ੍ਰਤੀਤ ਸਜੈ........ ॥'*** ਇਸ ਪ੍ਰੇਮ ਦੇ ਵਹਾਅ ਵਿਚ ਕਿਸੇ ਹੋਰ ਦੀ ਮਾਨਤਾ ਨਹੀਂ। ***'ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।'*** ਕਿਉਂਕਿ ਉਸ ਖ਼ਾਲਸਾ ਪਦ ਨੂੰ ਪਹੁੰਚੇ ਹੋਏ ਆਤਮਿਕ ਮੰਡਲਾਂ ਦੇ ਵਾਸੀ ਨੂੰ ਅਹਿਸਾਸ ਕਰਵਾ ਦਿਤਾ ਗਿਆ ਕਿ ਉਹ ਅਕਾਲ ਪੁਰਖ ਪ੍ਰੇਮ ਰੂਪ ਵਿਚ ਫੈਲਿਆ ਹੋਇਆ ਹੈ ਤੇਰੇ ਅੰਦਰ ਬਾਹਰ, ਅੰਗ ਸੰਗ ਹੈ।

*ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥*
*ਜਾਪੁ ਸਾਹਿਬ*

ਦ੍ਰਿਸ਼ਟਮਾਨ ਪਸਾਰੇ ਅੰਦਰ ਪ੍ਰੇਮ ਰੂਪ ਵਿਚ ਵਿਦਮਾਨ ਹੈ। ਉਸ ਨੂੰ ਪ੍ਰੇਮ ਦੇ ਰੂਪ ਵਿਚ ਪਸਾਰੇ ਵਿਚੋਂ ਦੇਖਣਾ ਹੈ। ਜਦੋਂ ਉਸ ਨੂੰ ਪੂਰਨ ਪ੍ਰੇਮ ਨਾਲ, ਪਸਾਰੇ ਵਿਚੋਂ ਦੇਖਾਂਗੇ ਤਾਂ ਫਿਰ ਉਹ ਜੋਤਿ ਪੂਰਨ ਰੂਪ ਵਿਚ ਅੰਦਰ ਪ੍ਰਗਟ ਹੋ ਜਾਵੇਗੀ। ***'ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾਂ ਮਨ ਨੈਕ ਨ ਆਨੈ॥'*** ਭਾਵ ***'ਪੂਰਨ ਜੋਤ ਜਗੈ ਘਟ ਮੈ'*** ਦੇ ਧਾਰਨੀ ਬਣ ਕੇ ਮੰਜ਼ਿਲੇ ਮਕਸੂਦ ਤਕ ਪਹੁੰਚਣ ਦਾ ਸਫ਼ਰ ਖ਼ਾਲਸੇ ਦਾ ਹੈ। ਪੂਰਨ ਮਨੁੱਖ ਦਾ ਹੈ। ਪ੍ਰੇਮ ਸਾਧਨ ਹੈ, ਪੂਰਨ ਜੋਤਿ, ਮੰਜ਼ਿਲੇ ਮਕਸਦੂ ਹੈ। ਪ੍ਰਾਪਤੀ ਹੈ। ਜਿਸ ਦੀ ਨੀਂਹ ਇਸ ਸਿਧਾਂਤ 'ਤੇ ਹੋਵੇ -

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ- ੧੪੧੨*

ਉਸ ਦੀ ਮੰਜ਼ਿਲ ਵੀ ਇਸੇ ਸਿਧਾਂਤ ਦਾ ਪ੍ਰਗਟਾਵਾ ਕਰਦੀ ਹੋਵੇਗੀ। ਉਸ ਨੂੰ ਇਕ ਜੀਵਨ ਜੁਗਤਿ ਦੀ ਪ੍ਰਾਪਤੀ ਹੋ ਗਈ। 'ਪ੍ਰੇਮ' ਜੀਵਣ ਜਿਊਣ ਦੀ ਪ੍ਰਮੁੱਖ ਜੁਗਤਿ ਹੈ। ਪ੍ਰੇਮ ਕੁਦਰਤ ਦਾ ਦੂਸਰਾ ਨਿੱਘ ਦਾਇਕ ਸੂਰਜ ਹੈ। ਜਿਸ ਦਾ ਨਿੱਘ ਮਿੱਠਾ ਹੈ। ਪਰ ਰੋਸ਼ਨੀ ਸੂਰਜ ਵਾਂਗੂੰ ਤਿੱਖੀ ਨਹੀਂ, ਸਗੋਂ ਮਿੱਠਾ ਸਰੂਰ ਬਖਸ਼ਣ ਵਾਲੀ ਹੈ। ਪ੍ਰੇਮ ਵਿਚ ਕੁਰਬਾਨੀ ਹੈ। ਆਪਾ ਦਾਨ ਹੈ। ਸਰਬੰਸ ਦਾਨ ਹੈ। ਪਿੱਛੇ ਆਪਣੇ ਲਈ ਬਚਾ ਕੇ ਕੁਝ ਨਹੀਂ ਰੱਖਿਆ ਜਾਂਦਾ। ਇਹ ਦਾਨ ਕੋਈ ਸਾਧਾਰਨ ਜਾਂ ਆਮ ਦਾਨ ਨਹੀਂ, ਇਕ ਬਲੀਦਾਨ ਰੂਪ ਹੈ। ਆਪਾ ਸਮਰਪਣ ਹੈ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥* *ਅੰਗ- ੬੫੯*

ਦੀ ਅਵਸਥਾ ਹੈ ਪਰ ਮਿਲਦੀ ਮਹਿੰਗੇ ਮੋਲ ਹੈ। ਅਮੁੱਲ ਵਸਤੂ ਦਾ ਮੁੱਲ ਵੀ ਅਮੁੱਲ ਹੀ ਤਾਰਨਾ ਪੈਂਦਾ ਹੈ।

*ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥* *ਅੰਗ- ੬੯੪*

ਬੜੇ ਮਹਿੰਗੇ ਮੋਲ ਇਹ ਪ੍ਰੀਤ ਲਈ ਹੈ। ਜਿੰਦ

ਦੇ ਕੇ, ਆਤਮ ਸਮਰਪਣ ਦੇ ਬਦਲੇ ਮਿਲੀ ਹੈ। ਅਰਦਾਸ ਹੈ ਕਿ ***'ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ॥***

ਜੀਵ ਡਰਦਾ ਰਹਿੰਦਾ ਹਾਂ ਕਿ ਕਿਤੇ ਮੇਰੀ ਪ੍ਰੀਤ ਘੱਟ ਨਾ ਜਾਵੇ ਉਸ ਅਕਾਲ ਪੁਰਖ ਵਾਹਿਗੁਰੂ ਨਾਲ। ਇਹ ਅਸੰਭਵ ਅਚਰਜ ਖੇਡ ਹੈ। ਪਿਆਰ ਵਾਲੇ ਜਿੰਦ ਇਕ ਵਾਰ ਨਹੀਂ ਵਾਰਦੇ ਵਾਰ-ਵਾਰ ਵਾਰਦੇ ਹਨ।

*ਵਾਰਿਆ ਨ ਜਾਵਾ ਏਕ ਵਾਰ ॥ ਅੰਗ- ੩*

ਉਹ ਵਾਰ-ਵਾਰ ਆਪਣਾ ਆਪ ਵਾਰਨ ਲਈ ਤੱਤਪਰ ਰਹਿੰਦੇ ਹਨ। ***'ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥'*** *(ਅੰਗ-੪੬੨)* ਕਿਉਂ ਤੱਤਪਰ ਰਹਿੰਦੇ ਹਨ ਕਿਉਂਕਿ ਉਹਨਾਂ 'ਤੇ ਬਖਸ਼ਿਸ਼ ਹੋਈ ਹੁੰਦੀ ਹੈ -

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*
*ਅੰਗ- ੪੬੨*

ਚੰਦਰਮਾ ਅਤੇ ਸੂਰਜਾਂ ਦੀ ਰੋਸ਼ਨੀ ਹੁੰਦੇ ਹੋਏ ਵੀ ਆਤਮਿਕ ਹਨ੍ਹੇਰਾ ਹੈ। ਚੰਦ ਸੂਰਜ ਦੀ ਰੋਸ਼ਨੀ ਆਤਮ ਮਾਰਗੀ ਪੈਂਡਿਆਂ ਤੇ ਚਾਨਣਾ ਨਹੀਂ ਕਰ ਸਕਦੀ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ਅੰਗ- ੪੬੩*

ਬਖਸ਼ਿਆ ਸੀ ਐਸਾ ਚਾਨਣਾ ਕਿਸੇ ਵੇਲੇ ਨਿਰੰਕਾਰੀ ਜੋਤਿ ਨੇ ਪ੍ਰਗਟ ਹੋਣ ਸਮੇਂ -

*ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।*
*ਭਾਈ ਗੁਰਦਾਸ ਜੀ*

ਵੱਡਿਆਂ ਭਾਗਾਂ ਵਾਲੀ ਉਹ ਸ਼ਖਸ਼ੀਅਤ ਮਾਤਾ ਦੌਲ਼ਤਾਂ ਦਾਈ। ਸੇਵਾ ਨਿਭਾਉਣ ਤੋਂ ਪਹਿਲਾਂ ਮੰਗਦੀ ਸੀ ਦੋਵੇਂ ਹੱਥ ਜੋੜ ਕੇ ਸਤਿਕਾਰਯੋਗ ਬਾਬਾ ਮਹਿਤਾ ਕਲਿਆਣ ਦਾਸ ਜੀ ਤੋਂ, ਦੋ-ਚਾਰ ਮਣ ਦਾਣੇ। ਮੇਰੇ ਬੱਚੇ ਰੱਜ ਕੇ ਰੋਟੀ ਖਾ ਲਿਆ ਕਰਨਗੇ। ਦੋ ਗਰਮ ਬਿਸਤਰੇ ਦੇ ਦਿਉ। ਠੰਢ ਦੇ ਦਿਨ ਆ ਰਹੇ ਸਨ। ਕੱਤਕ ਦੀ ਪੂਰਨਮਾਸ਼ੀ ਸੀ। ਮੇਰੇ ਬੱਚੇ ਠੰਢ 'ਚ ਠਰੂੰ-ਠਰੂੰ ਕਰਦੇ ਹਨ। ਦੇ ਦਿਉ ਦੋ ਚਾਰ ਟਕੇ, ਗਰੀਬਣੀ ਦੇ ਨਿਰਬਾਹ ਲਈ। ਮਿਲ ਜਾਏਗਾ ਸਭ ਕੁਝ, ਰੱਜ ਕੇ ਵੰਡਾਂਗੇ ਸਭ ਪਦਾਰਥ। ਇਹ ਬੋਲ ਸਨ ਬਾਬਾ ਮਹਿਤਾ ਕਲਿਆਣ ਦਾਸ ਜੀ ਦੇ। ਆ ਗਿਆ ਸਮਾਂ, ਘੜੀ, ਪਲ, ਨਿਮਖ ਤੇ ਚਸਾ। ਜਦੋਂ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ ਨੇ ਨਿਰਗੁਣ ਤੋਂ ਸਰਗੁਣ ਰੂਪ ਧਾਰਨ ਕੀਤਾ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ- ੧੩੯੫*

ਅੱਠ ਚਹੁੰਮੁਖੇ ਦੀਵਿਆਂ ਦੀ ਰੋਸ਼ਨੀ ਵੀ ਮੱਧਮ ਪੈ ਗਈ। ਰੋਸ਼ਨੀ ਦਾ ਝਲਕਾਰਾ ਵੱਜਿਆ, ਰੂਹਾਨੀ ਵਾਤਾਵਰਣ, ਅਜੀਬ ਕਿਰਨਾਂ, ਅਜੀਬ ਅਨੰਦ, ਵਿਸਮਾਦੀ ਰਸ ਭਰ ਗਿਆ ਆਲੇ-ਦੁਆਲੇ ਵਾਤਾਵਰਣ 'ਚ। ਮੁਸਕਰਾ ਕੇ ਦਿਤੇ ਨਿਰੰਕਾਰੀ ਜੋਤਿ ਦੇ ਪਹਿਲੇ ਜਾਮੇ ਨੇ ਦਰਸ਼ਨ। ਦਰਸ਼ਨ ਕਰਦੇ ਸਾਰ ਹੋ ਗਏ ਨਿਹਾਲ ਮਾਤਾ ਦੌਲਤਾਂ ਜੀ। ਜਨਮਾਂ-ਜਨਮਾਂ ਦੀਆਂ ਭੁੱਖਾਂ ਲਹਿ ਗਈਆਂ। ਹੋ ਗਈ ਤ੍ਰਿਪਤ, ਮਾਈ ਦੌਲਤਾਂ ਨੂੰ ਕੋਈ ਵੱਡੀ ਦੌਲਤ ਮਿਲ ਗਈ ਸੀ। ਸੇਵਾ ਦੀ ਕਿਰਿਆ ਨਿਭਾ ਆਏ ਬਾਹਰ ਨੂੰ। ਹੱਥ ਹੁਣ ਵੀ ਜੁੜੇ ਹੋਏ ਹਨ ਪਰ ਭਿਖਾਰੀਆਂ ਵਾਂਗੂੰ ਨਹੀਂ ਬਾਦਸ਼ਾਹਾਂ ਵਾਂਗੂੰ। ਚਿਹਰੇ ਤੇ ਨੂਰ ਹੈ, ਖੇੜਾ ਹੈ, ਨੇਤਰਾਂ 'ਚ ਸਰੂਰ ਹੈ, ਅਗੰਮੀ ਚਾਲ ਵੀ ਨਿਰਾਲੀ ਹੈ। 'ਭਗਤਾ ਕੀ ਚਾਲ ਨਿਰਾਲੀ।'

*ਨਾਨਕ ਭਗਤਾ ਸਦਾ ਵਿਗਾਸ।*

ਬਾਹਰ ਆਏ। ਦਿਤੇ ਬਚਨ ਅਨੁਸਾਰ ਬਾਬਾ ਮਹਿਤਾ ਕਲਿਆਣ ਦਾਸ ਜੀ ਨੇ ਫੁਰਮਾਇਆ: ਮੰਗੋ ਜੋ ਮੰਗਣਾ ਹੈ, ਸਭ ਹਾਜ਼ਰ ਹੈ। ਵਿਸਮਾਦੀ ਅਵਸਥਾ ਦੇ ਧਾਰਨੀ, ਪ੍ਰੇਮ ਵਿਚ ਲਬਾ-ਲਬ ਭਰੇ, ਮਾਤਾ ਦੌਲਤਾਂ ਜੀ ਨੇ ਫੁਰਮਾਇਆ ਕਿ ਮੇਰੀ ਤਾਂ ਜਨਮਾਂ-ਜਨਮਾਂ ਦੀ ਭੁੱਖ ਲਹਿ ਗਈ-

*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥*
*ਅੰਗ- ੧੩੯੨*
*ਤਿਸ ਕੀ ਤ੍ਰਿਸਨਾ ਭੁਖ ਸਭ ਉਤਰੈ ਜੋ ਹਰਿ ਨਾਮੁ ਧਿਆਵੈ ॥*
*ਅੰਗ- ੪੫੧*

ਮੁੱਕ ਗਈਆਂ ਤ੍ਰਿਸ਼ਨਾਵਾਂ। ਹੋ ਗਈ ਸੀ ਤ੍ਰਿਪਤ, ਮਾਤਾ ਤ੍ਰਿਪਤਾ ਦੀ ਸੇਵਾ ਕਰਕੇ। ਹੁਣ ਪ੍ਰੇਮ ਭਿੱਜੇ ਬੋਲ ਸਨ ਮਾਤਾ ਦੌਲਤਾਂ ਦੇ। ਮੇਰੀਆਂ ਤਾਂ ਸਾਰੀਆਂ ਭੁੱਖਾਂ ਖਤਮ ਹੋ ਗਈਆਂ ਹਨ। **ਹੁਣ ਤਾਂ ਮੇਰਾ ਦਿਲ ਕਰਦੈ ਜੋ ਕੁਝ ਮੇਰੇ ਕੋਲ ਹੈ ਉਹ ਵੀ ਆਪਣੇ ਪਿਆਰੇ ਤੋਂ ਕੁਰਬਾਨ ਕਰ ਦੇਵਾਂ।** ਇਹ ਸੀ ਪੂਰੇ ਦਾ ਪੂਰਾ ਕ੍ਰਿਸ਼ਮਾ। ਸ੍ਰੀ ਗੁਰੂ ਨਾਨਕ ਸਾਹਿਬ ਤਾਂ ਇਸ ਤੋਂ ਅੱਗੇ ਦੀ ਬਾਤ ਪਾਉਂਦੇ ਹਨ ਕਿ ਆਪਣੇ ਪਿਆਰੇ ਤੋਂ ਹਰ ਕੋਈ ਕੁਰਬਾਨ ਹੋਣ ਲਈ ਤਿਆਰ ਹੋ ਸਕਦਾ ਹੈ, ਪਰ ਗੁਰੂ ਬਾਬਾ ਜੀ ਤਾਂ ਫੁਰਮਾਨ ਕਰਦੇ ਹਨ ਕਿ ਜੇ ਕੋਈ ਉਸ ਪਿਆਰੇ ਦੀ ਖਬਰ ਵੀ ਲਿਆ ਕੇ ਦੇਵੇ ਤਾਂ ਉਸ ਤੋਂ ਕੇਵਲ ਆਪਣਾ ਸਿਰ ਹੀ ਨਹੀਂ ਵਾਰ ਦੇਵਾਂ ਸਗੋਂ ਲੱਥਾ ਹੋਇਆ ਸਿਰ ਉਸ ਦੇ ਬੈਠਣ ਲਈ ਦੇ ਕੇ ਬਿਨਾਂ ਸਿਰ ਤੋਂ ਉਸ ਦੀ ਸੇਵਾ ਕਰਾਂ।

*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ- ੫੫੮*

ਐਸੀ ਪ੍ਰੀਤ, ਐਸਾ ਪਿਆਰ ਕਦੇ ਟੁੱਟਦਾ ਨਹੀਂ।

*(ਬਾਕੀ ਪੰਨਾ 10 'ਤੇ)*

# ਜੇਠਿ
# ਸੰਗਰਾਂਦ - ਮਈ 15 (ਦਿਨ ਸੋਮਵਾਰ)

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ।।***
***ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ।।***
***ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।।***
***ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ।।***
***ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ।।***
***ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ।।***
***ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ।।***
***ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ।।***
***ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ।।***
***ਅੰਗ - ੧੩੪***

ਵਾਹਿਗੁਰੂ ਜੀ ਸਭ ਦਾ ਰਖਣਹਾਰਾ, ਪਾਲਣਹਾਰਾ, ਰਿਜ਼ਕਦਾਤਾ, ਸਭ ਤੋਂ ਵੱਡਾ, ਘਟ-ਘਟ ਵਿਚ ਵਿਆਪਕ, ਜਲ ਥਲ ਮਹੀਅਲਿ ਵਿਚ ਪਸਰਿਆ ਹੋਇਆ ਮਹਾਨ ਆਪਾ ਸਤਿ ਚਿਤ ਅਨੰਦ ਪ੍ਰਿਅ ਹੈ। ਗੁਰੂ ਮਹਾਰਾਜ ਜੀ ਜੇਠ ਦੇ ਮਹੀਨੇ ਵਿਚ ਇਸ ਜੀਵ ਨੂੰ, ਵਾਹਿਗੁਰੂ ਜੀ ਜੋ ਸਭ ਤੋਂ ਵੱਡਾ ਹੈ, ਜਿਸ ਦੇ ਅੱਗੇ ਸਾਰੀ ਸ੍ਰਿਸ਼ਟੀ ਦੇ ਅਨੇਕਾਂ ਖਾਣੀਆਂ, ਅਨੇਕਾਂ ਖੰਡਾਂ ਬ੍ਰਹਿਮੰਡਾਂ ਦੇ ਜੀਵ ਨਿਵਦੇ ਹਨ, ਉਸ ਦੇ ਨਾਲ ਜੁੜਨ ਲਈ ਸੰਕੇਤ ਕਰਦੇ ਹਨ। ਜੁੜਨਾ ਕੇਵਲ ਪਿਆਰ ਕਰਕੇ ਹੋਇਆ ਕਰਦਾ ਹੈ, ਹੋਰ ਕੋਈ ਸਾਧਨ ਜੋੜਨ ਨੂੰ ਸਮਰੱਥ ਨਹੀਂ ਹੋਇਆ ਕਰਦੇ। ਅਜਿਹੇ ਹਰੀ ਨਾਲ ਪਿਆਰ ਕਰਕੇ ਉਸਦੀ ਸੱਤਤਾ ਨੂੰ ਹਰ ਸਮੇਂ ਮਹਿਸੂਸ ਕਰਨਾ ਅਤੇ ਪਿਆਰ ਖਿੱਚਾਂ ਵਿਚ ਖਿੱਚ ਖਾਂਦੇ ਰਹਿਣਾ; ਇਸਨੂੰ ਜੁੜਨਾ ਆਖਦੇ ਹਨ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਸੱਚੇ ਸੱਜਣ ਵਾਹਿਗੁਰੂ ਜੀ ਦੇ ਜੇ ਲੜ ਲਗ ਜਾਈਏ ਤਾਂ ਜਮਦੂਤਾਂ ਦੀ ਸ਼ਕਤੀ ਨਹੀਂ ਹੈ ਕਿ ਉਹ ਐਸੇ ਪ੍ਰੇਮੀ ਨੂੰ ਬੰਨ੍ਹ ਸਕਣ। ਉਹ ਬੰਨ੍ਹ ਕੇ ਧਰਮਰਾਜ ਦੇ ਮੰਡਲ ਵਿਚ ਉਸ ਜੀਵ ਨੂੰ ਨਹੀਂ ਲਿਜਾ ਸਕਿਆ ਕਰਦੇ, ਸਗਵਾਂ ਧਰਮਰਾਜ ਨੂੰ ਤਾਂ ਹੁਕਮ ਹੈ ਕਿ ਜੋ ਪ੍ਰਮੇਸ਼ਰ ਦੇ ਪਿਆਰ ਵਿਚ ਰੱਤਾ ਹੋਵੇ, ਉਸਦੀ ਉਹ ਸੇਵਾ ਕਰੇ -

***ਧਰਮ ਰਾਇ ਨੋ ਹੁਕਮੁ ਹੈ***
***ਬਹਿ ਸਚਾ ਧਰਮੁ ਬੀਚਾਰਿ।।***
***ਦੂਜੈ ਭਾਇ ਦੁਸਟੁ ਆਤਮਾ***
***ਓਹੁ ਤੇਰੀ ਸਰਕਾਰ।।***
***ਅਧਿਆਤਮੀ ਹਰਿ ਗੁਣ ਤਾਸੁ***
***ਮਨਿ ਜਪਹਿ ਏਕੁ ਮੁਰਾਰਿ।।***
***ਤਿਨ ਕੀ ਸੇਵਾ ਧਰਮ ਰਾਇ ਕਰੈ***
***ਧੰਨੁ ਸਵਾਰਣਹਾਰੁ।। ਅੰਗ - ੩੮***

ਧਰਮਰਾਇ ਨੂੰ ਤਾਂ ਇਥੋਂ ਤਕ ਹੁਕਮ ਹੈ ਕਿ ਜੇ ਕੋਈ ਪ੍ਰਭੂ ਪਿਆਰ ਵਿਚ ਰੱਤਿਆਂ ਨੂੰ ਆਦਰ ਸਹਿਤ, ਸਤਿਕਾਰ ਦੇ ਸ਼ਬਦ ਵਰਤ ਕੇ ਜੀਉ ਆਇਆਂ ਕਹੇ, ਉਸ ਨੂੰ ਜਮ ਦੀ ਤਲਬ ਨਹੀਂ ਹੋ ਸਕਿਆ ਕਰਦੀ -

***ਤੁਧੁ ਸਾਲਾਹਨਿ ਤਿਨ ਧਨੁ ਪਲੈ***
***ਨਾਨਕ ਕਾ ਧਨੁ ਸੋਈ।।***
***ਜੇ ਕੋ ਜੀਉ ਕਹੈ ਓਨਾ ਕਉ***
***ਜਮ ਕੀ ਤਲਬ ਨ ਹੋਈ।।***

***ਅੰਗ - ੧੩੨੮***

ਐਸਾ ਵੀ ਫੁਰਮਾਨ ਹੈ ਕਿ ਜੋ ਪ੍ਰਮੇਸ਼ਰ ਦੇ ਪਿਆਰ ਵਿਚ ਰੱਤਿਆਂ ਦੀ ਸੰਗਤ ਕਰਦੇ ਹਨ ਅਤੇ ਉਨ੍ਹਾਂ ਦੇ ਉਪਦੇਸ਼ ਸੁਣ ਕੇ ਕਮਾਉਂਦੇ ਹਨ, ਉਨ੍ਹਾਂ ਦੀ ਸੋਭਾ ਧਰਮਰਾਜ

ਦੀ ਦਰਗਾਹ ਵਿਚ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਧਰਮਰਾਜ, ਅਜਿਹੇ ਸਾਧੂਆਂ ਨਾਲ ਪਿਆਰ ਕਰਨ ਵਾਲਿਆਂ ਦੀ ਸੇਵਾ ਕਰਦਾ ਹੈ -

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥*

*ਅੰਗ - ੨੭੧*

ਸੋ ਇਸ ਵਾਸਤੇ ਜੋ ਸੱਚੇ ਸਾਂਈ ਦੇ ਲੜ ਲਗੇ ਹਨ, ਜਿਨ੍ਹਾਂ ਦੇ ਹਿਰਦੇ ਵਿਚ ਉਸਦਾ ਪਿਆਰ ਰੁਮਕ ਰਿਹਾ ਹੈ, ਉਹ ਧਰਮਰਾਜ ਪਾਸ ਬੰਨ੍ਹੇ ਹੋਏ ਨਹੀਂ ਘੱਲੇ ਜਾ ਸਕਦੇ। ਧਰਮਰਾਜ ਪਾਸ ਸਿਰਫ ਓਹੀ ਜਾਂਦੇ ਹਨ ਜਿਨ੍ਹਾਂ ਨੇ ਮਾਨਸ ਜਨਮ ਪ੍ਰਾਪਤ ਕਰਕੇ, ਮਨ ਦੇ ਪਿਛੇ ਲਗ ਕੇ ਪ੍ਰਭੂ ਨੂੰ ਵਿਸਾਰ ਕੇ ਰਸਾਂ-ਕਸਾਂ, ਠੱਗੀਆਂ-ਚੋਰੀਆਂ, ਧੋਖਿਆਂ-ਪਾਖੰਡਾਂ, ਵਿਸ਼ੇ-ਵਿਕਾਰਾਂ ਵਿਚ ਆਪਣਾ ਜੀਵਨ ਬਤੀਤ ਕੀਤਾ ਹੈ। ਪ੍ਰਭੂ ਪਿਆਰਿਆਂ ਪਾਸ ਮਾਣਕ ਮੋਤੀਆਂ ਤੋਂ ਵੀ ਕੀਮਤੀ 'ਨਾਮ ਰਤਨ' ਹੋਇਆ ਕਰਦਾ ਹੈ ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਉਸਨੂੰ ਖੋਹਿਆ ਨਹੀਂ ਜਾ ਸਕਦਾ। ਇਸ ਨਾਮ ਉਪਰ ਕੋਈ ਜ਼ਗਾਤ ਨਹੀਂ ਲਗਦੀ, ਨਾ ਹੀ ਇਹ ਨਾਮ ਧਨ ਕੋਈ ਚੋਰੀ ਕਰ ਸਕਦਾ ਹੈ, ਨਾ ਹੀ ਅੱਗ ਵਿਚ ਜਲ ਸਕਦਾ ਹੈ, ਨਾ ਹੀ ਪਾਣੀ ਵਿਚ ਡੁੱਬ ਸਕਦਾ ਹੈ; ਇਹ ਜੀਅਰੇ ਵਿਚ ਵਸ ਜਾਇਆ ਕਰਦਾ ਹੈ। ਨਾਮ ਦੀ ਸੁਗੰਧੀ ਸਾਰੇ ਖੰਡਾਂ-ਬ੍ਰਹਿਮੰਡਾਂ ਵਿਚ ਫੈਲ ਜਾਂਦੀ ਹੈ ਅਤੇ ਹਰ ਥਾਂ ਦੇ ਉਤੇ ਨਾਮ ਦੇ ਵਪਾਰੀ ਦਾ ਆਦਰ ਹੋਇਆ ਕਰਦਾ ਹੈ -

*ਧੰਨਿ ਧੰਨਿ ਕਹੈ ਸਭੁ ਕੋਇ॥*
*ਮੁਖ ਊਜਲ ਹਰਿ ਦਰਗਹ ਸੋਇ॥*

*ਅੰਗ - ੨੯੩*

*ਹਰਿ ਧਨੁ ਰਤਨੁ ਜਵੇਹਰੁ ਮਾਣਕੁ*
*ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ*
*ਭਗਤਾ ਕਉ ਮਿਲੀ ਵਡਿਆਈ॥*
*ਹਰਿ ਧਨੁ ਨਿਰਭਉ ਸਦਾ ਸਦਾ*
*ਅਸਥਿਰੁ ਹੈ ਸਾਚਾ*
*ਇਹੁ ਹਰਿ ਧਨੁ ਅਗਨੀ ਤਸਕਰੈ*
*ਪਾਣੀਐ ਜਮਦੂਤੈ*
*ਕਿਸੈ ਕਾ ਗਵਾਇਆ ਨ ਜਾਈ॥*
*ਹਰਿ ਧਨ ਕਉ ਉਚਕਾ ਨੇੜਿ ਨ ਆਵਈ*
*ਜਮੁ ਜਾਗਾਤੀ ਡੰਡੁ ਨ ਲਗਾਈ॥*

*ਅੰਗ - ੭੩੪*

ਸੰਸਾਰੀ ਧਨ ਇਕੱਠਾ ਕਰਨ ਵਾਲਿਆਂ ਵਾਸਤੇ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਇਕ ਵਸਤ ਵੀ ਨਾਲ ਨਹੀਂ ਜਾਂਦੀ। ਉਥੇ ਜਾ ਕੇ ਇਸ ਧਨ ਵਿਚ ਜੀਵਨ ਗੁਜ਼ਾਰਨ ਵਾਲੇ ਪਛਤਾਉਂਦੇ ਹਨ, ਰੋਂਦੇ ਹਨ ਅਤੇ ਨਰਕਾਂ ਵਿਚ ਸੜਦੇ ਹਾਇ-ਹਾਇ ਕਰਦੇ ਹਨ ਕਿਉਂਕਿ ਸੰਸਾਰੀ ਧਨ, ਪਾਪਾਂ ਬਾਝੋਂ ਇਕੱਠਾ ਨਹੀਂ ਹੋਇਆ ਕਰਦਾ। ਇਸਨੂੰ ਇਕੱਠਾ ਕਰਨ ਵਾਸਤੇ ਬਹੁ ਪਰਪੰਚ ਕਰਨੇ ਪੈਂਦੇ ਹਨ -

*ਇਸੁ ਜਰ ਕਾਰਣਿ ਘਣੀ ਵਿਗੁਤੀ*
*ਇਨਿ ਜਰ ਘਣੀ ਖੁਆਈ॥*
*ਪਾਪਾ ਬਾਝਹੁ ਹੋਵੈ ਨਾਹੀ*
*ਮੁਇਆ ਸਾਥਿ ਨ ਜਾਈ॥ ਅੰਗ - ੪੧੭*

*ਸਾਕਤੀ ਪਾਪ ਕਰਿ ਕੈ ਬਿਖਿਆ ਧਨੁ ਸੰਚਿਆ*
*ਤਿਨਾ ਇਕ ਵਿਖ ਨਾਲਿ ਨ ਜਾਈ॥*
*ਹਲਤੈ ਵਿਚਿ ਸਾਕਤ ਦੁਹੇਲੇ ਭਏ*
*ਹਥਹੁ ਛੁੜਕਿ ਗਇਆ ਅਗੈ ਪਲਤਿ ਸਾਕਤੁ*
*ਹਰਿ ਦਰਗਹ ਢੋਈ ਨ ਪਾਈ॥ ਅੰਗ - ੭੩੪*

ਹਰੀ ਦੇ ਨਾਮ ਦਾ ਧਨ ਜੋ ਜੀਵ ਇਕੱਠਾ ਕਰਦਾ ਹੈ, ਇਸ ਦਾ ਜੋ ਸੱਚਾ ਸ਼ਾਹ ਹੈ, ਉਹ ਵਾਹਿਗੁਰੂ ਜੀ ਆਪ ਹੀ ਹਨ। ਇਹ ਸਾਰਾ ਜਗਤ ਨਾਮ ਦਾ ਵਣਜਾਰਾ ਬਣ ਕੇ ਆਇਆ ਹੋਇਆ ਹੈ-

*ਸਚੁ ਸਾਹੁ ਹਮਾਰਾ ਤੂੰ ਧਣੀ*
*ਸਭੁ ਜਗਤੁ ਵਣਜਾਰਾ ਰਾਮ ਰਾਜੇ॥*
*ਸਭ ਭਾਂਡੇ ਤੁਧੈ ਸਾਜਿਆ*
*ਵਿਚਿ ਵਸਤੁ ਹਰਿ ਥਾਰਾ॥*
*ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ*
*ਕਿਆ ਕੋਈ ਕਰੇ ਵੇਚਾਰਾ॥*
*ਜਨ ਨਾਨਕ ਕਉ ਹਰਿ ਬਖਸਿਆ*
*ਹਰਿ ਭਗਤਿ ਭੰਡਾਰਾ॥ ਅੰਗ- ੪੪੯*

*ਇਸੁ ਹਰਿ ਧਨ ਕਾ ਸਾਹੁ ਹਰਿ ਆਪਿ ਹੈ ਸੰਤਹੁ*
*ਜਿਸ ਨੋ ਦੇਇ ਸੁ ਹਰਿ ਧਨੁ ਲਦਿ ਚਲਾਈ॥*
*ਇਸੁ ਹਰਿ ਧਨੈ ਕਾ ਤੋਟਾ ਕਦੇ ਨ ਆਵਈ*
*ਜਨ ਨਾਨਕ ਕਉ ਗੁਰਿ ਸੋਝੀ ਪਾਈ॥*

*ਅੰਗ - ੭੩੪*

ਸੋ ਗੁਰੂ ਮਹਾਰਾਜ ਜੀ ਫੁਰਮਾਉਂਦੇ ਹਨ -

*ਮਾਣਕ ਮੋਤੀ ਨਾਮੁ ਪ੍ਰਭ*
*ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*

***ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥***
***ਅੰਗ - ੧੩੪***

ਜਿਨ੍ਹਾਂ ਨੇ ਗੁਰਮਤਿ ਅਨੁਸਾਰ ਘਾਲ ਕਮਾਈ ਕਰਕੇ ਨਾਮ ਧਨ ਪ੍ਰਾਪਤ ਕੀਤਾ ਹੈ, ਉਸ ਧਨ ਨੂੰ ਜਮ-ਜਗਾਤੀ ਕਿਸੇ ਪੱਜ ਨਾਲ ਵੀ ਖੋਹ ਨਹੀਂ ਸਕਦੇ। ਦੂਸਰਾ ਧਨ ਦੁਨੀਆਂ ਦਾ, ਉਸਨੂੰ ਚੋਰ ਲੁੱਟ ਲੈਂਦੇ ਹਨ। ਕੰਧ ਵਿਚ ਸੰਨ੍ਹ ਲਾ ਕੇ ਧਨ ਲੈ ਜਾਂਦੇ ਹਨ ਪਰ ਹੀਅਰੇ ਦੇ ਨਾਲ ਰਵਿਆ ਹੋਇਆ ਧਨ, ਪ੍ਰਾਣਾਂ ਵਿਚ ਵਸਿਆ ਹੋਇਆ ਨਾਮ, ਕੋਈ ਖੋਹ ਨਹੀਂ ਸਕਦਾ। ਉਸ ਦਾ ਫਲ ਦਸਦੇ ਹਨ -

***ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ***
***ਬਾਹੁੜਿ ਜਨਮਿ ਨ ਆਵਾ॥ ਅੰਗ - ੭੯੫***

ਵਾਹਿਗੁਰੂ ਜੀ ਮਹਾਨ ਅਨੰਦ ਦੇ ਸੋਮੇ ਹਨ। ਕੋਈ ਐਸੀ ਚੀਜ਼ ਨਹੀਂ, ਜੋ ਵਾਹਿਗੁਰੂ ਜੀ ਪਾਸ ਨਹੀਂ ਹੈ -

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥***
***ਘਰਿ ਤ ਤੇਰੈ ਸਭੁ ਕਿਛੁ ਹੈ***
***ਜਿਸੁ ਦੇਹਿ ਸੁ ਪਾਵਏ॥ ਅੰਗ - ੯੧੭***

ਇਹ ਖੁਸ਼ੀਆਂ, ਅਨੰਦ, ਜਿਨ੍ਹਾਂ ਨੇ ਵਾਹਿਗੁਰੂ ਜੀ ਦਾ ਪੱਲਾ ਫੜਿਆ ਹੈ, ਉਹਦੇ ਤਨੋ-ਮਨੋ ਹੋ ਕੇ ਲੜ ਲਗ ਗਏ ਹਨ ਅਤੇ ਉਸਦੀ ਰਜ਼ਾ ਨਾਲ ਇਕ ਸੁਰ ਹੋ ਕੇ, ਇਕ ਰਸ ਬਿਰਤੀ ਵਿਚ ਰਹਿ ਕੇ ਪਿਆਰ ਦੇ ਮੰਡਲ ਦਾ ਅਨੰਦ ਮਾਣਦੇ ਹਨ; ਉਨ੍ਹਾਂ ਨੂੰ ਸਭ ਦਾਤਾਂ ਮਿਲਦੀਆਂ ਹਨ -

***ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥***
***ਅੰਗ - ੧੩੪***

ਵਾਹਿਗੁਰੂ ਜੀ ਜੋ ਚਾਹੁੰਦੇ ਹਨ, ਓਹੀ ਕਰਦੇ ਹਨ। ਉਹ ਕਿਸੇ ਤੋਂ ਮਤਾ ਮਸੂਰਤ ਨਹੀਂ ਪੁਛਦੇ, ਦਾਤਾਂ ਦੇਣ ਲਗਿਆਂ ਕਿਸੇ ਦੀ ਸਲਾਹ ਨਹੀਂ ਲੈਂਦੇ। ਉਹ ਭੋਲਾ ਦਾਤਾ, ਜੋ ਵੀ ਉਸ ਤੋਂ ਕੁਝ ਮੰਗਦਾ ਹੈ, ਉਹ ਦਿੰਦਾ ਹੀ ਰਹਿੰਦਾ ਹੈ।

***ਦੇਦਾ ਦੇ ਲੈਦੇ ਥਕਿ ਪਾਹਿ॥***
***ਜੁਗਾ ਜੁਗੰਤਰਿ ਖਾਹੀ ਖਾਹਿ॥ ਅੰਗ - ੨***

ਪਰ ਜੀਵ ਦਾ ਐਸਾ ਸੁਭਾਅ ਹੈ ਕਿ ਇਸ ਦੀ ਦੇਹ-ਦੇਹ - ਹੋਰ ਦੇਹ - ਹੋਰ ਦੇਹ - ਹੋਰ ਦੇਹ; ਇਹ ਸਾਰੀ ਜ਼ਿੰਦਗੀ ਨਹੀਂ ਮੁਕਦੀ। ਦਿਤੀਆਂ ਹੋਈਆਂ ਚੀਜ਼ਾਂ ਵਿਚ ਇਸ ਦਾ ਚਿਤ ਲਗਦਾ ਹੈ, ਪ੍ਰਭੂ ਨੂੰ ਹਰ ਛਿਨ ਭੁਲਦਾ ਇਹ ਮਤਲਬੀ ਜੀਵ, ਦਿਤੀਆਂ ਦਾਤਾਂ ਵਿਚ ਹੀ ਮਸਤ ਰਹਿੰਦਾ ਹੈ, ਪਰ ਫੇਰ ਵੀ ਉਹ ਦੇਈ ਜਾਂਦਾ ਹੈ -

***ਆਖਹਿ ਮੰਗਹਿ ਦੇਹਿ ਦੇਹਿ***
***ਦਾਤਿ ਕਰੇ ਦਾਤਾਰੁ॥ ਅੰਗ - ੨***

ਜਿਨ੍ਹਾਂ ਦਾ ਅੰਤਰ ਆਤਮੇ ਵਾਹਿਗੁਰੂ ਜੀ ਨਾਲ ਅਟੁੱਟ ਪਿਆਰ ਹੈ, ਉਹ ਰਜ਼ਾ ਵਿਚ ਰਹਿ ਕੇ ਓਹੀ ਕੁਝ ਕਰਦਾ ਹੈ ਜੋ ਵਾਹਿਗੁਰੂ ਜੀ ਨੂੰ ਭਾਉਂਦਾ ਹੈ। ਇਸ ਲਈ ਐਸੇ ਵਡਭਾਗੇ, ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਆਪਣਾ ਬਣਾ ਲਿਆ ਹੈ, ਉਨ੍ਹਾਂ ਦਾ ਸੰਸਾਰ ਵਿਚ ਆਉਣਾ ਧੰਨ ਹੈ, ਉਨ੍ਹਾਂ ਨੂੰ ਸਾਰਾ ਸੰਸਾਰ ਧੰਨ-ਧੰਨ ਆਖਦਾ ਹੈ, ਦਰਗਾਹ ਵਿਚ ਵੀ ਉਨ੍ਹਾਂ ਦਾ ਆਦਰ ਹੁੰਦਾ ਹੈ -

***ਰੇ ਰੇ ਦਰਗਹ ਕਹੈ ਨਾ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥ ਅੰਗ - ੨੫੨***

ਇਨ੍ਹਾਂ ਮਹਾਂਵਾਕਾਂ ਵਿਚ ਗੁਰੂ ਮਹਾਰਾਜ ਜੀ ਨੇ ਫੁਰਮਾਨ ਕੀਤਾ ਹੈ ਕਿ ਜਿਹੜੇ ਪ੍ਰਭੂ ਨਾਲ ਪਿਆਰ ਨਹੀਂ ਕਰਦੇ, ਉਹ ਆਪਣੀ ਹਉਮੈ ਦੇ ਵਸ ਹੋਏ ਦਾਤਾਂ ਪ੍ਰਾਪਤ ਕਰਨ ਦੀ ਲੋਚਾ ਰਖਦੇ ਹਨ। ਪ੍ਰਮੇਸ਼ਰ ਨਾਲ ਮਿਲਣ ਦੀ ਲੋਚਾ ਨਹੀਂ ਰਖਦੇ ਪਰ ਉਨ੍ਹਾਂ ਨੂੰ ਇਹ ਭੁੱਲ ਜਾਂਦਾ ਹੈ ਕਿ ਪ੍ਰਭੂ ਨੇ ਆਪਣੇ ਦਰ ਦਾ ਦਰਵਾਜ਼ਾ ਬੰਦ ਕਰਕੇ ਕੁੰਜੀ ਮਹਾਂਪੁਰਖਾਂ ਨੂੰ ਸੌਂਪੀ ਹੋਈ ਹੈ। ਜਦੋਂ ਤਕ ਮਹਾਂਪੁਰਖਾਂ ਦੀ ਸ਼ਰਨ ਵਿਚ ਨਹੀਂ ਆਉਂਦਾ ਅਤੇ ਆਪਣਾ ਤਨ ਮਨ ਧਨ ਨਹੀਂ ਸੌਂਪ ਦਿੰਦਾ, ਓਨਾਂ ਚਿਰ ਉਸਨੂੰ ਪ੍ਰਭੂ ਦੇ ਦੁਆਰੇ ਦੀ ਕੁੰਜੀ ਦੀ ਪ੍ਰਾਪਤੀ ਨਹੀਂ ਹੁੰਦੀ। ਫੁਰਮਾਨ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ***
***ਕੁੰਜੀ ਗੁਰ ਸਉਪਾਈ॥***
***ਅਨਿਕ ਉਪਾਵ ਕਰੇ ਨਹੀ ਪਾਵੈ***
***ਬਿਨੁ ਸਤਿਗੁਰ ਸਰਣਾਈ॥ ਅੰਗ - ੨੦੫***

***ਬਿਨੁ ਸਬਦੈ ਅੰਤਰਿ ਆਨੇਰਾ॥***
***ਨ ਵਸਤੁ ਲਹੈ ਨ ਚੂਕੈ ਫੇਰਾ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ॥***
***ਅੰਗ - ੧੨੪***

ਗੁਰਮਤਿ ਵਿਚ ਇਹ ਸਪਸ਼ਟ ਕਰਕੇ ਦੱਸਿਆ ਗਿਆ ਹੈ ਕਿ ਸਤਿਗੁਰੂ ਤੋਂ ਬਗੈਰ ਨਾਮ ਪ੍ਰਾਪਤ ਨਹੀਂ ਹੋ ਸਕਦਾ। ਸਤਿਗੁਰੂ ਦਾ ਮਿਲਾਪ ਪੂਰਬਲੇ ਕਰਮਾਂ ਤੋਂ ਬਿਨਾਂ ਨਹੀਂ ਹੋ ਸਕਦਾ। ਧੁਰ ਦਰਗਾਹ ਤੋਂ ਮਸਤਕ ਵਿਚ ਲੇਖ ਲਿਖੇ ਜਾਂਦੇ ਹਨ ਜਿਨ੍ਹਾਂ ਕਰਕੇ ਪੂਰਾ ਸਤਿਗੁਰੂ ਮਿਲਦਾ ਹੈ। ਜੇ ਮਿਲ ਜਾਵੇ ਤਾਂ ਨਾਮ ਪ੍ਰਾਪਤ ਹੁੰਦਾ ਹੈ -

***ਬਿਨੁ ਸਤਿਗੁਰ ਨਾਉ ਨ ਪਾਈਐ***
***ਬੁਝਹੁ ਕਰਿ ਵੀਚਾਰੁ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ***
***ਸੁਖੁ ਪਾਏ ਜੁਗ ਚਾਰਿ॥ ਅੰਗ - ੬੪੯***

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***

(ਪੰਨਾ 6 ਦੀ ਬਾਕੀ)

*ਮਿਟਿਓ ਅੰਧੇਰੁ ਮਿਲਤ ਹਰਿ ਨਾਨਕ*
*ਜਨਮ ਜਨਮ ਕੀ ਸੋਈ ਜਾਗੀ॥*
*ਅੰਗ - ੨੦੪*

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ॥*
*ਅੰਗ - ੪੫੦*

ਸੋ ਇਸ ਕਰਕੇ ਆਪਣੇ ਆਪ ਜੋ ਪ੍ਰਭੂ ਦੀ ਪ੍ਰਾਪਤੀ ਕਰਨਾ ਚਾਹੁੰਦਾ ਹੈ, ਨਹੀਂ ਹੋ ਸਕਿਆ ਕਰਦੀ ਅਤੇ ਵਿਛੋੜੇ ਵਿਚ ਰੋਣਾ ਹੀ ਪੱਲੇ ਪੈਂਦਾ ਹੈ -

*ਆਪਣ ਲੀਆ ਜੇ ਮਿਲੈ*
*ਵਿਛੁੜਿ ਕਿਉ ਰੋਵੰਨਿ॥ ਅੰਗ - ੧੩੪*

ਜਦੋਂ ਤਕ ਸਾਧੂ ਦੀ ਸੰਗਤ ਪ੍ਰਾਪਤ ਨਹੀਂ ਹੁੰਦੀ, ਉਸ ਸਮੇਂ ਤਕ ਇਹ ਨਿਗੁਰਾ ਪੁਰਸ਼ ਕਿਸੇ ਕਿਨਾਰੇ ਨਹੀਂ ਪੁਜ ਸਕਿਆ ਕਰਦਾ। ਸਾਧੂ ਦੀ ਸੰਗਤ ਮਿਲਣ ਤੇ ਹੀ ਪਿਆਰ ਦੇ ਮੰਡਲ ਵਿਚ ਪਹੁੰਚ ਸਕਿਆ ਕਰਦਾ ਹੈ ਅਤੇ ਪਿਆਰ ਦਾ ਅਨੰਦ ਮਾਣ ਸਕਦਾ ਹੈ। ਜਿਸ ਦੇ ਮੱਥੇ ਤੇ ਭਾਗ ਲਿਖਿਆ ਹੋਵੇ, ਉਸਨੂੰ ਹਰੀ ਰੂਪ ਅਨੰਦਦਾਇਕ ਮਾਲਕ ਪ੍ਰਾਪਤ ਹੁੰਦਾ ਹੈ। ਉਸਨੂੰ ਇਹ ਜੇਠ ਦਾ ਮਹੀਨਾ ਭਾਵੇਂ ਕੜਕਦੀ ਧੁੱਪ, ਗਰਮ ਲੂਹ ਕਰਕੇ ਅਤਿ ਦੁਖੀ ਕਰਦਾ ਹੈ, ਪਰ ਅਨੰਦਦਾਇਕ ਹੁੰਦਾ ਹੈ। ਇਸ ਲਈ ਅਸੀਂ ਗੁਰੂ ਮਹਾਰਾਜ ਜੀ ਦੇ ਦੱਸੇ ਹੋਏ ਮਾਰਗ ਤੇ ਚੱਲ ਕੇ ਆਪਣੇ ਮਾਨਸ ਜਨਮ ਰੂਪੀ ਜੇਠ ਮਹੀਨੇ ਦੀਆਂ ਤਪਸ਼ਾਂ ਤੋਂ ਬਚ ਕੇ ਪ੍ਰਮ ਸ਼ਾਂਤ ਦਾ ਅਨੰਦ, ਸਾਧੂਆਂ ਦੀ ਸੰਗਤ ਪ੍ਰਾਪਤ ਕਰਕੇ, ਗੁਰੂ ਰਜ਼ਾ ਵਿਚ ਰਹਿ ਕੇ ਅਨੰਦ ਮਾਣੀਏ।

ਪ੍ਰੇਮ ਰੰਗੀ ਵਿਸਮਾਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਹਨਾਂ ਤੇ ਬਖਸ਼ਿਸ਼ ਹੋਈ ਹੁੰਦੀ ਹੈ -

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥*
*ਅੰਗ- ੧੩੫*

ਉਹਨਾਂ ਦੀ ਅਵਸਥਾ ਹੁੰਦੀ ਹੈ -

*ਆਪੁ ਗਵਾਇਆ ਤਾ ਪਿਰੁ ਪਾਇਆ*
*ਗੁਰ ਕੈ ਸਬਦਿ ਸਮਾਇਆ ॥ ਅੰਗ- ੫੬੭*

ਐਸੇ ਗੁਰੂ ਦੇ ਸ਼ਬਦ ਵਿਚ ਸਮਾਈ ਹੋ ਜਾਂਦੀ ਹੈ ਜਿਸ ਨਾਲ ਸਦਾ ਦਾ ਅਮਰ ਜੀਵਨ ਮਿਲ ਜਾਂਦਾ ਹੈ। ਪ੍ਰੇਮ ਰੂਪੀ ਆਤਮ ਮਾਰਗੀ ਪੈਂਡਿਆਂ ਤੇ ਚੱਲ ਕੇ ਪ੍ਰੇਮ ਦੇ ਸੋਮੇ ਵਿਚ ਅਭੇਦ ਹੋ ਜਾਂਦੇ ਹਨ। ਇਹੀ 'ਆਤਮ ਮਾਰਗ' ਮੈਗਜ਼ੀਨ ਦਾ ਲਕਸ਼ ਹੈ, ਧੇਅ ਹੈ ਜੋ ਕਿ ਮੈਗਜ਼ੀਨ ਦੇ ਟਾਇਟਲ ਪੇਜ਼ 'ਤੇ ਮੋਟੇ ਸ਼ਬਦਾਂ ਵਿਚ ਅੰਕਿਤ ਪਿਛਲੇ 28 ਸਾਲਾਂ ਤੋਂ ਲਗਾਤਾਰ ਛਪਿਆ ਆ ਰਿਹਾ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਮਿਲ ਜਾਵੇ ਇਹ ਰਸਤਾ ਸਭ ਨੂੰ। ਹੋ ਜਾਵੇ ਮਾਨਵਤਾ ਸਰਸ਼ਾਰ ਪ੍ਰੇਮ ਰੂਪੀ ਤਰੰਗਾਂ ਨਾਲ। ਨਾ ਦਿਸੇ ਕੋਈ ਬੇਗਾਨਾ, ਵੈਰੀ, ਪਰਾਇਆ। ਬਣ ਜਾਵੇ, ਬੇਗਮਪੁਰਾ ਸਾਰੀ ਮਾਨਵਤਾ ਦਾ।

*ਸਭੇ ਸਾਝੀਵਾਲ ਸਦਾਇਨਿ*
*ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ ਅੰਗ- ੯੭*

ਇਹ ਦੈਵੀ ਨਾਦ ਗੂੰਜੇ, ਸਾਰੀ ਮਾਨਵਤਾ ਵਿਚ। ਇਹੀ ਅਰਦਾਸ ਕਰਦਾ ਖਿਮਾ ਦਾ ਜਾਚਕ ਹਾਂ-

*ਭਾਈ (ਡਾ.) ਸੁਖਵਿੰਦਰ ਸਿੰਘ*

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-19)*

ਧਨ ਵਾਸ਼ਨਾ ਦਾ ਇਕ ਖਤਰਨਾਕ ਸਾਥੀ ਜੋ ਵੱਡਿਆਂ-ਵੱਡਿਆਂ ਦੀ ਬੁੱਧੀ ਭ੍ਰਿਸ਼ਟ ਕਰਨ ਦੀ ਸਮਰੱਥਾ ਰਖਦਾ ਹੈ ਉਹ ਲਭ ਹੈ। ਲਭ ਪਦਾਰਥ ਨੂੰ ਲੋੜ ਤੋਂ ਵਧ ਇਕੱਠਾ ਕਰਕੇ ਰੱਖਣ ਵਾਲੀ ਬਿਰਤੀ ਨੂੰ ਆਖਿਆ ਜਾਂਦਾ ਹੈ। ਇਸ ਵਿਚ ਆਮ ਤੌਰ ਤੇ ਬਹੁਤ ਪ੍ਰਾਣੀ ਗ੍ਰਸਤ ਹਨ ਅਤੇ ਇਹ ਲਭ ਦੀ ਸ਼ਕਤੀ ਮਾਨਸਿਕ ਬਿਰਤੀ ਨੂੰ ਆਪਣੇ ਵਿਚ ਹੀ ਸਮੋਅ ਲੈਂਦੀ ਹੈ ਅਤੇ ਇਸ ਨੂੰ ਸਾਧਾਰਣ ਬੋਲੀ ਵਿਚ ਨੜ੍ਹਿਨਵਿਆਂ ਦੇ ਫੇਰ ਵੀ ਆਖਦੇ ਹਨ। ਇਸ ਗੱਲ ਨੂੰ ਸਮਝਣ ਲਈ ਇਕ ਲੋਕ ਕਥਾ ਹੈ ਕਿ ਇਕ ਬਹੁਤ ਹੀ ਸੋਹਣੇ ਮਹੱਲ ਦੇ ਵਿਚ ਅਮੀਰ ਜੋੜਾ ਨਿਵਾਸ ਰਖਦਾ ਸੀ, ਉਸ ਮਰਦ ਦਾ ਸਰੀਰ ਅਤਿ ਸੁੰਦਰ ਸੀ। ਵੇਖਣ ਵਾਲਾ ਖਿੱਚ ਖਾ ਜਾਂਦਾ ਸੀ। ਉਸ ਤੋਂ ਵੀ ਵੱਧ ਉਸ ਦੀ ਪਤਨੀ ਵਿਚ ਕਸ਼ਿਸ਼ ਸੀ। ਪਰ ਉਨ੍ਹਾਂ ਦੇ ਚਮਕਦੇ ਨੇਤਰ ਖਿੱਚ ਦੀ ਥਾਂ ਬੇਚਾਰਗੀ ਦੇ ਭਾਵ ਪ੍ਰਗਟ ਕਰਦੇ ਸਨ। ਉਨ੍ਹਾਂ ਦੇ ਮਹੱਲ ਵਿਚ ਛਣਛਣਾਉਂਦੇ ਹਾਸੇ ਕਦੇ ਵੀ ਨਹੀਂ ਸੁਣੇ ਗਏ ਸਨ। ਜੇ ਸੁਣਦਾ ਸੀ ਤਾਂ ਕਦੇ ਕਦਾਈ ਨਿਕਲਿਆ ਲੰਮਾ ਹਉਕਾ ਹੀ ਹੁੰਦਾ ਸੀ। ਇਕ ਦਿਨ ਦੋਹਾਂ ਨੇ ਵਿਚਾਰ ਕੀਤੀ ਕਿ ਦੇਖੋ! ਆਪਾਂ ਨੂੰ ਪ੍ਰਮੇਸ਼ਰ ਨੇ ਕਿੰਨੀਆਂ ਦਾਤਾਂ ਦਿਤੀਆਂ ਹਨ, ਸੁੰਦਰ ਤੇ ਸੁਸ਼ੀਲ ਓਲਾਦ ਹੈ, ਸਿਹਤ ਬਹੁਤ ਅੱਛੀ ਹੈ, ਪੈਸੇ ਦਾ ਕੋਈ ਤੋਟਾ ਹੈ ਹੀ ਨਹੀਂ ਪਰ ਫੇਰ ਵੀ ਕੀ ਹੈ ਕਿ ਸਾਡੇ ਅੰਦਰ ਕਦੇ ਵੀ ਖੇੜਾ ਨਹੀਂ ਆਉਂਦਾ। ਲੰਮੇ ਹਉਕੇ ਨਿਕਲਦੇ ਹਨ। ਨਾਲ ਹੀ ਇਹ ਗੱਲ ਵੀ ਕਹੀ ਕਿ ਆਪਣੀ ਕੰਧ ਦੇ ਨਾਲ ਝੌਂਪੜੀ ਪਾ ਕੇ ਇਕ ਮੋਚੀ ਤੇ ਉਸਦੀ ਪਤਨੀ ਰਹਿੰਦੇ ਹਨ ਜਿਨ੍ਹਾਂ ਦੇ ਛਣ-ਛਣਾਉਂਦੇ ਹਾਸਿਆਂ ਦੀ ਗੂੰਜ ਬਹੁਤ ਦੂਰ ਤਕ, ਸੁਣੀ ਜਾਂਦੀ ਹੈ ਅਤੇ ਸੁਣਨ ਵਾਲੇ ਦੀ ਮਾਨਸਿਕ ਅਵਸਥਾ ਨੂੰ ਅਫਸੋਸ ਵਿਚੋਂ ਕੱਢਦੀ ਹੈ। ਇਨ੍ਹਾਂ ਦੇ ਪਾਸ ਖਾਣ ਵਾਸਤੇ ਬਹੁਤ ਚੀਜ਼ਾਂ ਜਮ੍ਹਾਂ ਨਹੀਂ ਹਨ, ਰੋਜ਼ ਦੀ ਰੋਜ਼ ਜੋੜੇ ਗੰਢਦੇ ਹਨ ਅਤੇ ਖਾ ਪੀ ਕੇ ਮੌਜਾਂ ਕਰਦੇ ਹਨ, ਪਹਿਨਣ ਨੂੰ, ਸਰੀਰ ਢੱਕਣ ਲਈ ਕਪੜਾ ਹੈ, ਰਾਤ ਨੂੰ ਸੌਣ ਲਈ ਝੌਂਪੜੀ ਹੈ। ਫੇਰ ਹਾਸੇ ਦਾ ਕਾਰਨ ਕੀ ਹੈ? ਇਨ੍ਹਾਂ ਦੇ ਜੀਵਨ ਵਿਚ ਐਨੀਆਂ ਖੁਸ਼ੀਆਂ ਕਿਉਂ ਹਨ? ਉਸ ਦੇ ਪਤੀ ਨੇ ਕਿਹਾ ਕਿ ਅਸਾਨੂੰ ਇਕ ਰੋਗ ਲੱਗਿਆ ਹੋਇਆ ਹੈ ਜਿਸ ਨੂੰ ਲਭ ਕਿਹਾ ਜਾਂਦਾ ਹੈ। ਆਪਣੇ ਕੋਲ ਖਾਣ ਵਾਸਤੇ ਐਨਾ ਜ਼ਿਆਦਾ ਹੈ ਕਿ ਸੈਂਕੜੇ ਬੰਦਿਆਂ ਨੂੰ ਖਿਲਾਇਆਂ ਵੀ ਤੋਟਾ ਨਹੀਂ ਆ ਸਕਦਾ, ਕੱਪੜੇ ਐਨੇ ਵਾਧੂ ਹਨ ਕਿ ਸਾਲਾਂ ਬੱਧੀ ਇਸ ਕੱਪੜੇ ਦੇ ਪਹਿਨਣ ਦੀ ਵਾਰੀ ਨਹੀਂ ਆ ਸਕਦੀ, ਧਨ ਐਨਾ ਜ਼ਿਆਦਾ ਹੈ ਕਿ ਖਤਮ ਨਹੀਂ ਹੁੰਦਾ ਪਰ ਆਪਣੇ ਅੰਦਰ ਇਕ ਲਾਲਸਾ ਲੱਗੀ ਹੋਈ ਹੈ ਕਿ ਇਹ ਧਨ ਕਰੋੜ ਤੋਂ ਵੱਧ ਕੇ 20 ਕਰੋੜ, ਪੰਜਾਹ ਕਰੋੜ, ਇਕ ਅਰਬ ਹੋ ਜਾਵੇ, ਪਦਾਰਥਾਂ ਨੂੰ ਬੇਲੋੜੇ ਜਮ੍ਹਾਂ ਕਰੀ ਜਾਣਾ ਲਭ ਕਹਾਉਂਦਾ ਹੈ। ਹੋਰ-ਹੋਰ ਮੰਗੀ ਜਾਣਾ ਤ੍ਰਿਸ਼ਨਾ ਕਹਾਉਂਦੀ ਹੈ। ਤ੍ਰਿਸ਼ਨਾ ਦੀ ਅੱਗ ਆਦਮੀ ਦੇ ਅੰਦਰੋਂ ਖੇੜੇ ਦੇਣ ਵਾਲੀਆਂ ਪੱਤੀਆਂ ਦੇ ਕਮਲ ਨੂੰ ਜਲਾ ਦਿੰਦੀ ਹੈ। ਜੋ ਅੰਮ੍ਰਿਤ ਆਦਮੀ ਦੇ ਅੰਦਰੋਂ ਝਰਦਾ ਹੈ ਉਹ ਅਜਾਈਂ ਜਾਂਦਾ ਹੈ ਕਿਉਂਕਿ ਹਿਰਦੇ ਕਮਲ ਵਾਸ਼ਨਾ ਦੇ ਅਧੀਨ ਹੋਇਆ ਹੋਇਆ ਉਲਟਾ ਹੋ ਚੁਕਿਆ ਹੈ, ਇਸ ਵਿਚ ਅੰਮ੍ਰਿਤ ਭਰਿਆ ਨਹੀਂ ਜਾ ਸਕਦਾ, ਮੂਧੇ ਬਰਤਨ ਨੂੰ ਚਾਹੇ ਤੁਸੀਂ ਪਾਣੀ ਦੀ ਟੇਪ ਹੇਠਾਂ ਸੈਂਕੜੇ ਸਾਲ ਰੱਖੀ ਰੱਖੋ, ਇਕ ਕਤਰਾ ਵੀ ਅੰਦਰ ਨਹੀਂ ਜਾਂਦਾ। ਇਹ ਪਾਣੀ ਦੀ ਟੇਪ ਦਾ ਕਸੂਰ ਨਹੀਂ, ਬਰਤਨ ਦਾ ਕਸੂਰ ਹੈ ਕਿਉਂਕਿ ਉਹ ਭਾਂਡਾ ਊਂਧਾ ਹੈ, ਊਂਧੇ ਭਾਂਡੇ ਵਿਚ ਅੰਮ੍ਰਿਤ ਕਿਵੇਂ ਸਮਾਵੇ, ਉਲਟੇ ਅੰਮ੍ਰਿਤ ਦੇ ਮੁਰਝਾਏ ਕਮਲ ਵਿਚ ਅੰਮ੍ਰਿਤ ਦੀ ਸਵਾਂਤੀ ਬੂੰਦ ਕਿਵੇਂ ਸਮਾਵੇ? ਸੋ ਇਹ ਲਭ ਅਤੇ ਤ੍ਰਿਸ਼ਨਾ ਦਾ ਕੁਦਰਤੀ ਸੁਭਾਅ ਹੈ।

ਉਸ ਨੇ ਕਿਹਾ, ਇਹ ਜੋ ਮੋਚੀ ਹੈ, ਇਹ ਨੜ੍ਹਿਨਵੇਂ ਦੇ ਫੇਰ ਵਿਚ ਨਹੀਂ ਪਿਆ ਹੈ। ਇਸ ਕੋਲ ਥੋੜ੍ਹਾ ਬਹੁਤ ਪੈਸਾ ਹੋਣਾ ਹੈ ਉਸ ਵਲ ਧਿਆਨ ਹੀ ਨਹੀਂ ਦਿੰਦਾ। ਆਈ ਚਲਾਈ ਇਸ ਦੀ ਚੱਲੀ ਜਾਂਦੀ ਹੈ ਕਿਉਂਕਿ ਹਰ ਆਦਮੀ ਨੂੰ ਤਿੰਨ ਚੀਜ਼ਾਂ ਦੀ ਅਵਸ਼ਕਤਾ ਹੁੰਦੀ ਹੈ, ਜਿਸ ਨੂੰ ਕੁੱਲੀ, ਜੁੱਲੀ, ਗੁੱਲੀ ਆਖਿਆ ਜਾਂਦਾ ਹੈ। ਆਪਣੀ ਪਤਨੀ ਨੂੰ ਕਹਿਣ ਲੱਗਿਆ ਕਿ ਜੇ ਤੂੰ ਦੇਖਣਾ ਚਾਹੁੰਦੀ ਹੀ ਹੈ ਤਾਂ ਮੈਂ ਤੈਨੂੰ ਥੋੜ੍ਹੇ ਦਿਨਾਂ ਵਿਚ ਹੀ ਦਿਖਾ ਦੇਵਾਂਗਾ ਕਿ ਇਸ ਮੋਚੀ ਦੀ ਹਾਲਤ ਵੀ ਸਾਡੇ ਵਰਗੀ ਹੋ ਜਾਵੇਗੀ ਅਤੇ ਇਨ੍ਹਾਂ ਦੇ ਹਾਸੇ ਖਤਮ ਹੋ ਜਾਣਗੇ। ਉਸ ਨੇ ਇਕ ਦਿਨ ਅਛੋਪਲੇ ਹੀ ਉਸ ਦੀ ਗੱਦੀ ਉਪਰ ਇਕ ਰੁਪਿਆ ਰੱਖ ਦਿਤਾ। ਉਸ ਮੋਚੀ ਕੋਲ ਆਨਾ ਤੇ ਦੁਆਨੀਆਂ ਜੋੜ ਕੇ ਬਹੁਤ ਸਾਲਾਂ ਵਿਚ 98 ਰੁਪਏ ਹੋ ਚੁੱਕੇ ਸਨ, ਇਸ ਇਕ ਰੁਪਈਏ ਦੇ ਆਉਣ ਨਾਲ ਉਸ ਦੇ ਪਾਸ 99 ਰੁਪਏ ਹੋ ਗਏ। ਹੁਣ ਉਹ ਇਸ ਧੁਨ ਵਿਚ ਸਵਾਰ ਹੋ ਗਿਆ ਕਿ ਮੇਰੇ ਪਾਸ ਸੌ ਰੁਪਿਆ ਹੋਣਾ ਚਾਹੀਦਾ ਹੈ। ਇਸੇ ਦੌਰਾਨ ਇਕ ਅੱਧਾ ਬੱਚਾ ਹੋ ਗਿਆ, ਉਸ ਦਾ ਖਰਚ ਵੱਧ ਗਿਆ, ਇਸ ਦੇ ਲੱਖ ਜਤਨ ਕਰਨ ਤੇ ਵੀ ਇਕ ਪੈਸਾ ਵੀ ਨਹੀਂ ਸੀ ਇਸ ਨੂੰ ਬਚਦਾ ਪਰ ਇਸ ਦੇ ਅੰਦਰ ਸਮਾਇਆ ਹੋਇਆ ਸੀ ਕਿ ਮੈਂ ਇਕ

ਰੁਪਿਆ ਹੋਰ ਪਾ ਕੇ ਸੌ ਰੁਪਿਆ ਕਰਨਾ ਹੈ। ਸਮੇਂ ਲੰਘ ਗਏ ਹੁਣ ਉਸ ਝੌਂਪੜੀ ਵਿਚ ਛਣ-ਛਣਾਂਦੇ ਹਾਸਿਆਂ ਦੀ ਗੂੰਜ ਨਹੀਂ ਸੁਣਦੀ। ਹੁਣ ਦੋਵੇਂ ਚੁੱਪ ਹਨੈ। ਅੰਦਰ ਲਭ ਨੇ ਕਬਜ਼ਾ ਕਰ ਲਿਆ ਅਤੇ ਇਕੋ ਧੁਨ ਲਗ ਗਈ ਕਿ ਅਸਾਡੇ ਪਾਸ ਸੌ ਰੁਪਿਆ ਕਿਵੇਂ ਹੋਵੇ, ਪਰ ਸੌ ਰੁਪਿਆ ਨਾ ਹੀ ਹੋਇਆ। ਇਹ ਇਕ ਪ੍ਰਚਲਤ ਲਭ ਦੀ ਕਥਾ ਹੈ ਜੋ ਅਸਾਡੇ ਸਾਰਿਆਂ ਦੇ ਉਤੇ ਬੀਤ ਰਹੀ ਹੈ। ਕੀ ਅਮੀਰ, ਕੀ ਗਰੀਬ, ਸਭ ਧਨ ਜੋੜਨ ਦੇ ਨਿਕੰਮੇ ਕੰਮ ਵਿਚ ਫਸੇ ਪਏ ਹਨ ਅਤੇ ਖੁਸ਼ੀ ਨੂੰ ਉਸ ਉਪਰੋਂ ਕੁਰਬਾਨ ਕਰ ਰਹੇ ਹਨ। ਲਭ ਵਾਸ਼ਨਾ ਦਾ ਹੀ ਹਿੱਸਾ ਹੈ -

***ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ॥***

***ਅੰਗ - ੯੬੭***

ਧਨ ਜੋੜਨ ਦੀ ਵਾਸ਼ਨਾ ਬਹੁਤ ਪ੍ਰਬਲ ਹੈ। ਆਦਮੀ ਦੀ ਸੁਰਤ ਹੋਰ-ਹੋਰ ਧਨ ਜੋੜਨ ਵਿਚ ਲੱਗੀ ਰਹਿੰਦੀ ਹੈ। ਸੰਸਾਰ ਤੋਂ ਜਾਣ ਸਮੇਂ ਬਿਰਤੀ ਧਨ ਵਿਚ ਹੀ ਘੁੰਮੇਗੀ ਅਤੇ ਮਰਨ ਪਿਛੋਂ ਉਸ ਨੂੰ ਸੱਪ ਦੀ ਜੂਨੀ ਅਵੱਸ਼ ਮਿਲੇਗੀ। ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਹਨ -

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***

***ਅੰਗ - ੫੨੬***

ਸੱਪ ਬਣ ਕੇ ਹਾਲਤ ਕਿਹੋ ਜਿਹੀ ਹੁੰਦੀ ਹੈ।

ਬਾਬਾ ਸਾਹਿਬ ਸਿੰਘ ਜੀ ਮਹਾਰਾਜ ਦੇ ਜੀਵਨ ਵਿਚ ਇਕ ਘਟਨਾ ਆਉਂਦੀ ਹੈ। ਉਨ੍ਹਾਂ ਦਾ ਦੀਵਾਨ ਅੰਮ੍ਰਿਤਸਰ ਸਾਹਿਬ ਪ੍ਰਕਰਮਾ ਵਿਚ ਲੱਗਿਆ ਹੋਇਆ ਸੀ ਤਾਂ ਇਕ ਨਾਗ ਫਣ ਲਹਿਰਾਉਂਦਾ ਬਾਬਾ ਜੀ ਵਲ ਨੂੰ ਵਧ ਰਿਹਾ ਸੀ। ਸਾਮ੍ਹਣੇ ਖੜ੍ਹਾ ਹੋ ਕੇ ਫੰਕਾਰੇ ਮਾਰਨ ਲੱਗ ਪਿਆ। ਬਾਬਾ ਜੀ ਨੇ ਕਿਹਾ ਕਿ ਭਾਈ! ਅੰਮ੍ਰਿਤ ਜਲ ਦਾ ਗੜਵਾ ਇਸ ਉਪਰ ਪਾ ਦੇਵੋ।

ਇਕ ਗੜ੍ਹਵਾ ਸਰੋਵਰ ਵਿਚੋਂ ਭਰ ਕੇ ਲਿਆਂਦਾ ਗਿਆ ਅਤੇ ਉਸ ਸੱਪ ਉਪਰ ਛਿੱਟੇ ਮਾਰ ਦਿਤੇ ਗਏ। ਗੁਰਬਾਣੀ ਦੀਆਂ ਤਰੰਗਾਂ ਰਾਹੀਂ ਪਵਿੱਤਰ ਹੋਇਆ, ਅੰਮ੍ਰਿਤ ਸਰੋਵਰ ਦੇ ਜਲ ਦੀ ਫੁਹਾਰ, ਚੂਲੀਆਂ ਰਾਹੀਂ ਜਦੋਂ ਉਸ ਸੱਪ ਉਪਰ ਪਈ ਤਾਂ ਉਹ ਐਉਂ ਸੌਂ ਗਿਆ ਜਿਵੇਂ Eldrine ਦੀ spray ਕਰਨ ਨਾਲ (ਦਵਾਈ ਐਲਡਰੀਨ ਦਾ ਛਿੜਕਾਅ ) ਸਾਹ ਲੈਣ ਵਾਲੇ ਜੀਵ ਮਰ ਜਾਇਆ ਕਰਦੇ ਹਨ। ਸੱਪ ਮਰ ਗਿਆ। ਮਹਾਂਪੁਰਸ਼ਾਂ ਨੇ ਕਿਹਾ ਕਿ ਭਾਈ! ਇਸ ਉਪਰ ਕੱਫਣ (ਕੱਪੜਾ) ਪਾ ਕੇ ਧਰਤੀ ਵਿਚ ਦਬ ਦਿਓ। ਉਸ ਪਿਛੋਂ ਬਾਬਾ ਜੀ ਪਾਸ ਬੈਠੇ ਸ਼ਰਧਾਲੂਆਂ ਨੇ ਪ੍ਰਸ਼ਨ ਕੀਤਾ ਕਿ ਬਾਬਾ ਜੀ! ਇਹ ਕੀ ਭਾਣਾ ਵਰਤਿਆ ਹੈ? ਅਸਾਨੂੰ ਖੋਲ੍ਹ ਕੇ ਦਸਣ ਦੀ ਕ੍ਰਿਪਾ ਕਰੋ। ਆਪ ਸਮਰੱਥ ਪੁਰਸ਼ ਹੋ, ਤ੍ਰਿਕਾਲਦਰਸ਼ੀ, ਭੂਤ ਭਵਿੱਖਤ, ਵਰਤਮਾਨ ਦੇ ਗਿਆਤਾ ਹੋ। ਉਸ ਵੇਲੇ ਬਾਬਾ ਜੀ ਨੇ ਕਿਹਾ ਕਿ ਗੁਰਮੁਖੋ! ਇਹ ਸੱਪ ਪ੍ਰਕਰਮਾ ਦੇ ਵਿਚ ਜੋ ਮਕਾਨ ਪੁਰਾਣੇ ਹੋ ਗਏ ਹਨ, ਉਨ੍ਹਾਂ ਵਿਚ ਜਿਹੜੇ ਮਕਾਨਾਂ ਵਿਚ ਕੁਝ ਤ੍ਰੇੜਾਂ ਆ ਗਈਆਂ ਸੀ, ਉਨ੍ਹਾਂ ਵਿਚ ਰਹਿ ਕੇ ਤੜਫ ਰਿਹਾ ਸੀ ਤੇ ਸਮਾਂ ਕੱਟ ਰਿਹਾ ਸੀ। ਇਹ ਦਰਬਾਰ ਸਾਹਿਬ ਵਿਚ ਗ੍ਰੰਥੀ ਦੀ ਸੇਵਾ ਕਰਿਆ ਕਰਦਾ ਸੀ ਅਤੇ ਪੂਜਾ ਦਾ ਧਾਨ ਖਾਣ ਵਲ ਇਸ ਦਾ ਵਧੇਰੇ ਹੀ ਧਿਆਨ ਸੀ। ਆਨੇ ਬਹਾਨੀ ਸ਼ਰਧਾਲੂਆਂ ਦਾ ਧਿਆਨ ਖਿਚਦਾ ਰਹਿੰਦਾ ਸੀ। ਕਾਫੀ ਧਨ ਹੋ ਗਿਆ, ਹੁਣ ਉਸ ਦੀ ਸੰਭਾਲ ਵਿਚ ਧਿਆਨ ਰਹਿੰਦਾ ਸੀ। ਇਸ ਤਰ੍ਹਾਂ ਕਰਦੇ-ਕਰਦੇ ਇਸ ਦਾ ਅੰਤ ਸਮਾਂ ਆ ਗਿਆ। ਅੱਜ ਇਹ ਆਪਣੀ ਜ਼ਹਿਰ ਦੀ ਪੀੜਾ ਤੋਂ ਦੁਖੀ ਹੋਇਆ-ਹੋਇਆ ਸਤਿਸੰਗ ਦੇ ਦਰਸ਼ਨ ਕਰ ਰਿਹਾ ਸੀ। ਸਤਿਸੰਗਤ ਦੇ ਦਰਸ਼ਨਾਂ ਦਾ ਫਲ ਇਹ ਅਸਾਡੇ ਵਲ ਨੂੰ ਸਿੱਧਾ ਹੀ ਤੁਰ ਆਇਆ। ਇਹ ਸਾਡੇ ਡੰਗ ਮਾਰਨ ਨਹੀਂ ਸੀ ਆ ਰਿਹਾ। ਸਗੋਂ ਤਰਲਾ ਲੈ ਰਿਹਾ ਸੀ ਕਿ ਕਿਸੇ ਤਰ੍ਹਾਂ ਮੇਰਾ ਛੁਟਕਾਰਾ ਕਰਾ ਦੇਣ। ਅੱਜ ਇਸ ਦਾ ਛੁਟਕਾਰਾ ਹੋ ਗਿਆ। ਬਾਬਾ ਜੀ ਕਹਿਣ ਲੱਗੇ ਕਿ ਗੁਰਮੁਖੋ! ਪੈਸੇ ਟਕੇ ਦਾ ਧਿਆਨ ਕਿਵੇਂ ਦੁਖਾਂ ਵਿਚ ਪਾ ਦਿੰਦਾ ਹੈ। ਗੁਰੂ ਮਹਾਰਾਜ ਜੀ ਨੇ ਇਨ੍ਹਾਂ ਦੁਖਾਂ ਤੋਂ ਬਚਾਉਣ ਲਈ ਪਹਿਲਾਂ ਹੀ ਫੁਰਮਾਨ ਕਰ ਦਿਤਾ ਹੈ -

***ਅੰਤਿ ਕਾਲਿ ਜੋ ਲਛਮੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸਰਪ ਜੋਨਿ ਵਲਿ ਵਲਿ ਅਉਤਰੈ॥***

***ਅੰਗ - ੫੨੬***

ਭਾਵੇਂ ਕਿਸੇ ਵਾਸ਼ਨਾ ਦੇ ਅਨੁਸਾਰ, ਜਿਥੇ ਇਸ ਦਾ ਮਨ ਅਟਕ ਜਾਵੇਗਾ, ਉਥੇ ਹੀ ਬੰਨ੍ਹਿਆ ਜਾਵੇਗਾ। ਉਸ ਨੂੰ ਉਹੋ ਜਿਹਾ ਸਰੀਰ ਪ੍ਰਾਪਤ ਕਰਕੇ ਅਗਲਾ ਜੀਵਨ ਗੁਜ਼ਾਰਨਾ ਪਵੇਗਾ। ਗੁਰੂ ਗ੍ਰੰਥ ਸਾਹਿਬ ਜੀ ਵਿਚ ਫੁਰਮਾਨ ਆਉਂਦਾ ਹੈ ਕਿ ਜੇ ਕਿਸੇ ਦਾ ਮਨ ਜ਼ਮੀਨ, ਜਾਇਦਾਦ, ਕੋਠੀਆਂ ਵਿਚ ਰਹਿ ਜਾਵੇ ਤਾਂ ਉਸ ਨੂੰ ਸਰੀਰ ਧਾਰ ਕੇ ਉਸ ਵਾਸ਼ਨਾ ਦਾ ਫਲ ਭੋਗਣਾ ਹੀ ਪੈਂਦਾ ਹੈ -

***ਅੰਤਿ ਕਾਲਿ ਜੋ ਇਸਤ੍ਰੀ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਬੇਸਵਾ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਲੜਿਕੇ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਸੂਕਰ ਜੋਨਿ ਵਲਿ ਵਲਿ ਅਉਤਰੈ॥***
***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ॥***

***ਅੰਤਿ ਕਾਲਿ ਨਾਰਾਇਣੁ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ***
***ਪੀਤੰਬਰੁ ਵਾ ਕੇ ਰਿਦੈ ਬਸੈ॥ ਅੰਗ - ੫੨੬***

ਇਸੇ ਤਰ੍ਹਾਂ ਨਾਲ ਇਕ ਕਥਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਆਪਣੀ ਅਣਡਿੱਠੀ ਦੁਨੀਆਂ ਦੇ 356 ਪੰਨੇ ਉਪਰ ਲਿਖੀ ਹੈ ਜਿਸ ਦੇ ਬਾਰੇ ਸੰਤ ਮਹਾਰਾਜ ਜੀ ਰਾੜੇ ਸਾਹਿਬ ਵਾਲਿਆਂ ਤੋਂ ਵੀ ਸੁਣਿਆ ਜਾਂਦਾ ਰਿਹਾ। ਉਹ ਇਸ ਤਰ੍ਹਾਂ ਹੈ ਕਿ ਇਕ ਵਾਰੀ ਇਕ ਨਿਰਮਲੇ ਸੰਤ, ਆਪਣੀ ਮੰਡਲੀ ਨਾਲ ਸਨੇ-ਸਨੇ ਚਲਦੇ ਹਜ਼ੂਰ ਸਾਹਿਬ ਵਲ ਨੂੰ ਜਾ ਰਹੇ ਸਨ। ਪਹਿਲੇ ਜ਼ਮਾਨਿਆਂ ਵਿਚ ਜਦੋਂ ਸੰਤਾਂ ਪਾਸ ਕਾਰਾਂ ਤੇ ਹਵਾਈ ਜਹਾਜ਼ ਨਹੀਂ ਸੀ ਹੁੰਦੇ ਉਸ ਵੇਲੇ ਉਹ ਆਪਣੀਆਂ ਲੋੜਾਂ ਬਹੁਤ ਹੀ ਘੱਟ ਕਰਕੇ ਰਖਦੇ ਸਨ, ਤੇੜ ਪਹਿਨਣ ਲਈ ਇਕ ਚਾਦਰ ਦੀ ਗਿਲਟੀ ਮਾਰ ਲੈਂਦੇ ਸਨ। ਦੂਸਰੀ ਚਾਦਰ ਲੱਕ ਨਾਲ ਬੰਨ੍ਹ ਲੈਂਦੇ ਸਨ। ਕਈ ਵਾਰੀ ਇਕੋ ਹੀ ਚਾਦਰ ਨਾਲ ਗੁਜ਼ਾਰਾ ਕਰਿਆ ਕਰਦੇ ਸਨ। ਇਕ ਚਾਦਰ ਵਾਧੂ ਰੱਖੀ ਜਾਂਦੀ ਸੀ। ਜਦੋਂ ਇਕ ਮੈਲੀ ਹੋ ਜਾਵੇ ਤਾਂ ਦੂਸਰੀ ਬੰਨ੍ਹ ਕੇ, ਪਹਿਲੀ ਚਾਦਰ ਨੂੰ ਧੋ ਲਿਆ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਸੰਤ ਪੈਦਲ ਹੀ ਭ੍ਰਮਣ ਕਰਿਆ ਕਰਦੇ ਸਨ, ਸੜਕਾਂ ਨਹੀਂ ਬਣੀਆਂ ਹੁੰਦੀਆਂ ਸਨ, ਰਸਤੇ ਵੀ ਚੰਗੇ ਨਹੀਂ ਸੀ ਹੋਇਆ ਕਰਦੇ। ਸੰਤ ਪੈਦਲ ਚਲਦੇ-ਚਲਦੇ ਪਿੰਡਾਂ ਵਿਚ ਠਹਿਰ ਜਾਇਆ ਕਰਦੇ ਸਨ ਅਤੇ ਸ਼ਰਧਾਲੂਆਂ ਦੀ ਸ਼ਰਧਾ ਦੇਖ ਕੇ ਕਈ-ਕਈ ਦਿਨ ਟਿਕ ਕੇ ਪ੍ਰਚਾਰ ਕਰਿਆ ਕਰਦੇ ਸੀ। ਉਹ ਸੱਚੇ ਸਾਧੂ ਹੋਇਆ ਕਰਦੇ ਸਨ, ਉਨ੍ਹਾਂ ਦੇ ਬਚਨਾਂ ਵਿਚ ਵੀ ਬਰਕਤ ਹੁੰਦੀ ਸੀ, ਦ੍ਰਿਸ਼ਟੀ ਵਿਚ ਵੀ ਖਿੱਚ ਹੋਇਆ ਕਰਦੀ ਸੀ। ਬਚਨਾਂ ਵਿਚ ਸਤਿਆ ਹੋਇਆ ਕਰਦੀ ਸੀ। ਜੋ ਕੁਝ ਕਹਿ ਦਿੰਦੇ ਸੀ, ਉਹ ਹੋ ਹੀ ਜਾਇਆ ਕਰਦਾ ਸੀ। ਬਹੁਤ ਸਾਰੀਆਂ ਸ਼ਕਤੀਆਂ, ਰਿੱਧੀਆਂ-ਸਿੱਧੀਆਂ ਹੱਥ ਜੋੜੀਂ ਸੇਵਾ ਕਰਨ ਲਈ ਬੇਨਤੀਆਂ ਕਰਦੀਆਂ ਰਹਿੰਦੀਆਂ ਸਨ ਪਰ ਮਹਾਂਪੁਰਸ਼ ਨਿਰਵਿਰਤੀ ਪੱਖ ਨੂੰ ਜ਼ਿਆਦਾ ਪਸੰਦ ਕਰਿਆ ਕਰਦੇ ਸਨ। ਇਸ ਤਰ੍ਹਾਂ ਨਾਲ ਪ੍ਰਚਾਰ ਕਰਦੇ ਹੋਏ ਦੇਸ਼ ਦਾ ਭ੍ਰਮਣ ਕਰਦੇ ਸਨ। 68 ਤੀਰਥਾਂ ਤੇ, ਗੁਰਸਥਾਨਾਂ ਤੇ ਪੁੱਜ ਕੇ ਆਪਣੇ ਪ੍ਰਵਚਨਾਂ ਰਾਹੀਂ ਸੰਸਾਰ ਨੂੰ ਮਾਰਗ ਦਰਸ਼ਨ ਕਰਾਇਆ ਕਰਦੇ ਸਨ।

ਉਨ੍ਹਾਂ ਵਿਚੋਂ ਹੀ ਇਕ ਮਹਾਤਮਾ ਚਲਦੇ-ਚਲਦੇ ਅੱਜ ਜੈਪੁਰ ਪਹੁੰਚ ਗਏ, ਦਿਨ ਢਲ ਚੁਕਿਆ ਸੀ, ਹਨ੍ਹੇਰੀ ਰਾਤ ਬੜੀ ਤੇਜ਼ੀ ਨਾਲ ਆ ਰਹੀ ਸੀ। ਬਿਜਲੀਆਂ ਦੇ ਚਾਨਣੇ ਤਾਂ ਉਸ ਸਮੇਂ ਹੋਇਆ ਹੀ ਨਹੀਂ ਸੀ ਕਰਦੇ। ਸੰਤਾਂ ਦੇ ਮਨ ਵਿਚ ਫੁਰਨਾ ਸੀ। ਕਿਸੇ ਚੰਗੀ ਥਾਂ ਰਾਤ ਕੱਟੀ ਜਾਵੇ ਤੇ ਫੇਰ ਕਿਤੇ ਚੰਗਾ ਥਾਂ ਦੇਖ ਕੇ ਸਤਿਸੰਗ ਕੀਤੇ ਜਾਣ। ਉਹ ਜੈਪੁਰ ਪਹੁੰਚਦੇ ਹਨ, ਉਥੇ ਕੁਝ ਨੌਜੁਆਨ ਸੜਕ ਦੇ ਕੰਢੇ ਉਤੇ ਉਚੇ ਚੌਂਤਰੇ ਤੇ ਬੈਠੇ ਸਨ। ਸੰਤਾਂ ਨੂੰ ਦੂਰੋਂ ਆਉਂਦਿਆਂ ਦੇਖ ਲਿਆ ਅਤੇ ਮਨ ਵਿਚ ਸ਼ਰਧਾ ਦੀ ਥਾਂ ਸ਼ੈਤਾਨੀ ਨੇ ਜਨਮ ਲੈ ਲਿਆ ਅਤੇ ਉਨ੍ਹਾਂ ਨੇ ਸੰਤਾਂ ਨੂੰ ਗੁਮਰਾਹ (misguide) ਕਰਨ ਦਾ ਫੁਰਨਾ ਬਣਾ ਲਿਆ। ਸੰਤ ਜਦੋਂ ਉਨ੍ਹਾਂ ਦੇ ਨੇੜੇ ਪਹੁੰਚਦੇ ਹਨ ਤਾਂ ਉਨ੍ਹਾਂ ਨੇ ਪੁਛਿਆ ਕਿ ਬੱਚਿਓ! ਇਸ ਜੈਪੁਰ ਸ਼ਹਿਰ ਵਿਚ ਕੋਈ ਠਹਿਰਨ ਦੀ ਥਾਂ ਹੈ? ਅਸਾਡੀ ਮੰਡਲੀ ਵਿਚ 40-50 ਦੇ ਕਰੀਬ ਵਿਦਿਆਰਥੀ ਹਨ, ਅਸੀਂ ਕੁਝ ਦਿਨ ਠਹਿਰ ਕੇ ਸਤਿਸੰਗ ਕਰਨਾ ਚਾਹੁੰਦੇ ਹਾਂ। ਉਨ੍ਹਾਂ ਬੱਚਿਆਂ ਨੇ ਕਿਹਾ ਕਿ ਓਹ ਦੇਖੋ ਮਹਾਰਾਜ! ਸਾਮ੍ਹਣੇ ਕਿੱਡੀ ਵੱਡੀ ਕੋਠੀ ਹੈ, ਆਲੇ-ਦੁਆਲੇ ਜੋ ਵਿਰਾਨ ਬਾਗ ਹੈ, ਉਹ ਸੰਭਾਲ ਨਾ ਹੋਣ ਕਰਕੇ ਉਜਾੜ ਲਗਦਾ ਹੈ ਪਰ ਕੋਠੀ ਬਹੁਤ ਵਧੀਆ ਹੈ ਉਸ ਵਿਚ ਤਕਰੀਬਨ 15-20 ਕਮਰੇ ਹਨ। ਇਸ ਸ਼ਹਿਰ ਦੇ ਲੋਕਾਂ ਨੇ ਇਹ ਸਾਧੂਆਂ ਦੇ ਠਹਿਰਨ ਵਾਸਤੇ ਬਣਾਈ ਹੈ। ਤੁਸੀਂ ਜਿੰਨੀ ਦੇਰ ਜੀਅ ਕਰੇ ਰਹਿ ਸਕਦੇ ਹੋਂ।

ਸੰਤ ਉਸ ਕੋਠੀ ਵਿਚ ਚਲੇ ਗਏ। ਆਪ ਤ੍ਰਿਕਾਲਦਰਸ਼ੀ ਸਨ, ਆਪ ਨੇ ਇਕ ਦਮ ਜਾਣ ਲਿਆ ਕਿ ਇਸ ਕੋਠੀ ਵਿਚ ਬਦਰੂਹਾਂ ਦਾ ਵਾਸਾ ਹੈ, ਉਹ ਐਨੀਆਂ ਵਿਕਰਾਲ ਹਨ ਕਿ ਕਿਸੇ ਬੰਦੇ ਨੂੰ ਇਥੇ ਬਿਲਕੁਲ ਨਹੀਂ ਠਹਿਰਨ ਦਿੰਦੀਆਂ। ਇਨ੍ਹਾਂ ਬੱਚਿਆਂ ਨੇ ਅਸਾਡੇ ਨਾਲ ਮਸ਼ਕਰੀ ਕੀਤੀ ਹੈ। ਕਿਉਂਕਿ ਉਹ ਇਸ ਕੋਠੀ ਵਿਚ ਹੁਣ ਪਹੁੰਚ ਚੁਕੇ ਸਨ ਇਸ ਲਈ ਉਥੋਂ ਜਾਣਾ ਵੀ ਨਹੀਂ ਸੀ ਸੋਭਦਾ। ਆਪ ਨੇ ਸਾਰੇ ਕਮਰੇ ਧੁਆ ਲਏ, ਕੋਠੀ ਵਿਚ ਕੋਈ ਵੀ ਮਾਲਕ ਨਹੀਂ ਸੀ, ਤਾਲਾ ਕੋਈ ਨਹੀਂ ਸੀ ਲੱਗਿਆ ਹੋਇਆ, ਕੇਵਲ ਕੁੰਡੇ ਲੱਗੇ ਹੋਏ ਸਨ। ਉਹ ਵੀ ਕੋਈ ਭਲਾ ਪੁਰਸ਼ ਐਨੀ ਕੁ ਸੰਭਾਲ ਕਰਦਾ ਹੋਣਾ ਹੈ। ਆਪ ਨੇ ਜਲ ਨਾਲ ਕੋਠੀ ਦੇ ਇਰਦ-ਗਿਰਦ ਦੀ ਸਫਾਈ ਕਰਕੇ ਉਸ ਨੂੰ ਇਕ ਨਵਾਂ ਦ੍ਰਿਸ਼ ਦੇ ਦਿਤਾ। ਹਨ੍ਹੇਰਾ ਹੋ ਗਿਆ। ਸੰਤ ਅਕਾਸ਼ ਬਿਰਤੀ ਵਾਲੇ ਸਨ। ਸਹਿਜ ਨਾਲ ਹੀ ਜੇ ਕੁਝ ਆ ਜਾਵੇ, ਛਕ ਲੈਂਦੇ ਸਨ, ਨਹੀਂ ਤਾਂ ਵਾਹਿਗੁਰੂ ਦਾ ਭਾਣਾ ਮੰਨ ਕੇ ਦਿਨ ਲੰਘਾ ਲੈਂਦੇ ਸਨ। ਅੱਜ ਵੀ ਸਵੇਰ ਤੋਂ ਕੁਛ ਖਾਣ ਲਈ ਨਹੀਂ ਸੀ ਆਇਆ। ਉਸ ਵੇਲੇ ਸੰਤਾਂ ਨੇ ਸਾਰਿਆਂ ਨੂੰ ਇਕੱਠਾ ਕੀਤਾ ਅਤੇ ਕਿਹਾ ਕਿ ਪ੍ਰੇਮੀਓ! ਇਨ੍ਹਾਂ ਬੱਚਿਆਂ ਨੇ ਅਸਾਡੇ ਨਾਲ ਮਸ਼ਖਰੀ ਕੀਤੀ ਹੈ, ਇਸ ਕੋਠੀ ਵਿਚ ਕੋਈ ਨਹੀਂ ਠਹਿਰ ਸਕਦਾ ਕਿਉਂਕਿ ਇਸ ਵਿਚ ਐਨੀਆਂ ਵਿਕਰਾਲ ਰੂਹਾਂ ਰਹਿੰਦੀਆਂ ਹਨ ਜਿਨ੍ਹਾਂ ਦੀ ਦੁਰਗੰਧ ਨਾਲ ਦਮ ਘੁਟਦਾ ਜਾਂਦਾ ਹੈ। ਹੁਣ ਆਪਾਂ ਆ ਤਾਂ ਗਏ, ਰੈਣ ਬਸੇਰਾ ਕਰਨ ਲਈ, ਆਪਾਂ ਨੂੰ ਬਹੁਤ ਸਾਵਧਾਨ ਹੋਣ ਦੀ ਜ਼ਰੂਰਤ ਹੈ। ਬਿਰਾਜਣ ਤੋਂ ਪਹਿਲਾਂ ਕੀਰਤਨ ਸੋਹਿਲੇ ਦਾ ਪਾਠ ਬਹੁਤ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ ਅਤੇ ਸਿਮਰਨ ਕਰਦਿਆਂ ਜਦੋਂ ਨੀਂਦ ਬਹੁਤ ਤੰਗ ਕਰਨ ਲਗ ਜਾਵੇ ਫੇਰ ਥੋੜ੍ਹੀ ਦੇਰ ਤਕ ਬਿਰਾਜ ਜਾਇਓ ਅਤੇ ਅੰਮ੍ਰਿਤ ਵੇਲੇ 2 ਵਜੇ ਉਠ ਕੇ ਇਸ਼ਨਾਨ ਕਰਨਾ ਹੈ। ਅਸੀਂ

ਦੇਖ ਲਿਆ ਹੈ ਕਿ ਪਾਣੀ ਇਸ ਕੋਠੀ ਵਿਚ ਇਕ ਪਾਸੇ ਦੇ ਨਲਕੇ ਰਾਹੀਂ ਪ੍ਰਾਪਤ ਹੈ। ਨਲਕਾ ਚਲ ਰਿਹਾ ਹੈ। ਤੁਸੀਂ ਪਹਿਲਾਂ ਪਾਣੀ ਲੈ ਕੇ ਆਏ ਹੀ ਹੋਂ। ਸੋ ਇਸ ਤਰ੍ਹਾਂ ਦੇ ਨਾਲ ਸਭ ਨੇ ਸਾਵਧਾਨੀ ਨਾਲ ਬਾਣੀ ਤੇ ਸਿਮਰਨ ਕੀਤਾ। ਕੀਰਤਨ ਸੋਹਿਲਾ ਪੜ੍ਹਿਆ।

ਇਥੇ ਮੈਂ ਇਕ ਗੱਲ ਦਸਣੀ ਕੁਥਾਂ ਨਹੀਂ ਸਮਝਾਂਗਾ, ਕਿਉਂਕਿ ਪ੍ਰਸੰਗ ਕੀਰਤਨ ਸੋਹਿਲੇ ਦਾ ਆ ਗਿਆ ਹੈ। ਇਸ ਦੀ ਕੀ ਵਿਸ਼ੇਸ਼ਤਾ ਹੈ, ਇਸ ਨੂੰ ਆਪਾਂ ਵਿਚਾਰਨਾ ਹੈ। 'ਕੀਰਤਨ ਸੋਹਿਲਾ' ਸੌਣ ਸਮੇਂ ਜਦੋਂ ਰਾਤ ਨੂੰ ਨੀਂਦ ਵਿਚ ਜਾਣਾ ਹੈ, ਦੀ ਛੋਟੀ ਜਿਹੀ ਬਾਣੀ ਹੈ। ਜਿਥੇ ਇਹ ਪ੍ਰਭੂ ਨਾਲ ਪ੍ਰਾਥਨਾ ਰਾਹੀਂ ਇਕਮਿਕ ਹੋਣ ਦੀ ਸੋਝੀ ਬਖਸ਼ਦੀ ਹੈ ਉਥੇ ਜੀਵ ਨੂੰ ਪ੍ਰੇਰਨਾ ਦਿੰਦੀ ਹੈ ਕਿ ਤੂੰ ਇਸ ਸੰਸਾਰ ਵਿਚ ਲਾਹਾ ਖੱਟ ਲੈ। ਜਦੋਂ ਤੂੰ ਸਰੀਰ ਛੱਡ ਕੇ ਉਸ ਦੁਨੀਆਂ ਵਿਚ ਜਾਵੇਂਗਾ, ਜਿਥੇ ਹਰੇਕ ਲਈ ਜਾਣਾ ਜ਼ਰੂਰੀ ਹੈ ਤਾਂ ਉਥੇ ਤੂੰ ਘਾਟੇ ਦਾ ਵਪਾਰੀ ਬਣ ਕੇ ਨਾ ਜਾਈ, ਲਾਹਾ ਖੱਟ ਕੇ ਜਾਈਂ। ਗੁਰੂ ਨੂੰ ਮਿਲ ਕੇ ਆਪਣਾ ਕਾਰਜ ਸੰਵਾਰ ਲੈ। ਇਹ ਸੰਸਾਰ ਸੰਸਿਆਂ ਦਾ ਭਰਿਆ ਪਿਆ ਹੈ। ਇਸ ਵਿਚ ਜਿਸ ਨੇ ਆਪਾ ਪਛਾਣ ਲਿਆ, ਉਹ ਪਾਰ ਲੰਘ ਜਾਂਦਾ ਹੈ। ਪਰ ਆਪਾ ਪਛਾਨਣ ਲਈ ਸੰਤਾਂ ਦੀ ਸੰਗਤ ਦੀ ਬਹੁਤ ਜ਼ਰੂਰਤ ਹੈ। ਇਸ ਬਾਣੀ ਦੇ ਅੰਤਲੇ ਵਾਕਾਂ ਵਿਚ ਆਖਿਆ ਗਿਆ ਹੈ -

***ਅੰਤਰਜਾਮੀ ਪੁਰਖ ਬਿਧਾਤੇ***
***ਸਰਧਾ ਮਨ ਕੀ ਪੂਰੇ॥***
***ਨਾਨਕ ਦਾਸੁ ਇਹੈ ਸੁਖੁ ਮਾਗੈ***
***ਮੋ ਕਉ ਕਰਿ ਸੰਤਨ ਕੀ ਧੂਰੇ॥*** ***ਅੰਗ - ੧੩***

ਬੰਦਗੀ ਕਰਨ ਵਾਲੇ ਮਹਾਂਪੁਰਸ਼ਾਂ ਦੀ ਧੂੜੀ ਨੂੰ ਲੋਚਦਾ ਹੋਇਆ ਜੀਵ ਰਾਤ ਨੂੰ ਆਪਣਾ ਸਰੀਰ ਗੁਰੂ ਦੇ ਹਵਾਲੇ ਕਰਕੇ ਬੇਫਿਕਰ ਹੋ ਕੇ ਸੌਂ ਜਾਂਦਾ ਹੈ। ਆਧੀਆਂ, ਬਿਆਧੀਆਂ, ਉਪਾਧੀਆਂ ਇਸ ਨੂੰ ਤੰਗ ਨਹੀਂ ਕਰਦੀਆਂ। ਮਾੜੇ ਸੁਪਨੇ ਨਹੀਂ ਆਉਂਦੇ, ਗਾੜ੍ਹੀ ਨੀਂਦ ਲੈਣ ਉਪਰੰਤ ਸਵੇਰ ਨੂੰ ਸਿਮਰਨ ਕਰਨ ਉਪਰੰਤ ਬਿਲਕੁਲ ਤਾਜ਼ਾ ਦਿਮਾਗ ਲੈ ਕੇ ਤਤਪਰ ਹੋ ਜਾਂਦਾ ਹੈ ਅਤੇ ਫੇਰ ਬਰਕਤਾਂ ਭਰਿਆ ਦਿਨ ਲੰਘਦਾ ਹੈ।

ਇਸ ਬਾਣੀ ਦੀ ਜੋ ਸ਼ਕਤੀ ਹੈ, ਉਸ ਬਾਰੇ ਇਸ ਤਰ੍ਹਾਂ ਹੈ ਕਿ ਗੁਰੂ ਮਹਾਰਾਜ ਪੰਜਵੇਂ ਪਾਤਸ਼ਾਹ ਜੀ ਪਾਸ ਇਕ ਕਾਬਲ ਕੰਧਾਰ ਤੋਂ ਸੌਦਾਗਰ ਪਹੁੰਚਿਆ। ਉਸ ਨੇ ਆਪ ਨੂੰ ਬਹੁਤ ਪਿਆਰ ਨਾਲ ਨਮਸ਼ਕਾਰ ਕਰਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਨੂੰ ਅਤੇ ਆਪ ਦੇ ਗੁਰਸਿੱਖਾਂ ਨੂੰ ਸੋਹਣੇ ਘੋੜੇ ਰੱਖਣੇ ਪਸੰਦ ਹਨ। ਵਿਸਾਖੀ ਦੇ ਮੇਲੇ ਉਪਰ ਮੈਂ ਕਾਬਲ ਕੰਧਾਰ ਦੇ ਅਤੇ ਇਰਾਨ ਦੇ ਬਹੁਤ ਸੋਹਣੇ ਘੋੜੇ ਲੈ ਕੇ ਹਰ ਸਾਲ ਆਇਆ ਕਰਦਾ ਹਾਂ। ਆਪ ਦੀ ਕ੍ਰਿਪਾ ਨਾਲ ਮੈਨੂੰ ਬਹੁਤ ਸੋਹਣਾ ਮੁਨਾਫਾ ਹੋ ਜਾਂਦਾ ਹੈ ਜਿਸ ਵਿਚੋਂ ਹਰ ਵਾਰੀ ਮੈਂ ਦਸਵੰਧ ਦੀ ਰਕਮ ਆਪ ਦੇ ਚਰਨਾਂ ਵਿਚ ਭੇਟਾ ਕਰਦਾ ਹਾਂ। ਪਰ ਸੱਚੇ ਪਾਤਸ਼ਾਹ! ਇਕ ਬਹੁਤ ਭਾਰੀ ਵਿਘਨ ਮੇਰਾ ਪਿੱਛਾ ਨਹੀਂ ਛਡਦਾ, ਆਪ ਕ੍ਰਿਪਾ ਕਰਕੇ ਉਸ ਵਿਘਨ ਤੋਂ ਮੈਨੂੰ ਖਲਾਸੀ ਦਿਵਾ ਦੇਵੋ।

***ਗੁਰ ਕਾ ਸਬਦੁ ਕਾਟੈ ਕੋਟਿ ਕਰਮ॥***
***ਅੰਗ - ੧੧੯੫***

ਕਰੋੜਾਂ ਵਿਘਨ ਉਸ ਨੂੰ ਲਗਦੇ ਹਨ ਜਿਸ ਨੂੰ ਨਾਮ ਭੁੱਲ ਜਾਂਦਾ ਹੈ ਜਿਵੇਂ ਕਿ ਫੁਰਮਾਨ ਹੈ -

***ਕੋਟਿ ਬਿਘਨ ਤਿਸੁ ਲਾਗਤੇ***
***ਜਿਸ ਨੋ ਵਿਸਰੈ ਨਾਉ॥***
***ਨਾਨਕ ਅਨਦਿਨੁ ਬਿਲਪਤੇ***
***ਜਿਉ ਸੁੰਞੈ ਘਰਿ ਕਾਉ॥*** ***ਅੰਗ - ੫੨੪***

ਆਪ ਕ੍ਰਿਪਾ ਕਰਕੇ ਮੈਨੂੰ ਅਜਿਹਾ ਮੰਤਰ ਦਸੋ ਜਿਸ ਨੂੰ ਪੜ੍ਹਦਾ ਹੋਇਆ ਮੈਂ ਆਪ ਤਕ ਸੁਖੀ-ਸਾਂਦੀ ਪਹੁੰਚ ਜਾਇਆ ਕਰਾਂ। ਸੱਚੇ ਪਾਤਸ਼ਾਹ! ਮੈਂ ਘੋੜੇ ਲੈ ਕੇ ਜੇਹਲਮ ਦਰਿਆ ਲੰਘਦਾ ਹਾਂ, ਉਸ ਵੇਲੇ ਹੀ ਮੇਰੇ ਪਿਛੇ ਚੋਰ ਲਗ ਜਾਂਦੇ ਹਨ। ਮੇਰੀ ਪਾਰਖੂ ਨਿਗ੍ਹਾ ਇਨ੍ਹਾਂ ਚੋਰਾਂ ਨੂੰ ਪਛਾਣ ਵੀ ਜਾਂਦੀ ਹੈ ਕਿ ਇਹ ਮੇਰੇ ਘੋੜੇ ਚੋਰੀ ਕਰਨ ਆਏ ਹਨ ਪਰ ਬਹੁਤ ਰਾਖੀ ਕਰਨ ਦੇ ਬਾਵਜੂਦ ਵੀ ਮੇਰੇ ਕਈ ਚੰਗੇ ਘੋੜੇ ਇਹ ਚੋਰ ਲੈ ਜਾਇਆ ਕਰਦੇ ਹਨ। ਉਸ ਸਮੇਂ ਗੁਰੂ ਮਹਾਰਾਜ ਜੀ ਨੇ ਬਚਨ ਕੀਤਾ ਕਿ ਪਿਆਰਿਓ! ਗੁਰਬਾਣੀ ਜਿਥੇ ਰੂਹਾਨੀ ਸੂਝ ਦਿੰਦੀ ਹੈ ਉਥੇ ਇਹ ਮੰਤਰ ਰੂਪ ਹੋ ਕੇ ਸੰਸਾਰੀ ਜੀਵਾਂ ਦੀਆਂ ਕਾਮਨਾਵਾਂ ਵੀ ਪੂਰੀਆਂ ਕਰਦੀ ਹੈ। ਜਦੋਂ ਤਕ ਜੀਵ ਉਚੀਆਂ ਮੰਜ਼ਲਾਂ ਵਿਚ ਪ੍ਰਵੇਸ਼ ਨਹੀਂ ਕਰਦਾ -

***ਵਿਣੁ ਤੁਧੁ ਹੋਰੁ ਜਿ ਮੰਗਣਾ***
***ਸਿਰਿ ਦੁਖਾ ਕੈ ਦੁਖ॥***
***ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ॥***
***ਅੰਗ - ੯੫੮***

ਉਸ ਸਮੇਂ ਤਕ ਉਸ ਦੀਆਂ ਦੁਨੀਆਂ ਦੀਆਂ ਲੋੜਾਂ ਪੂਰੀਆਂ ਨਾ ਹੋਣ ਕਰਕੇ ਉਹ ਮੰਗਦਾ ਹੀ ਰਹਿੰਦਾ ਹੈ। ਜੇ ਉਸ ਦੀਆਂ ਜਾਇਜ਼ ਵਾਸ਼ਨਾਵਾਂ ਪੂਰੀਆਂ ਨਾ ਹੋਣ ਤਾਂ ਭਜਨ ਵਿਚ ਉਸ ਦਾ ਮਨ ਨਹੀਂ ਲਗਦਾ, ਉਸ ਦਾ ਭਜਨ ਕੀਤਾ ਹੋਇਆ ਥਾਂ ਨਹੀਂ ਪਿਆ ਕਰਦਾ। ਇਸ ਕਰਕੇ ਬਾਣੀ ਵਿਚ ਸੱਤਾ ਹੈ ਕਿ ਇਹ ਜੀਵ ਨੂੰ ਔਕੜਾਂ ਵਿਚੋਂ ਕੱਢ ਕੇ, ਵਿਘਨਾਂ ਵਿਚੋਂ ਕੱਢ ਕੇ ਉਸ ਦੀਆਂ ਜਾਇਜ਼ ਵਾਸ਼ਨਾਵਾਂ ਪੂਰੀਆਂ ਕਰ ਦਿੰਦੀ ਹੈ। ਜਦੋਂ ਅਸੀਂ ਇਸ ਆਸ਼ੇ ਨੂੰ ਸਾਮ੍ਹਣੇ ਰੱਖ ਕੇ ਪਾਠ ਕਰਦੇ ਹਾਂ ਤਾਂ ਇਹ ਸ਼ਕਤੀ ਰੂਪ ਹੋ ਕੇ ਸਾਡੀ ਸਹਾਇਤਾ ਕਰਦਾ ਹੈ। ਤੁਸੀਂ ਗੁਰੂ ਦੇ ਸਿੱਖ ਹੋਂ, ਗੁਰੂ ਨਾਲ

ਤੁਹਾਡਾ ਪਿਆਰ ਹੈ, ਆਪਣੀ ਕਮਾਈ ਵਿਚੋਂ ਦਸਵੰਧ ਦਿੰਦੇ ਹੋਂ, ਗੁਰੂ ਵੀ ਆਪਣੇ ਸਿੱਖ ਦੀ ਹਰ ਥਾਂ ਰਾਖੀ ਕਰਦਾ ਹੈ। ਉਹ ਸਿੱਖ ਨੂੰ ਔਖੀ ਘੜੀ ਨਹੀਂ ਦੇਖਣ ਦਿੰਦਾ, ਇਹ ਉਸ ਦਾ ਬਿਰਦ ਹੈ। ਉਹ ਆਪਣੇ ਪਵਿੱਤਰ ਹੱਥ ਦੀ ਸੱਤਾ ਦੇ ਕੇ ਰਾਖੀ ਕਰਦਾ ਹੈ।

***ਅਉਖੀ ਘੜੀ ਨ ਦੇਖਣ ਦੇਈ***
***ਅਪਨਾ ਬਿਰਦੁ ਸਮਾਲੇ॥***
***ਹਾਥ ਦੇਇ ਰਾਖੈ ਅਪਨੇ ਕਉ***
***ਸਾਸਿ ਸਾਸਿ ਪ੍ਰਤਿਪਾਲੇ॥ ਅੰਗ - ੬੮੨***

ਦੇਖੋ! ਗੁਰੂ ਨਾਨਕ ਪਾਤਸ਼ਾਹ ਭਾਈ ਮਨਸੁਖ ਦਾ ਜਹਾਜ਼ ਜੋ ਝੱਖੜ ਦੇ ਵਰੋਲਿਆਂ ਕਾਰਨ ਸਮੁੰਦਰ ਵਿਚ ਡੁੱਬਣ ਲਈ ਤਿਆਰ ਹੀ ਸੀ ਪਰ ਜਦੋਂ ਭਾਈ ਮਨਸੁਖ ਨੇ ਗੁਰੂ ਦੇ ਚਰਨਾਂ ਵਿਚ ਅਰਦਾਸ ਕੀਤੀ, ਆਪਣੇ ਗੁਰੂ ਨੂੰ ਯਾਦ ਕੀਤਾ, ਉਸ ਦਾ ਜਹਾਜ਼ ਸਹਿਜ ਨਾਲ ਹੀ ਲੰਕਾ ਵਿਚ ਪਹੁੰਚ ਗਿਆ। ਗੁਰੂ ਦਾ ਬਿਰਦ ਹੈ ਕਿ ਉਹ ਆਪਣੇ ਸਿੱਖ ਦੀ ਰਾਖੀ ਕਰਦਾ ਹੈ। ਸਾਧਸੰਗਤ ਜੀ! ਇਸ ਸਬੰਧ ਵਿਚ ਗੁਰ ਦਸ਼ਮੇਸ਼ ਪਿਤਾ ਜੀ ਦਾ ਫੁਰਮਾਨ ਹੈ -

***ਰੋਗਨ ਤੇ ਅਰ ਸੋਗਨ ਤੇ,***
***ਜਲ ਜੋਗਨ ਤੇ ਬਹੁ ਭਾਂਤਿ ਬਚਾਵੈ॥***
***ਸਤ੍ਰ ਅਨੇਕ ਚਲਾਵਤ ਘਾਵ,***
***ਤਊ ਤਨ ਏਕ ਨ ਲਾਗਨ ਪਾਵੈ॥***
***ਰਾਖਤ ਹੈ ਅਪਨੋ ਕਰ ਦੈ ਕਰ,***
***ਪਾਪ ਸਮੂੰਹ ਨ ਭੇਟਨ ਪਾਵੈ॥***
***ਔਰ ਕੀ ਬਾਤ ਕਹਾ ਕਹ ਤੋ ਸੌਂ,***
***ਸੁ ਪੇਟ ਹੀ ਕੇ ਪਟ ਬੀਚ ਬਚਾਵੈ॥***
***ਅਕਾਲ ਉਸਤਤਿ***

ਗੁਰੂ ਪੰਜਵੇਂ ਪਾਤਸ਼ਾਹ ਉਸ ਸੌਦਾਗਰ ਨੂੰ ਕਹਿਣ ਲੱਗੇ ਕਿ ਗੁਰਮੁਖਾ! ਜਦੋਂ ਤੂੰ ਘੋੜੇ ਲੈ ਕੇ ਆਇਆ ਕਰੇਂ, ਕੀਰਤਨ ਸੋਹਿਲੇ ਦਾ ਪਾਠ ਬਹੁਤ ਸਾਵਧਾਨੀ ਨਾਲ ਕਰ ਲਿਆ ਕਰ। ਤੇਰੇ ਸਾਰੇ ਘੋੜਿਆਂ ਦੇ ਇਰਦ ਗਿਰਦ ਲੋਹੇ ਦਾ ਕੋਟ ਬਣ ਜਾਵੇਗਾ ਅਤੇ ਉਸ ਕੋਟ ਨੂੰ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਕੇ ਖੋਲ੍ਹ ਲਿਆ ਕਰ। ਇਹ ਗੱਲ ਆਪਣੇ ਤਕ ਹੀ ਸੀਮਤ ਰੱਖੀਂ, ਕਿਸੇ ਹੋਰ ਨੂੰ ਇਹ ਗੱਲ ਨਾ ਦੱਸੀਂ।

ਇਸ ਤਰ੍ਹਾਂ ਜਦੋਂ ਅਗਲੇ ਸਾਲ ਉਹ ਸੌਦਾਗਰ ਬਹੁਤ ਕੀਮਤੀ ਘੋੜੇ ਗੁਰੂ ਦਰਬਾਰ ਵਲ ਲੈ ਕੇ ਆ ਰਿਹਾ ਸੀ ਤਾਂ ਉਸ ਦੇ ਜੇਹਲਮ ਲੰਘਦੇ ਹੀ ਚੋਰ ਅਨੇਕਾਂ ਰੂਪ ਧਾਰ ਕੇ ਪਿਛਾ ਕਰਨ ਲੱਗੇ। ਕਿਸੇ ਨੇ ਸਾਧੂ ਦਾ ਰੂਪ ਧਾਰ ਕੇ ਮਾਲਾ ਫੜੀ ਹੋਈ ਹੈ, ਕਿਸੇ ਨੇ ਕਿਸਾਨ ਦਾ ਰੂਪ ਧਾਰ ਕੇ ਕਿਸਾਨੀ ਸੰਦ ਮੋਢੇ ਤੇ ਰੱਖਿਆ ਹੋਇਆ ਹੈ, ਕੋਈ ਬੈਲਾਂ ਦੇ ਗਲ ਵਿਚ ਹਲ ਪਾ ਕੇ ਘੋੜਿਆਂ ਦੇ ਨੇੜੇ-ਨੇੜੇ ਘੁੰਮ ਰਿਹਾ ਹੈ ਅਤੇ ਸਭ ਤੋਂ ਚੰਗੇ ਘੋੜੇ ਦੀ ਪਰਖ ਰੱਖ ਕੇ ਚੋਰੀ ਕਰਨ ਦਾ ਇਰਾਦਾ ਕਰ ਰਿਹਾ ਹੈ। ਕੋਈ ਚੋਰ, ਵਿਦਵਾਨ ਪੰਡਤ ਬਣਿਆ ਹੋਇਆ ਧਰਮ ਗ੍ਰੰਥਾਂ ਦੇ ਅਰਥ ਸੁਣਾ ਰਿਹਾ ਸੀ। ਸੋ ਇਸ ਤਰ੍ਹਾਂ ਉਹ ਦਿਨ ਵਿਚ ਭੇਤ ਲੈ ਲਿਆ ਕਰਦੇ ਸਨ ਅਤੇ ਰਾਤ ਨੂੰ ਸਾਰੇ ਇਕੱਠੇ ਹੋ ਕੇ ਚੋਰੀ ਦਾ ਕੰਮ ਕਰਿਆ ਕਰਦੇ ਸਨ। ਅੱਜ ਰਾਤ ਨੂੰ ਜਦੋਂ ਉਨ੍ਹਾਂ ਨੇ ਦੇਖਿਆ ਤਾਂ ਕੋਈ ਵੀ ਘੋੜਾ ਨਜ਼ਰ ਨਹੀਂ ਆਇਆ ਉਸ ਦੀ ਥਾਂ ਤੇ ਲੋਹੇ ਦੀ ਕੰਧ ਨਜ਼ਰੀਂ ਪੈ ਰਹੀ ਸੀ। ਹੱਥਾਂ ਨਾਲ ਕੰਧ ਨੂੰ ਟੋਹ-ਟੋਹ ਕੇ ਦੇਖਦੇ ਹਨ। ਇਸ ਕਰਕੇ ਉਹ ਚੋਰੀ ਨਾ ਕਰ ਸਕੇ। ਜੇਹਲਮ ਤੋਂ ਰਾਵੀ ਦੇ ਕੰਢੇ ਤਕ ਉਹ ਸੌਦਾਗਰ ਦੇ ਨਾਲ ਹੀ ਤੁਰ ਆਏ। ਜਦੋਂ ਉਹ ਸੌਦਾਗਰ ਰਾਵੀ ਪਾਰ ਕਰਕੇ ਅੰਮ੍ਰਿਤਸਰ ਵਲ ਨੂੰ ਮੁੜਿਆ ਤਾਂ ਉਹ ਚੋਰ ਵੀ ਨਾਲ ਹੀ ਦਰਿਆ ਪਾਰ ਕਰਕੇ ਉਸ ਦੇ ਨੇੜੇ ਤੇੜੇ ਹੀ ਚਲ ਰਹੇ ਸਨ। ਇਨ੍ਹਾਂ ਨੇ ਮਨ ਵਿਚ ਫੈਸਲਾ ਕੀਤਾ ਕਿ ਇਹ ਸੌਦਾਗਰ ਹੁਣ ਕੋਈ ਮੰਤਰ ਪੜ੍ਹਦਾ ਹੈ ਇਸ ਤੋਂ ਪੁਛਾਂਗੇ ਕਿ ਕੀ ਮੰਤਰ ਪੜ੍ਹਦਾ ਹੈ, ਭੇਤ ਕੱਢਣਾ ਹੈ। ਜਦੋਂ ਘੋੜੇ ਰਾਵੀ ਪਾਰ ਹੋ ਗਏ ਤਾਂ ਵਪਾਰੀ ਅਵੇਸਲਾ ਹੋ ਗਿਆ, ਰਾਤ ਨੂੰ ਕੀਰਤਨ ਸੋਹਿਲਾ ਪੜ੍ਹਨ ਵੇਲੇ ਉਸ ਨੂੰ -

***ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ***
***ਤਾਰਿਕਾ ਮੰਡਲ ਜਨਕ ਮੋਤੀ॥ ਅੰਗ - ੧੩***

ਵਾਲੇ ਸ਼ਬਦ ਵਿਚ ਨੀਂਦ ਆ ਗਈ। ਉਹ ਚੋਰ ਜੋ ਅਜੇ ਵੀ ਇਸ ਦਾ ਪਿਛਾ ਕਰ ਰਹੇ ਸਨ, ਉਨ੍ਹਾਂ ਨੇ ਵੀ ਤਾੜ ਲਿਆ ਕਿ ਅੱਜ ਇਹ ਸੌਦਾਗਰ ਮੰਤਰ ਪੜ੍ਹਨਾ ਭੁੱਲ ਗਿਆ ਹੈ। ਅੱਜ ਅਸਾਡਾ ਦਾਓ ਲਗ ਗਿਆ। ਉਹ ਇਕ ਦਮ ਘੋੜਿਆਂ ਦੇ ਚਰਨੇ ਪਾਸ ਪਹੁੰਚ ਕੇ ਅਗਾੜੀਂ ਪਛਾੜੀ ਲਾਹੁਣ ਲਗ ਗਏ। ਐਨੇ ਵਿਚ ਉਸ ਵਪਾਰੀ ਨੂੰ ਜਾਗ ਆ ਗਈ ਉਸ ਨੇ ਫੇਰ ਸਾਵਧਾਨ ਹੋ ਕੇ ਕੀਰਤਨ ਸੋਹਿਲਾ ਪੜ੍ਹ ਦਿਤਾ ਤੇ ਉਹ ਕਿਲਾ ਬਣ ਗਿਆ। ਉਧਰ ਚੋਰਾਂ ਨੇ ਘੋੜੇ ਖੋਲ੍ਹ ਲਏ ਪਰ ਸਵੇਰ ਤੱਕ ਬਾਹਰ ਨਿਕਲਣ ਦਾ ਰਾਹ ਨਾ ਮਿਲਿਆ। ਉਸ ਦਾ ਇਕੋ ਤਰੀਕਾ ਸੀ ਕਿ ਇਸ਼ਨਾਨ ਕਰਕੇ ਜਪੁਜੀ ਸਾਹਿਬ ਪੜ੍ਹਿਆ ਜਾਵੇ। ਜਪੁਜੀ ਸਾਹਿਬ ਪੜ੍ਹਨ ਨਾਲ ਉਹ ਕਿਲਾ ਦੂਰ ਹੋ ਜਾਂਦਾ ਸੀ। ਅੱਜ ਜਦੋਂ ਸੌਦਾਗਰ ਦੇ ਨਾਲ ਆਏ ਰਾਖੇ ਘੋੜਿਆਂ ਵਲ ਗਏ ਤਾਂ ਕੀ ਦੇਖਦੇ ਹਨ ਕਿ ਘੋੜਿਆਂ ਦੇ ਮੂੰਹ ਵਿਚ ਲਗਾਮਾਂ ਪਾਈਂ, ਚੋਰ ਅੱਗੇ ਬੈਠੇ ਹਨ। ਉਨ੍ਹਾਂ ਚੋਰਾਂ ਨੂੰ ਫੜ ਲਿਆ। ਚੋਰਾਂ ਨੇ ਕਿਹਾ ਕਿ ਸਾਨੂੰ ਆਪਣੇ ਵਪਾਰੀ ਪਾਸ ਲੈ ਜਾਵੋ। ਉਸ ਸੌਦਾਗਰ ਦੇ ਪਾਸ ਆ ਕੇ ਚੋਰਾਂ ਨੇ ਸਾਫ-ਸਾਫ ਦਸ ਦਿਤਾ ਕਿ ਸੇਠ ਜੀ! ਅਸੀਂ ਹੀ ਹਾਂ ਜਿਹੜੇ ਹਰ ਸਾਲ ਤੁਹਾਡੇ ਘੋੜੇ ਚੋਰੀ ਕਰਦੇ ਸਾਂ। ਹੁਣ ਵੀ ਜੇਹਲਮ ਤੋਂ ਅਸੀਂ ਤੁਹਾਡੇ ਪਿਛੇ ਲੱਗੇ ਹੋਏ ਸੀ,

ਹੁਣ ਤੁਸੀਂ ਕੋਈ ਮੰਤਰ ਪੜ੍ਹਦੇ ਹੋਂ ਅਤੇ ਘੋੜਿਆਂ ਦੇ ਦੁਆਲੇ ਕਿਲਾ ਹੋ ਜਾਂਦਾ ਹੈ, ਸਵੇਰ ਵੇਲੇ ਫੇਰ ਪੜ੍ਹਦੇ ਹੋ ਤੇ ਕਿਲਾ ਅੱਖਾਂ ਤੋਂ ਓਹਲੇ ਹੋ ਜਾਂਦਾ ਹੈ। ਕੀ ਤੁਸੀਂ ਦਸ ਸਕਦੇ ਹੋਂ ਕਿ ਤੁਹਾਨੂੰ ਇਹ ਮੰਤਰ ਕਿਥੋਂ ਮਿਲਿਆ ਹੈ ਤਾਂ ਉਸ ਸੇਠ ਨੇ ਕਿਹਾ ਕਿ ਇਹ ਕੀਰਤਨ ਸੋਹਿਲਾ ਹੈ। ਅਸੀਂ ਉਹ ਪੜ੍ਹਦੇ ਹਾਂ ਜਿਸ ਕਰਕੇ ਸਾਡੇ ਮਾਲ ਧਨ ਦੀ ਰਾਖੀ ਬਾਣੀ ਕਰਦੀ ਹੈ। ਉਨ੍ਹਾਂ ਨੇ ਕਿਹਾ ਕਿ ਸੇਠ ਜੀ! ਹੁਣ ਭਾਵੇਂ ਤੁਸੀਂ ਸਾਨੂੰ ਮਾਰੋ, ਭਾਵੇਂ ਛੱਡੋ ਭਾਵੇਂ ਰਾਜੇ ਪਾਸ ਲਿਜਾ ਕੇ ਰਾਜਦੰਡ ਦਿਵਾਓ ਪਰ ਹੁਣ ਅਸੀਂ ਉਹੋ ਜਿਹੇ ਚੋਰ ਨਹੀਂ ਰਹੇ। ਤੁਹਾਡੇ ਬਚਨ ਸੁਣ ਕੇ ਅਸਾਨੂੰ ਸੋਝੀ ਆ ਗਈ ਹੈ। ਅਸੀਂ ਸੋਚਦੇ ਹਾਂ ਕਿ ਕਿਉਂ ਨਾ ਅਸੀਂ ਵੀ ਉਸ ਮੁਰਸ਼ਦ ਦੇ ਦਰਸ਼ਨ ਕਰਕੇ ਗੁਰੂ ਧਾਰਨ ਕਰੀਏ। ਅੱਜ ਅਸਾਨੂੰ ਤੇਰੇ ਤੋਂ ਪਤਾ ਲੱਗਿਆ ਹੈ ਕਿ ਕੋਈ ਮੁਰਸ਼ਦ-ਏ-ਕਾਮਲ ਵੀ ਇਸ ਸੰਸਾਰ ਵਿਚ ਹੈਗਾ। ਸਾਨੂੰ ਉਨ੍ਹਾਂ ਦੇ ਚਰਨਾਂ ਵਿਚ ਲੈ ਚਲ, ਅਸੀਂ ਉਸ ਦੇ ਸੇਵਕ ਬਣਨਾ ਹੈ। ਉਸ ਵੇਲੇ ਉਹ ਵਪਾਰੀ ਸਾਰਿਆਂ ਨੂੰ ਗੁਰੂ ਮਹਾਰਾਜ ਜੀ ਪਾਸ ਲੈ ਗਿਆ।

ਸੋ ਮੈਂ ਗੱਲ ਕਰ ਰਿਹਾ ਸੀ ਕਿ ਸੰਤਾਂ ਨੇ ਕਿਹਾ, "ਪਿਆਰਿਓ! ਇਥੇ ਬਹੁਤ ਵਿਕਰਾਲ ਭਿਆਨਕ ਰੂਹਾਂ ਦਾ ਵਾਸਾ ਹੈ, ਇਹ ਆਏ ਗਏ ਨੂੰ ਬਹੁਤ ਨੁਕਸਾਨ ਪਹੁੰਚਾਉਂਦੀਆਂ ਹਨ, ਮੰਜੇ ਉਲਟਾ ਦਿੰਦੀਆਂ ਹਨ। ਇਥੋਂ ਤਕ ਕਿ ਜਾਨੋਂ ਵੀ ਮਾਰ ਦਿੰਦੀਆਂ ਹਨ। ਸੋ ਮਹਾਂਪੁਰਸ਼ਾਂ ਦੇ ਆਦੇਸ਼ ਅਨੁਸਾਰ ਕੀਰਤਨ ਸੋਹਿਲਾ ਪੜ੍ਹਿਆ ਗਿਆ। ਜੇ ਕੋਈ ਪ੍ਰੇਮੀ ਭੁਲਿਆ ਤਾਂ ਨਾਲ ਦੇ ਸਾਥੀ ਨੂੰ ਪੁਛ ਕੇ ਉਸ ਨੇ ਕੀਰਤਨ ਸੋਹਿਲੇ ਦਾ ਪਾਠ ਪੂਰਾ ਕਰ ਲਿਆ।

ਉਸ ਵੇਲੇ ਕਾਫੀ ਰਾਤ ਬੀਤ ਗਈ। ਸੰਤ ਅਜੇ ਜਾਗਦੇ ਸਨ, ਇਕ ਵਿਕਰਾਲ ਰੂਹ ਬਹੁਤ ਡਰਦੀ-ਡਰਦੀ ਅੱਗੇ ਵਧੀ ਅਤੇ ਅਨੁਭਵੀ ਮਹਾਂਪੁਰਸ਼ਾਂ ਦੇ ਸਾਮ੍ਹਣੇ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗੀ ਕਿ ਮਹਾਰਾਜ! ਮੇਰੀ ਕਲਿਆਣ ਕਰੋ, ਮੈਂ ਬਹੁਤ ਦੁਖੀ ਹਾਂ। ਅਜਿਹਾ ਬਚਨ ਸੁਣ ਕੇ ਸੰਤਾਂ ਨੇ ਕਿਹਾ ਕਿ ਤੂੰ ਆਪਣਾ ਪਰੀਚਾ ਦੇਹ। ਉਸ ਰੂਹ ਨੇ ਕਿਹਾ ਕਿ ਮੈਂ ਇਸ ਕੋਠੀ ਦਾ ਮਾਲਕ ਸਾਂ। ਇਹ ਬਹੁਤ ਵੱਡੀ ਕੋਠੀ ਮੈਂ ਬਹੁਤ ਰੀਝ ਨਾਲ ਬਣਾਈ। ਇਸ ਵਿਚ ਮੇਰਾ ਪਰਿਵਾਰ, ਜੋ ਕਾਫੀ ਜੀਅ ਸਨ, ਮੇਰੇ ਸਮੇਤ ਰਿਹਾ ਕਰਦਾ ਸੀ। ਇਸ ਕੋਠੀ ਵਿਚ ਮੇਰਾ ਹਰ ਵੇਲੇ ਖਿਆਲ ਬਣਿਆ ਰਹਿੰਦਾ ਸੀ। ਮੈਂ ਇਸ ਦੇ ਇਰਧ ਗਿਰਦ ਭੰਨ—ਘੜ ਕਰਦਾ ਰਹਿੰਦਾ ਸੀ। ਬਹੁਤ ਵੱਡਾ ਬਗੀਚਾ ਲਾਇਆ, ਜਿਸ ਨੂੰ ਦੇਖਣ ਲਈ ਬੂਟਿਆਂ ਦੇ ਜਾਨਣ ਵਾਲੇ ਆਇਆ ਕਰਦੇ ਸਨ ਅਤੇ ਮੇਰੀ ਪ੍ਰਸ਼ੰਸਾ ਕਰਦੇ ਸਨ। ਅਖੀਰ ਮੈਂ ਇਕ ਦਿਨ ਬਿਮਾਰ ਹੋ ਗਿਆ, ਮੈਨੂੰ ਪਤਾ ਲਗ ਗਿਆ ਕਿ ਮੈਂ ਬਚਣਾ ਨਹੀਂ ਹੈ। ਉਸ ਵੇਲੇ ਮੈਂ ਕੋਠੀ ਵਿਚ ਧਿਆਨ ਦੇਈ ਰੱਖਿਆ ਕਿ ਇਸ ਦੀ ਸੰਭਾਲ ਕੌਣ ਕਰੇਗਾ। ਇਹ ਕੋਠੀ ਬਹੁਤ ਸੋਹਣੀ ਹੈ, ਇਸ ਨੂੰ ਮੇਰੇ ਬਾਅਦ ਵਿਚ ਬੱਚੇ ਕਿਤੇ ਵੇਚ ਨਾ ਦੇਣ, ਫੇਰ ਇਹੋ ਜਿਹੀ ਕੋਠੀ ਨਹੀਂ ਮਿਲਣੀ। ਸੋ ਇਨ੍ਹਾਂ ਸੋਚਾਂ ਵਿਚ ਹੀ ਮੇਰੀ ਜਾਨ ਨਿਕਲ ਗਈ।

ਮੈਨੂੰ ਧਰਮਰਾਜ ਦੇ ਹਜ਼ੂਰ ਲਿਜਾਇਆ ਗਿਆ ਜਿਥੇ ਮੇਰੀ ਅੰਤਮ ਵਾਸ਼ਨਾ ਦੇ ਮੁਤਾਬਿਕ ਫੈਸਲਾ ਹੋਇਆ ਕਿ ਇਸ ਦੀ ਸੁਰਤ ਕੋਠੀ ਵਿਚ ਰਹਿ ਗਈ ਹੈ। ਇਸ ਨੂੰ ਪ੍ਰੇਤ ਬਣਾ ਕੇ ਉਸੇ ਕੋਠੀ ਵਿਚ ਛੱਡ ਆਓ। ਮਹਾਰਾਜ! ਮੈਂ ਉਸ ਸਮੇਂ ਤੋਂ ਇਸ ਕੋਠੀ ਵਿਚ ਹੀ ਰਹਿ ਰਿਹਾ ਹਾਂ। ਮੇਰੇ ਬੱਚਿਆਂ ਨੇ ਮੇਰੇ ਮਰਨ ਤੋਂ ਬਾਅਦ ਮੇਰਾ ਕੁਛ ਨਹੀਂ ਕਰਾਇਆ। ਉਹ ਆਪਣੀਆਂ ਮੌਜਾਂ ਵਿਚ ਰਹਿੰਦੇ ਰਹੇ। ਮੇਰਾ ਉਨ੍ਹਾਂ ਨਾਲ ਕੋਈ ਸੰਪਰਕ ਨਾ ਹੋ ਸਕਿਆ ਕਿਉਂਕਿ ਹੁਕਮ ਤੋਂ ਬਿਨਾਂ ਮੈਂ ਇਨ੍ਹਾਂ ਵਿਚ ਵੜ ਵੀ ਨਹੀਂ ਸੀ ਸਕਦਾ। ਇਹ ਮੈਨੂੰ ਭੁੱਲ ਗਏ ਕਿ ਮੈਂ ਇਨ੍ਹਾਂ ਦੇ ਕੋਲ ਹੀ ਪ੍ਰੇਤ ਪਿੰਜਰ ਵਿਚ ਰਹਿ ਕੇ ਦੁਖ ਭੋਗ ਰਿਹਾ ਹਾਂ। ਅਖੀਰ ਮੈਂ cruel (ਜ਼ਾਲਮ) ਬਿਰਤੀ ਧਾਰ ਲਈ। ਸਭ ਤੋਂ ਪਹਿਲਾਂ ਮੈਂ ਆਪਣੇ ਪੋਤੇ, ਪੋਤਰੀਆਂ ਨੂੰ ਮਾਰਿਆ, ਫੇਰ ਘਰਵਾਲੀ ਨੂੰ ਮਾਰਿਆ ਫੇਰ ਬੱਚੇ ਮਾਰੇ ਜਿਸ ਕਰਕੇ ਕੋਠੀ ਨੂੰ ਸਾਂਭਣ ਵਾਲਾ ਕੋਈ ਵੀ ਨਹੀਂ ਰਿਹਾ। ਮੇਰੇ ਨਾਲ ਹੋਰ ਭਟਕ ਰਹੀਆਂ ਰੂਹਾਂ ਨੇ ਵਾਸਾ ਕਰ ਲਿਆ। ਮੇਰਾ ਸੁਭਾਅ ਬਹੁਤ ਹੀ cruel (ਜ਼ਾਲਮ) ਹੈ। ਮਹਾਰਾਜ! ਜੇ ਇਥੇ ਕੋਈ ਆ ਕੇ ਠਹਿਰ ਜਾਂਦਾ ਸੀ ਤਾਂ ਅਸੀਂ ਉਸ ਨੂੰ ਮਾਰ ਦਿੰਦੇ ਹਾਂ। ਜੇ ਕੋਈ ਤਕੜੇ ਇਰਾਦੇ ਦਾ ਬੰਦਾ ਹੋਵੇ ਤਾਂ ਉਸ ਦਾ ਮੰਜਾ ਮੂਧਾ ਮਾਰ ਦਿੰਦੇ ਹਾਂ। ਉਹ ਡਰਦਾ ਮਾਰਾ ਬਾਹਰ ਦੌੜ ਜਾਇਆ ਕਰਦਾ ਹੈ। ਇਹ ਰੋਜ਼ ਦਾ ਹੀ ਕੰਮ ਹੋ ਗਿਆ। ਉਹ ਲੜਕੇ ਜਿਹੜੇ ਸਾਮ੍ਹਣੇ ਬੈਠੇ ਸੀ, ਜਿਨ੍ਹਾਂ ਨੇ ਤੁਹਾਨੂੰ ਭੇਜਿਆ ਹੈ, ਉਹ ਇਸੇ ਤਰ੍ਹਾਂ ਨਾਲ ਯਾਤਰੂਆਂ ਨੂੰ ਭੇਜਦੇ ਹਨ ਤੇ ਇੰਤਜ਼ਾਰ ਕਰਦੇ ਹਨ ਕਿ ਕਦੋਂ ਉਹ ਮਾਰ ਲੇ ਓਏ, ਮਾਰ ਲੇ ਓਏ ਕਰਦੇ ਨੱਠੇ ਆਉਣਾ, ਫੇਰ ਅਸੀਂ ਤਾੜੀਆਂ ਮਾਰ ਕੇ ਹੱਸੀਏ। ਸੋ ਇਸ ਇਰਾਦੇ ਨਾਲ ਉਨ੍ਹਾਂ ਨੇ ਤੁਹਾਨੂੰ ਵੀ ਭੇਜਿਆ ਸੀ।

ਅੱਜ ਤੁਸੀਂ ਕੋਈ ਐਸਾ ਮੰਤਰ ਪੜ੍ਹਿਆ ਹੈ ਕਿ ਅਸਾਡਾ ਕਿਸੇ ਤਰ੍ਹਾਂ ਬਲ ਤਾਂ ਕੀ ਚਲਣਾ ਸੀ, ਅਸੀਂ ਕੋਠੀ ਵਿਚੋਂ ਬਾਹਰ ਵੀ ਨਾ ਨਿਕਲ ਸਕੇ। ਤੁਹਾਡੇ ਮੰਤਰ ਦਾ ਐਨਾ ਸੇਕ ਲਗ ਰਿਹਾ ਹੈ ਅਤੇ ਐਸਾ ਅਸਰ ਹੋ ਰਿਹਾ ਹੈ ਕਿ ਅਸੀਂ ਇਸ ਕੋਠੀ ਵਿਚੋਂ ਬਾਹਰ ਨਿਕਲਣ ਤੋਂ ਅਸਮਰਥ ਹਾਂ।

ਮਹਾਰਾਜ ਮੈਂ ਹੁਣ ਡਰਦਾ-ਡਰਦਾ ਕੋਠੀ ਵਿਚੋਂ ਆਇਆ, ਮੇਰੀ ਅਵੱਗਿਆ ਨੂੰ ਮਾਫ ਕਰੋ, ਮੇਰੀ ਗਤੀ ਦਾ ਕੋਈ ਉਪਰਾਲਾ ਕਰੋ, ਮੈਂ ਦੁਖੀ ਹਾਂ ਮੇਰੇ ਤੋਂ ਹੋਰ ਦੁੱਖ ਨਹੀਂ ਸਹਿਨ ਹੁੰਦਾ।

ਤਾਂ ਮਹਾਤਮਾ ਨੇ ਕਿਹਾ ਕਿ ਅਸੀਂ ਤਾਂ ਅਕਾਸ਼ ਬਿਰਤੀ ਵਾਲੇ ਸਾਧੂ ਹਾਂ, ਨਾ ਪੱਲੇ ਬੰਨ੍ਹਦੇ ਹਾਂ, ਨਾ ਅਸਾਡੀਆਂ

ਗਿਲਟੀਆਂ ਨੂੰ ਜੇਬਾਂ ਲੱਗੀਆਂ ਹੋਈਆਂ ਹਨ, ਇਹ ਤਾਂ ਚਾਦਰਾਂ ਹੀ ਹਨ। ਜੇ ਕੋਈ ਪ੍ਰਸ਼ਾਦਾ ਦੇ ਜਾਵੇ ਤਾਂ ਠੀਕ ਹੈ ਜੇ ਨਾ ਦੇਵੇ ਤਾਂ ਹਰੀ-ਹਰੀ ਇਛਿਆ। ਸਾਡੇ ਪਾਸ ਕੋਈ ਪੈਸਾ ਨਹੀਂ ਹੈ, ਵਿਧੀਪੂਰਵਕ ਅਖੰਡਪਾਠ ਤੁਹਾਡੇ ਨਮਿਤ ਹੋ ਜਾਵੇ, ਫੇਰ ਯੱਗ ਕੀਤਾ ਜਾਵੇ, ਅਰਦਾਸ ਹੋਵੇ ਤਾਂ ਹੋ ਸਕਦਾ ਹੈ ਤੁਹਾਡੀ ਗਤੀ ਹੋ ਜਾਵੇ। ਤਾਂ ਉਸ ਵੇਲੇ ਉਸ ਨੇ ਕਿਹਾ ਕਿ ਪੈਸੇ ਦਾ ਤਾਂ ਇਸ ਕੋਠੀ ਵਿਚ ਘਾਟਾ ਨਹੀਂ। ਤੁਸੀਂ ਕੋਈ ਵੀ ਦੇਹਲੀ ਪੁੱਟ ਲਵੋ ਉਸ ਹੇਠੋਂ ਧਨ ਮਿਲ ਜਾਵੇਗਾ। ਜੋ ਹਜ਼ਾਰਾਂ ਦੀ ਤਦਾਦ ਵਿਚ ਕੱਚੇ ਭਾਂਡਿਆਂ ਵਿਚ ਰੱਖਿਆ ਹੋਇਆ ਹੈ। ਉਨ੍ਹਾਂ ਨੂੰ ਬਾਹਰ ਕੱਢ ਕੇ ਉਸ ਉਪਰੋਂ ਚੱਪਣੀ ਚੁੱਕ ਕੇ ਵੇਖੋਂਗੇ ਤਾਂ ਚਾਂਦੀ ਦੇ ਚਮਕਦੇ ਰੁਪਏ ਨਿਕਲਣਗੇ। ਉਨ੍ਹਾਂ ਨੂੰ ਖਰਚ ਕੇ ਰਾਸ਼ਨ ਖਰੀਦ ਲਵੋ ਅਤੇ ਤੁਸੀਂ ਅਖੰਡਪਾਠ ਕਰਾ ਸਕਦੇ ਹੋਂ। ਉਸ ਵੇਲੇ ਸੰਤਾਂ ਨੇ ਇਕ ਦੇਹਲੀ ਹੇਠੋਂ ਧਨ ਕੱਢਿਆ, ਰਾਸ਼ਨ ਲਿਆ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਆਂਦੀ ਅਤੇ ਆਪਣੇ ਸਾਥੀਆਂ ਨੂੰ ਦੇ ਕੇ ਕਿਹਾ ਕਿ ਬਹੁਤ ਹੀ ਵਿਧੀ ਪੂਰਵਕ ਅਖੰਡਪਾਠ ਕਰਨਾ ਹੈ ਅਤੇ ਇਸ ਦਾ ਫਲ ਅਵਿਅਕਤ ਰੂਹ ਨੂੰ ਦੇ ਕੇ ਉਨ੍ਹਾਂ ਦੀ ਗਤੀ ਕਰਾਉਣੀ ਹੈ। ਉਸ ਪ੍ਰੇਤ ਨਾਲ ਇਹ ਗੱਲ ਗਿਣ ਲਈ ਕਿ ਪਾਠ ਪਿਛੋਂ ਅਸੀਂ ਅਰਦਾਸ ਕਰਕੇ ਗੁਰੂ ਮਹਾਰਾਜ ਦਾ ਭੋਗ ਲੱਗੀ ਦੇਗ ਵਰਤਾਵਾਂਗੇ। ਤੇਰਾ ਛਾਂਦਾ ਕੱਢ ਕੇ ਅਸੀਂ ਨਿੱਚ (ਆਲੇ) ਵਿਚ ਰੱਖ ਦੇਵਾਂਗੇ। ਜੇ ਤਾਂ ਤੂੰ ਪ੍ਰਸ਼ਾਦ ਲੈ ਗਿਆ ਤਾਂ ਸਮਝਾਂਗੇ ਕਿ ਤੇਰੀ ਗਤੀ ਹੋ ਗਈ, ਜੇ ਨਾ ਲੈ ਕੇ ਗਿਆ ਤਾਂ ਸਾਨੂੰ ਆ ਕੇ ਮਿਲੀਂ, ਫੇਰ ਅਗਲੀ ਗੱਲਬਾਤ ਸੋਚਾਂਗੇ। ਇਸੇ ਤਰ੍ਹਾਂ ਨਾਲ ਅਖੰਡਪਾਠ ਸੰਪੂਰਨ ਹੋਇਆ, ਪਰ ਜਦੋਂ ਦੇਖਿਆ ਤਾਂ ਪ੍ਰਸ਼ਾਦ ਉਸੇ ਤਰ੍ਹਾਂ ਕੌਲੀ ਵਿਚ ਪਿਆ ਸੀ। ਸੰਤਾਂ ਨੇ ਕਿਹਾ ਕਿ ਗੁਰਮੁਖੋ! ਆਪਣੇ ਵਿਚੋਂ ਕਿਸੇ ਤੋਂ ਭੁੱਲ ਹੋ ਗਈ। ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤਾਂ ਲਗਣਾ ਹੀ ਲਗਣਾ ਸੀ ਪਰ ਭੁੱਲ ਆਪਣੀ ਹੋਣ ਕਰਕੇ ਪਾਠ ਨੇ ਫਲ ਨਹੀਂ ਦਿਤਾ। ਅੱਜ ਫੇਰ ਇਥੇ ਹੀ ਠਹਿਰਾਂਗੇ। ਜਦੋਂ ਰਾਤ ਨੂੰ ਠਹਿਰੇ ਤਾਂ ਸੰਤਾਂ ਦੇ ਕਮਰੇ ਵਿਚ ਓਹੀ ਰੂਹ ਆਈ। ਪਰ ਅੱਗੇ ਨਾਲੋਂ ਬਹੁਤ ਸੋਹਣੀ ਹੋਈ ਹੋਈ ਸੀ। ਸੰਤਾਂ ਨੇ ਕਿਹਾ ਕਿ ਅਸੀਂ ਤਾਂ ਪਾਠ ਬੜੀ ਸਾਵਧਾਨੀ ਨਾਲ ਕਰਾਇਆ ਹੈ, ਤੂੰ ਪ੍ਰਸ਼ਾਦ ਕਿਉਂ ਨਹੀਂ ਲੈ ਕੇ ਗਿਆ? ਉਸ ਨੇ ਕਿਹਾ ਕਿ ਉਸ ਪਾਠ ਦਾ ਫਲ ਤਾਂ ਮੈਨੂੰ ਮਿਲ ਗਿਆ ਪਰ ਦੇਖੋ, ਪਹਿਲਾਂ ਮੈਂ ਕਿਹੋ ਜਿਹਾ ਸੀ, ਵਿਕਰਾਲ ਸੀ ਹੁਣ ਕਿੰਨਾ ਸੁੰਦਰ ਹੋ ਗਿਆ। ਪਰ ਮਹਾਰਾਜ ਇਕ ਭੇਤ ਵਾਲੀ ਗੱਲ ਇਹ ਹੈ ਕਿ 12 ਤੋਂ 2 ਵਾਲਾ ਜੋ ਗ੍ਰੰਥੀ ਸੀ ਉਸ ਨੂੰ ਸੁਪਨ ਦੋਸ਼ ਹੋ ਗਿਆ। ਉਹ ਪਵਿੱਤਰ ਨਹੀਂ ਸੀ ਉਹ ਬਿਨਾਂ ਇਸ਼ਨਾਨ ਕੀਤੇ ਹੀ ਡਿਊਟੀ ਤੇ ਬੈਠ ਗਿਆ। ਇਸ ਕਰਕੇ ਪਾਠ ਖੰਡਤ ਹੋ ਗਿਆ। ਸੰਤਾਂ ਨੇ ਸਭ ਸੇਵਕਾਂ ਨੂੰ ਬੁਲਾਇਆ ਤਾਂ ਇਕ ਸੇਵਕ ਮੰਨ ਗਿਆ ਕਿ ਮੈਂ ਹੀ ਹਾਂ, ਜਿਸ ਤੋਂ ਇਹ ਭੁੱਲ ਹੋਈ ਹੈ। ਤਾਂ ਉਸ ਨੇ ਕਿਹਾ ਕਿ ਮੇਰੀ ਅਵੱਗਿਆ ਖਿਮਾ ਕਰੋ ਅਤੇ ਬਲ ਦੇਵੋ ਕਿ ਮੈਂ ਅੱਗੇ ਤੋਂ ਅਜਿਹੀ ਅਵੱਗਿਆ ਨਾ ਕਰਾਂ। ਤਾਂ ਸੰਤਾਂ ਨੇ ਕਿਹਾ ਕਿ ਤੂੰ ਅਸਾਡੇ ਨਾਲ ਰਹਿੰਦਾ ਹੈਂ ਅਤੇ ਅਸੀਂ ਆਪਣੀ ਸੰਗਤ ਨੂੰ ਸਦਾ ਹੀ ਸੁਚੇਤ ਕਰਦੇ ਰਹਿੰਦੇ ਹਾਂ ਕਿ ਕਾਮੁਕ ਬਿਰਤੀ ਬਹੁਤ ਹੀ ਖਤਰਨਾਕ ਹੋਇਆ ਕਰਦੀ ਹੈ। ਜੇ ਕਿਸੇ ਮਕਾਨ ਨੂੰ ਅੱਗ ਲਗ ਜਾਵੇ ਤਾਂ ਉਹ ਉਸ ਨੂੰ ਸਾੜ ਦਿਆ ਕਰਦੀ ਹੈ ਪਰ ਕਾਮ ਇਸ ਤੋਂ ਕਿਤੇ ਬੁਰੀ ਚੀਜ਼ ਹੈ। ਅਸੀਂ ਤੁਹਾਨੂੰ ਸਦਾ ਹੀ ਵਰਜਦੇ ਰਹਿੰਦੇ ਹਾਂ ਕਿ ਪਰ-ਇਸਤ੍ਰੀ ਨੂੰ ਆਪਣੇ ਮਨ ਵਿਚ ਲਿਜਾਉਣ ਤੋਂ ਬਚੋ ਅਤੇ ਸਦਾ ਹੀ ਸਾਵਧਾਨ ਰਹੋ। ਬਾਹਰਲੀ ਅਗਨ ਤਾਂ ਘਰ ਬਾਰ ਹੀ ਜਾਲ ਸਕਦੀ ਹੈ ਪਰ ਇਸਤ੍ਰੀ ਦਾ ਸੰਗ ਕਈ ਜਨਮਾਂ ਦੇ ਤਪ ਨੂੰ, ਬੈਰਾਗ ਨੂੰ ਸੁਆਹ ਬਣਾਉਣ ਦੀ ਸ਼ਕਤੀ ਰਖਦਾ ਹੈ। ਪਰ-ਇਸਤ੍ਰੀ ਰੂਪ ਅਗਨ ਸਭ ਅਗਨਾਂ ਤੋਂ ਸ਼ਕਤੀਸ਼ਾਲ ਹੈ। ਜੋ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਅੱਖਾਂ, ਬੋਲ ਹਰ ਤਰਫ ਤੋਂ ਰਾਖ ਹੀ ਬਣਾ ਦਿੰਦੀ ਹੈ। ਜਿਵੇਂ ਨਿਓਲਾ ਸੱਪ ਨੂੰ ਖੁੱਡ ਵਿਚੋਂ ਕੱਢ ਕੇ ਮਾਰ ਦਿੰਦਾ ਹੈ ਇਸੇ ਤਰ੍ਹਾਂ ਇਸਤ੍ਰੀ ਵਿਚ ਸਮਰਥਾ ਹੈ ਕਿ ਉਹ ਆਤਮ ਅਨੰਦੀ ਜੋਗੀ ਨੂੰ ਆਤਮ ਅਨੰਦ ਵਿਚੋਂ ਕੱਢ ਕੇ ਉਸ ਨੂੰ ਆਪਣਾ ਸੰਗ ਕਰਵਾ ਕੇ ਨਰਕਾਂ ਵਿਚ ਸੁੱਟ ਦਿੰਦੀ ਹੈ। ਤੈਨੂੰ ਸੁਪਨੇ ਵਿਚ ਵੀ ਇਸਤ੍ਰੀ ਦਾ ਖਿਆਲ ਕਿਉਂ ਆਇਆ, ਇਹ ਬਹੁਤ ਬੁਰੀ ਗੱਲ ਹੈ। ਤੁਹਾਨੂੰ ਅਸੀਂ ਹਮੇਸ਼ਾਂ ਹੀ ਦਸਦੇ ਹਾਂ ਕਿ ਤੁਸੀਂ ਦੋਖ ਦ੍ਰਿਸ਼ਟੀ ਕਰਕੇ ਸੋਚਿਆ ਕਰੋ ਕਿ ਉਸ ਦੀ ਦੇਹ ਕੀ ਹੈ? ਮਾਸ ਹੈ, ਨੱਕ ਵਿਚ ਵੀ ਮੈਲ ਹੈ, ਅੱਖਾਂ ਵਿਚ ਵੀ ਮੈਲ ਹੈ, ਮੂੰਹ ਵਿਚ ਵੀ ਮੈਲ ਹੈ ਜੇ ਓਹੀ ਇਸਤ੍ਰੀ ਦੋ ਦਿਨ ਇਸ਼ਨਾਨ ਨਾ ਕਰੇ, ਉਸ ਤੋਂ ਦੁਰਗੰਧ ਆਉਂਦੀ ਹੈ। ਵਸਤਰ, ਗਹਿਣਿਆਂ ਕਰਕੇ ਹੀ ਉਹ ਸੁੰਦਰ ਲਗਦੀ ਹੈ। ਉਸ ਵਿਚ ਐਸੀ ਕਸ਼ਿਸ਼ ਹੈ ਕਿ ਉਹ ਆਤਮ ਧਨ ਦਾ ਨਾਸ਼ ਕਰ ਦਿੰਦੀ ਹੈ। ਜਿਵੇਂ ਵਿਹੁ ਦੀਆਂ ਗੰਧਲਾਂ ਦੇਖਣ ਨੂੰ ਤਾਂ ਮਿੱਠੀਆਂ ਲਗਦੀਆਂ ਹਨ ਪਰ ਇਨ੍ਹਾਂ ਨੂੰ ਖਾ ਕੇ ਬੰਦਾ ਮਰ ਜਾਂਦਾ ਹੈ। ਅਗਿਆਨ ਰੂਪੀ ਹਾਥੀ ਕਾਮ ਵਸ ਹੋਇਆ ਹੋਇਆ ਸਾਰੀ ਜ਼ਿੰਦਗੀ ਦੁਖ ਭੋਗਦਾ ਹੈ। ਵਣ ਰੂਪੀ ਅਗਨ ਸਭ ਕੁਝ ਜਲਾ ਦਿੰਦੀ ਹੈ ਪਰ-ਇਸਤ੍ਰੀ ਰੂਪੀ ਅਗਨ ਸਭ ਕਰਮ ਧਰਮ ਭ੍ਰਿਸ਼ਟ ਕਰ ਦਿੰਦੀ ਹੈ। ਇਸ ਅਗਨ ਤੋਂ ਪੂਰੀ ਤਰ੍ਹਾਂ ਬਚਣਾ ਚਾਹੀਦਾ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦਾ ਇਸ ਤਰ੍ਹਾਂ ਫੁਰਮਾਨ ਹੈ -

***ਨਿਜ ਨਾਰੀ ਕੇ ਸੰਗ ਨੇਹੁੰ ਤੁਮ ਨਿਤ ਬਢਯਹੁ।***
***ਪਰਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ॥***
***ਪਾਤਸ਼ਾਹੀ ੧੦***

*'ਚਲਦਾ...........।''*

# ਸਤਿਗੁਰ ਹਥਿ ਕੁੰਜੀ.......॥

*ਸੰਤ ਵਰਿਆਮ ਸਿੰਘ ਜੀ,*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥*
*ਚਿਰੰਕਾਲ ਇਹ ਦੇਹ ਸੰਜਰੀਆ ॥ ੧ ॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ ॥*
*ਕਈ ਜਨਮ ਗਰਭ ਹਿਰਿ ਖਰਿਆ ॥*
*ਕਈ ਜਨਮ ਸਾਖ ਕਰਿ ਉਪਾਇਆ ॥*
*ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥ ਅੰਗ - ੧੭੬*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ ॥ ੧ ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥*
*ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ ॥ ੨ ॥ ੧ ॥ ਅੰਗ- ੬੯੪*

ਸਾਧ ਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ। ਦੂਰ ਦਰਾਜ਼ ਤੋਂ ਆਪ ਕਾਰੋਬਾਰ ਸੰਕੋਚਦੇ ਹੋਏ, ਇਸ ਪਵਿੱਤਰ ਅਸਥਾਨ 'ਤੇ ਪਹੁੰਚੇ ਹੋਂ। ਜਿਸ ਦਾ ਕਣ-ਕਣ ਸੰਗਤਾਂ ਦੇ ਚਰਨ ਪੈਣ ਨਾਲ, ਗੁਰੂ ਮਹਾਰਾਜ ਦਾ ਪੱਕਾ ਨਿਵਾਸ ਹੋਣ ਨਾਲ, ਬਾਣੀ ਦੇ ਪ੍ਰਸਾਰ ਨਾਲ, ਅੰਮ੍ਰਿਤ ਵੇਲੇ ਨਾਮ ਜਪਣ ਨਾਲ, ਐਨਾ ਸ਼ਕਤੀਸ਼ਾਲੀ ਹੋ ਗਿਆ ਕਿ ਮਸਤਕ ਨੂੰ ਚਰਨ ਧੂੜ ਲਾਓ, ਬਿਮਾਰੀਆਂ ਖਤਮ, ਅਰਦਾਸ ਕਰੋ ਸਾਰੀਆਂ ਹੀ ਪੂਰੀਆਂ। ਓਸ ਭੂਮੀ ਦੇ ਉਪਰ ਆਪ ਬੈਠੇ ਹੋਂ। ਪਹਿਲਾਂ ਇਹ ਇਸ ਤਰ੍ਹਾਂ ਦੀ ਨਹੀਂ ਸੀ, ਇਥੇ ਤਾਂ ਵੱਡੇ-ਵੱਡੇ ਟਿੱਬੇ ਸੀ, ਸਰਕੜੇ ਖੜ੍ਹੇ ਸੀ, ਕੋਈ ਲੰਘਦਾ ਨਹੀਂ ਸੀ ਇਸ ਥਾਂ ਤੋਂ। ਸਮਾਂ ਆ ਗਿਆ, ਸਮੇਂ ਦੇ ਨਾਲ ਇਹ ਥਾਂ ਪ੍ਰਗਟ ਹੋ ਗਈ। ਇਹਦੇ ਪਿਛੋਕੜ ਵਿਚ ਕੀ ਹੈ ਇਸ ਬਾਰੇ ਜਾਂ ਅਨੁਭਵੀ ਮਹਾਂਪੁਰਸ਼ ਜਾਣਦੇ ਹਨ ਜਾਂ ਵਾਹਿਗੁਰੂ ਜੀ ਨੂੰ ਪਤਾ ਹੈ। ਐਡੀ ਭਾਰੀ ਗਿਣਤੀ ਵਿਚ ਇਸ ਥਾਂ ਅੱਜ ਦੂਸਰਾ ਦੀਵਾਨ ਹੈ। ਮੈਂ ਹੁਣ ਦੇਖਦਾ ਆਇਆ ਹਾਂ ਜੋ ਅਸੀਂ ਪੰਡਾਲ ਲਾਇਐ, ਉਹ ਤਾਂ ਭਰ ਚੁਕਿਐ, ਸੇਵਾਦਾਰਾਂ ਨੂੰ ਕਹੀਦੈ ਕਿ ਕਹੋ ਸੰਗਤ ਨੂੰ, ਹੋਰ ਨੇੜੇ-ਨੇੜੇ ਹੋ ਕੇ ਬੈਠੋ। ਉਸ ਤੋਂ ਬਾਅਦ ਜੇ ਥਾਉਂ ਨਹੀਂ ਹੈ, ਫੇਰ ਬਾਹਰ ਘੁੰਮਣ ਲਗ ਜਾਂਦੇ ਨੇ। ਬਹੁਤ ਸਾਰੇ ਪ੍ਰੇਮੀ ਦਰੱਖਤਾਂ ਥੱਲੇ ਬੈਠੇ ਸੁਣ ਰਹੇ ਨੇ। ਲੰਗਰ ਵਿਚ ਵੀ ਲੱਗੇ ਹੋਏ ਨੇ ਲਾਊਡ ਸਪੀਕਰ। ਇਥੋਂ ਦੋ ਮੀਲ ਤੱਕ, ਦੋ ਕਿਲੋਮੀਟਰ ਤਕ ਲਾਊਡ ਸਪੀਕਰ ਲੱਗੇ ਹੋਏ ਨੇ। ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ) ਦੇ ਨਾਉਂ 'ਤੇ ਜੋ ਗੇਟ ਬਣਿਆ ਹੋਇਆ ਹੈ, ਉਹਦੇ ਅੰਦਰ ਜਦੋਂ ਆਪ ਦਾ ਪੈਰ ਪੈਣਾ ਹੈ, ਉਸੇ ਵੇਲੇ ਬਿਰਤੀ ਨਾਮ ਦੇ ਨਾਲ ਲਗ ਜਾਂਦੀ ਹੈ, ਉਸੇ ਵੇਲੇ ਸ਼ਬਦ ਕੰਨਾਂ 'ਚ ਪੈਣਾ ਸ਼ੁਰੂ ਹੋ ਜਾਂਦੈ। ਤੁਹਾਡਾ ਪਿਆਰ, ਤੁਹਾਡਾ ਉਤਸ਼ਾਹ ਕਿੰਨਾ ਵੱਡਾ ਹੈ। ਵਾਹਿਗੁਰੂ ਜੀ ਕ੍ਰਿਪਾ ਕਰਨ, ਕੋਈ ਐਸੀ ਅਲੌਕਿਕ ਸ਼ਕਤੀ ਖੇਲ੍ਹ ਕਰ ਰਹੀ ਹੈ। ਪਿਛਲੇ ਸਾਲ ਵੀ ਮੈਂ ਕਿਹਾ ਸੀ, ਹੁਣ ਵੀ ਮੈਂ ਕਹਿੰਦਾ ਹਾਂ। ਇਹ ਸਾਡੀ ਕੋਈ ਤਾਕਤ ਨਹੀਂ ਹੈ, ਇਹ ਉਤੋਂ ਹੋ ਰਹੀ ਹੈ ਕੋਈ ਗੱਲ। ਨਾਮਧਾਰੀ ਮਹਾਂਪੁਰਸ਼ ਜਦੋਂ ਇਥੋਂ ਗਏ, ਉਥੇ ਉਹਨਾਂ ਦਾ ਵੀ ਸਮਾਗਮ ਹੋ ਰਿਹਾ ਸੀ, ਬੜਾ ਇਕੱਠ ਸੀਗਾ ਉਥੇ ਵੀ। ਕਹਿਣ ਲੱਗੇ ਕਿ ਇਹਨਾਂ ਰਤਵਾੜਾ ਸਾਹਿਬ ਤਾਂ ਬਹੁਤ ਇਕੱਠ ਹੁੰਦੈ, ਕਿਉਂਕਿ ਮੈਂ ਵੀ ਕੋਲ ਹੀ ਬੈਠਾ ਸੀ ਕਹਿਣ ਲੱਗੇ, ਤੇ ਆਪਣੇ ਤਾਂ ਬਹੁਤ ਥੋੜ੍ਹਾ ਹੈ। ਮੈ ਕਿਹਾ ਮਹਾਰਾਜ ਇਹ ਗੱਲ ਨਹੀਂ ਹੈ, ਸਾਡੇ ਕੋਲ Quantity (ਮਾਤਰਾ) ਬਹੁਤ ਹੈ, ਤੁਹਾਡੇ ਕੋਲ Quality (ਗੁਣਵੱਤਾ) ਜ਼ਿਆਦਾ ਹੈ। ਮਤਲਬ ਇਹ ਹੈ ਕਿ ਇਥੇ ਤੁਸੀਂ ਕਿੰਨੇ ਪਿਆਰ ਨਾਲ ਆਉਂਦੇ ਹੋਂ, ਕਿੰਨੇ ਮੀਲਾਂ ਤੋਂ ਆਏ ਹੋਂ। ਐਵੇਂ ਨਹੀਂ ਅਸੀਂ ਕਹਿੰਦੇ ਕਿ ਇਥੇ ਮੇਲਾ ਹੈ ਪਰ ਕੋਈ ਚੀਜ਼ ਨਹੀਂ ਮੇਲੇ ਵਾਲੀ। ਨਾ ਅਸੀਂ ਬਾਹਰ ਇਥੇ ਕੋਈ ਦੁਕਾਨਾਂ ਲੱਗਣ ਦਿੰਦੇ

ਹਾਂ, ਨਾ ਇਥੇ ਕੋਈ ਸ਼ੋਅ ਹੁੰਦੇ ਨੇ। ਬਿਲਕੁਲ ਨਹੀਂ, ਦੋ ਮੀਲ ਤੱਕ ਕੋਈ ਨਹੀਂ ਹੋ ਸਕਦਾ। ਪਰ ਸੰਗਤ ਦੇ ਉਤੇ ਕ੍ਰਿਪਾ ਹੈ। ਸਾਰਾ ਦਿਨ ਤੁਸੀਂ ਅੱਜ ਸੁਣਿਆ ਕਿ ਭਾਗ ਤੋਂ ਬਗੈਰ ਸਤਿਸੰਗ ਨਹੀਂ ਮਿਲਦਾ। ਬਾਣੀ ਕੰਨਾਂ ਵਿਚ ਨਹੀਂ ਪੈਂਦੀ ਤੇ ਬਾਣੀ ਸਮਝ ਵਿਚ ਨਹੀਂ ਆਉਂਦੀ। ਜਿਨ੍ਹਾਂ ਦੇ ਉੱਤਮ ਭਾਗ ਬਣਦੇ ਹਨ, ਉਹ ਇਸ ਰੀਮੋਟ ਏਰੀਏ ਦੂਰ-ਦਰਾਜ਼ ਵਿਚ ਪਹੁੰਚਦੇ ਨੇ। ਕਿੰਨੀਆਂ ਦਿੱਕਤਾਂ ਨੇ। ਕੋਈ ਸਵਾਰੀ ਨਹੀਂ ਮੂਹਰੇ ਦੀ ਜਾਂਦੀ, ਮੂਹਰਲੀ ਸੜਕ ਦੇ ਨਾਲ ਨਹੀਂ ਲੱਗਿਆ ਹੋਇਆ। ਇਕ ਪਾਸੇ ਪਹਾੜ ਨੇ, ਇਕ ਪਾਸੇ ਇਲਾਕਾ ਦੂਰ ਰਹਿ ਗਿਆ। ਲੇਕਿਨ ਇਥੇ ਐਨਾ ਇਕੱਠ ਹੋ ਜਾਣਾ ਤੇ ਦੂਸਰੇ ਦਿਨ ਹੀ 1000 ਫੁੱਟ ਲੰਮਾ, 250 ਫੁੱਟ ਚੌੜਾ, ਪੰਡਾਲ ਭਰ ਜਾਣਾ ਤੇ ਹੁਣ ਮੈਂ ਸਿੰਘਾਂ ਨੂੰ ਬੇਨਤੀ ਕਰਾਂਗਾ ਕਿ ਭਾਈ! ਕੱਲ੍ਹ ਨੂੰ ਤੁਸੀਂ ਇਹਦੇ ਆਲੇ-ਦੁਆਲੇ ਹੋਰ ਵਧਾਓ। ਅਸੀਂ ਵਿਚ ਥੋੜ੍ਹੀ-ਥੋੜ੍ਹੀ ਛੂਟ ਵੀ ਦਿੰਦੇ ਹਾਂ। ਸਵੇਰੇ 5 ਤੋਂ 7 ਉਹ ਪ੍ਰੇਮੀ ਆਉਂਦੇ ਨੇ ਜਿਨ੍ਹਾਂ ਨੂੰ ਨਾਮ ਜਪਣ ਦਾ ਸ਼ੌਂਕ ਹੈ। ਸਾਡਾ ਮੰਤਵ ਇਹ ਹੈ ਕਿ ਤੁਸੀਂ ਆਏ ਹੋਂ ਤਾਂ ਵੱਧ ਤੋਂ ਵੱਧ ਲਾਭ ਪ੍ਰਾਪਤ ਕਰੋਂ। ਗੱਲ ਨੂੰ ਸਮਝੋ। ਕੱਲ੍ਹ ਸਾਰੇ ਵਕਤਿਆਂ ਨੇ ਇੱਕੋ ਗੱਲ ਦਸੀ ਹੈ ਕਿ ਸੰਸਾਰ ਵਿਚ ਆਉਣ ਦਾ ਕੀ ਮਨੋਰਥ ਹੈ? ਕੀ ਮਨੁੱਖ ਖਾਣ ਪੀਣ ਵਾਸਤੇ, ਜਾਇਦਾਦਾਂ ਬਣਾਉਣ ਵਾਸਤੇ, ਪਦਵੀਆਂ ਹਾਸਲ ਕਰਨ ਵਾਸਤੇ ਜਾਂ ਲੁੱਟ ਕਸੁੱਟ ਵਾਸਤੇ ਜਾਂ ਹੋਰ ਕੰਮਾਂ ਵਾਸਤੇ, ਜਾਂ ਭੋਗਾਂ ਵਾਸਤੇ ਆਇਆ ਹੈ। ਜਾਂ ਕੋਈ ਇਹਦਾ ਟੀਚਾ ਹੋਰ ਹੈ। ਸਾਰੇ ਬੁਲਾਰੇ ਪੂਰੇ ਵਿਦਵਾਨ ਸੀ। ਕਿਉਂਕਿ ਇਥੋਂ ਜਦੋਂ ਚੋਣ ਕੀਤੀ ਜਾਂਦੀ ਹੈ, ਉਦੋਂ ਬੋਲਣ ਵਾਲਿਆਂ ਦਾ ਇਕ-ਇਕ ਅੱਖਰ ਸਾਡੇ ਕੋਲ ਪਹੁੰਚਦਾ ਹੈ, ਜਿਹੜਾ ਨਹੀਂ ਠੀਕ ਹੁੰਦਾ, ਅਸੀਂ ਵਾਪਸ ਕਰ ਦਿੰਦੇ ਹਾਂ। ਬਹੁਤ ਸਾਰੇ ਬੋਲਣ ਵਾਲੇ ਰਹਿ ਜਾਂਦੇ ਨੇ। ਕੋਈ ਕੱਚੀ ਗੱਲ ਕਹਿਣ ਵਾਲਾ ਨਹੀਂ ਆਉਂਦਾ। ਗਿਣੀ ਮਿਤੀ ਬਾਤ ਹੁੰਦੀ ਹੈ। ਅੱਜ ਦਾ ਵਿਸ਼ਾ ਇਹ ਹੈ ਕਿ ਉਹ ਮਨੋਰਥ ਕਿਵੇਂ ਪੂਰਾ ਹੋਵੇ? ਅਸੀਂ ਨਾਮ ਜਪਣ ਵਾਸਤੇ ਆਏ ਹਾਂ, ਚਲੋ ਇਹ ਤਾਂ ਗੱਲ ਅਸੀਂ ਤੁਹਾਡੀ ਮੰਨ ਲਈ ਕਿ ਅਸੀਂ ਨਾਮ ਜਪਣ ਵਾਸਤੇ ਆਏ ਹਾਂ। ਨਾਮ ਹੈ ਕਿੱਥੇ? ਕਿੱਥੋਂ ਮਿਲਦੈ? ਕੀ ਉਹਦੀ ਕੀਮਤ ਹੈ? ਕਿਵੇਂ ਮਿਲਦਾ ਹੈ, ਕੌਣ ਹੈ ਜਿਹੜਾ ਉਹ ਦਿੰਦਾ ਹੈ? ਉਹ ਜਿਹੜਾ ਨਾਮ ਦਿੰਦੈ ਉਹ ਆਮ ਮਨੁੱਖ ਹੈ ਜਾਂ ਕੋਈ ਵਿਸ਼ੇਸ਼ ਮਨੁੱਖ ਹੈ? ਇਹਦੀ ਵਿਚਾਰ ਅੱਜ ਸਵੇਰ ਤੋਂ ਚਲਦੀ ਹੈ ਕਿ ਉਹ ਆਮ ਮਨੁੱਖਾਂ ਵਰਗਾ ਤਾਂ ਨਹੀਂ ਹੈਗਾ। ਸਰੀਰ ਦੇਖਣ ਨੂੰ ਤਾਂ ਹੈ ਆਦਮੀ ਲੇਕਿਨ ਉਹਦੇ ਅੰਦਰ ਜੋ ਗਿਆਨ ਦਾ ਪ੍ਰਕਾਸ਼ ਹੈ, ਜੋਤੀ ਦਾ ਵਿਗਾਸ ਹੈ, ਉਹ ਗੱਲ ਤੁਹਾਡੀ ਸਮਝ ਵਿਚ ਆਉਣੀ ਮੁਸ਼ਕਲ ਹੈ। ਵਿਰਲੇ-ਵਿਰਲੇ ਪ੍ਰੇਮੀ ਹਨ, ਜਿਹੜੇ ਅੰਦਰਲੀ ਗੱਲ ਨੂੰ ਜਾਣਦੇ ਨੇ। ਉਹਦੇ ਬਾਰੇ ਬਹੁਤ ਤਰੀਕਿਆਂ ਦੇ ਨਾਲ ਦੱਸਣ ਦਾ ਯਤਨ ਕੀਤਾ ਗਿਆ ਹੈ। ਜਿਹੋ ਜਿਹੀ ਰੌਸ਼ਨੀ ਅਕਾਲ ਪੁਰਖ ਨੇ ਕਿਸੇ ਨੂੰ ਬਖਸ਼ੀ, ਵੈਸੀ ਹੀ ਉਸ ਨੇ ਗੱਲ ਕਰੀ। ਉਹ ਹੈ ਕਿ ਸਾਰਿਆਂ ਤੋਂ ਸੁਪਰੀਮ ਨਿਰੰਕਾਰ ਸ਼ਕਤੀ ਜੋ ਹੈ, ਜਦੋਂ ਸੰਸਾਰ ਦੀ ਰਚਨਾ ਕਰਨ ਵਾਸਤੇ ਫੁਰਨਾ ਹੋਇਆ। ਹੁਣ ਇਥੇ ਰਚਨਾ ਕਰਨ ਨੂੰ ਤਾਂ ਕੋਈ ਚੀਜ਼ ਹੈ ਨਹੀਂ ਸੀ। ਆਪਾਂ ਤਾਂ ਜੇ ਖੇਤੀ ਕਰਨੀ ਹੈ, ਜ਼ਮੀਨ ਵੀ ਹੁੰਦੀ ਹੈ, ਟਰੈਕਟਰ ਦਾ ਵੀ ਬੰਦੋਬਸਤ ਕਰਦੇ ਹਾਂ, ਪਾਣੀ ਦਾ ਬੰਦੋਬਸਤ ਕਰਦੇ ਹਾਂ, ਫੇਰ ਬੀਜ ਅਸੀਂ ਖਰੀਦਦੇ ਹਾਂ, ਨੌਕਰ ਚਾਕਰ ਰਖਦੇ ਹਾਂ। ਵਿਉਂਤ ਦੇ ਮੁਤਾਬਿਕ ਮੌਸਮ ਦੇ ਲਿਹਾਜ਼ ਨਾਲ ਖੇਤੀ ਕਰਦੇ ਹਾਂ। ਉਹਨੂੰ ਸੰਭਾਲਦੇ ਹਾਂ। ਨਦੀਣ ਕੱਢਦੇ ਹਾਂ, ਬਾਰ-ਬਾਰ ਪਾਣੀ ਦਿੰਦੇ ਹਾਂ। ਖਾਦਾਂ ਪਾਉਂਦੇ ਹਾਂ, ਫੇਰ ਵੱਢਦੇ ਹਾਂ, ਦਾਣੇ ਸਾਡੇ ਹੱਥ ਵਿਚ ਆਉਂਦੇ ਨੇ, ਫੇਰ ਅਸੀਂ ਵੇਚਦੇ ਹਾਂ। ਆੜਤੀਆਂ ਕੋਲੋਂ ਪੈਸਾ ਆਉਂਦੈ ਸਾਡੇ ਕੋਲ ਫੇਰ ਚੀਜ਼ਾਂ ਖਰੀਦਦੇ ਹਾਂ। ਕਿੰਨਿਆਂ ਦੀ ਸਾਨੂੰ ਲੋੜ ਹੋਈ, ਸਾਨੂੰ ਖੇਤੀ ਕਰਨ ਵਾਸਤੇ। ਵਣਜ ਵਪਾਰ ਕਰਦੈ, ਕਿੰਨਿਆਂ ਦੀ ਲੋੜ ਹੈ, ਕਾਰਖਾਨੇ ਚਾਹੀਦੇ ਨੇ ਜਿਹੜੀਆਂ ਚੀਜ਼ਾਂ ਬਣਾਉਂਦੇ ਨੇ। ਲਿਆਉਣ ਵਾਸਤੇ ਗੱਡੀਆਂ ਚਾਹੀਦੀਆਂ ਨੇ। ਨੌਕਰ ਚਾਕਰ ਚਾਹੀਦੇ ਨੇ, ਪੈਸਾ ਚਾਹੀਦੈ, ਬੈਂਕਾਂ ਤੋਂ ਉਧਾਰ ਚਾਹੀਦੈ। ਬੜਾ ਕੁਛ ਚਾਹੀਦੈ, ਜਿਹਨੇ ਦੁਨੀਆਂ ਬਣਾਉਣੀ ਹੈ, ਉਹਨੂੰ ਕਿੰਨੀਆਂ ਚੀਜ਼ਾਂ ਚਾਹੀਦੀਆਂ ਨੇ। ਇਹ ਤਾਂ ਆਪਾਂ ਮਾੜੀ ਜਿਹੀ ਗੱਲ ਕਰੀ ਹੈ। ਦੁਨੀਆਂ ਬਣਾਉਣ ਨੂੰ ਦੇਖ ਲਓ, ਕਿੰਨਾ ਮਸਾਲਾ ਚਾਹੀਦੈ।

ਸਾਡੀ ਸਲਾਹ ਸੀ, ਸਾਨੂੰ ਇਕ ਪਲਾਟ ਮਿਲ ਰਿਹਾ ਸੀ ਮੋਹਾਲੀ 'ਚ। ਮੈਂ ਕਿਹਾ, ਉਥੇ ਮੈਂ ਸਿੱਖ ਇਤਿਹਾਸ ਸਟੈਚੂ ਬਣਾ ਦੇਵਾਂ ਸ਼ੁਰੂ ਤੋਂ ਲੈ ਕੇ। ਜਿਹੜੇ ਬਣਾਉਣ ਵਾਲੇ ਸੀ, ਉਹਨਾਂ ਨੂੰ ਬੁਲਾਇਆ। ਉਹ ਕਹਿੰਦੇ ਜੀ, ਇਕ-ਇਕ ਦਾ 50 ਹਜ਼ਾਰ ਰੁਪਿਆ ਲੱਗੇਗਾ। ਮੈਂ ਕਿਹਾ, ਪੈਸੇ ਦੀ ਕੋਈ ਗੱਲ ਨਹੀਂ। ਪਰ ਉਹ ਪਲਾਟ ਹੀ ਨਾ ਮਿਲਿਆ। ਮਤਲਬ ਇਕ ਚੀਜ਼ ਬਣਾਉਣ ਲਈ ਕਿੰਨਾ ਤਰੱਦਦ ਕਰਨਾ ਪਿਆ। ਵਾਹਿਗੁਰੂ ਜੀ ਨੇ ਸ੍ਰਿਸ਼ਟੀ ਰਚਣੀ ਸੀ। ਜਦੋਂ ਰਚ ਦਿਤੀ, ਅਸੀਂ ਤਾਂ ਕੁਛ ਵੀ ਨਹੀਂ, ਚਰਨਾਂ ਦੀ ਧੂੜ ਵੀ ਨਹੀਂ, ਵੱਡੇ-ਵੱਡੇ ਸਿਆਣਿਆਂ ਨੇ ਇਹ ਸੋਚਣਾ ਸ਼ੁਰੂ ਕਰ ਦਿਤਾ ਕਿ ਇਹ ਸ੍ਰਿਸ਼ਟੀ ਕਿਵੇਂ ਬਣ ਗਈ? ਇਹਨਾਂ ਦੀਆਂ ਸੋਚਾਂ ਅੱਡ-ਅੱਡ ਨੇ, ਜਦੋਂ ਹੱਲ ਕੋਈ ਨਾ ਲੱਭਿਆ, ਪਹਿਲਾਂ ਕਿਹਾ, ਪ੍ਰਕ੍ਰਿਤੀ ਜਿਹੜੀ ਹੈ matter (ਪਦਾਰਥ) ਜਿਹਨੂੰ ਕਹਿੰਦੇ ਨੇ, ਇਸ ਤੋਂ ਬਣੀ ਹੈ। ਦੂਸਰਿਆਂ ਨੇ ਕਿਹਾ ਕਿ ਨਹੀਂ ਪ੍ਰਮਾਣੂਆਂ ਤੋਂ ਬਣੀ ਹੈ। ਤੀਸਰੇ ਨੇ ਕਿਹਾ ਕਿ ਨਹੀਂ ਪ੍ਰਮਾਣੂਆਂ ਤੋਂ ਨਹੀਂ ਬਣੀ, ਇਹ ਤਾਂ ਇਲੈਕਟ੍ਰਾਨ, ਪ੍ਰੋਟਾਨ, ਨਿਊਟ੍ਰਾਨ; ਬਿਜਲੀ ਦੀਆਂ ਲਹਿਰਾਂ ਨਾਲ ਬਣੀ ਹੈ। ਇਹ ਸਾਇੰਸ ਦੀਆਂ ਗੱਲਾਂ ਆ ਗਈਆਂ। ਚੌਥੇ ਨੇ ਕਿਹਾ ਕਿ ਨਹੀਂ ਇਹ ਤਾਂ ਐਨਰਜੀ (ਸ਼ਕਤੀ) ਨਾਲ ਬਣੀ ਹੈ। ਪੰਜਵੇਂ ਨੇ ਕਿਹਾ ਕਿ ਐਨਰਜੀ ਕਿੱਥੋਂ ਆ

ਗਈ? ਉਹ ਕਹਿੰਦੇ, ਬਹੁਤ ਵੱਡਾ ਧਮਾਕਾ ਹੋਇਆ। ਉਸ ਧਮਾਕੇ ਦੇ ਨਾਲ ਐਨੀ ਗਰਮੀ (heat) ਪੈਦਾ ਹੋ ਗਈ। ਹੁਣ ਕੋਈ ਚੀਜ਼ ਹੋਏਗੀ ਤਾਂ ਹੀ ਬਣੇਗੀ। ਹੁਣ ਨਹੀਂ ਬਣਦੀ ਹੈ। ਵਿਉਂਤ ਕਿਵੇਂ ਆ ਗਈ ਇਹਦੇ ਵਿਚ? ਜ਼ਿੰਦਗੀ ਕਿਥੋਂ ਆ ਗਈ। ਪਦਾਰਥ (matter) 'ਚ ਕਿਤੇ ਜ਼ਿੰਦਗੀ ਹੈ? ਇਕ ਦੋ ਕਰੋੜ, ਲੱਖ ਸਾਲ ਰੱਖ ਛੱਡੋ ਇਹਦੇ 'ਚ ਕਦੇ ਜ਼ਿੰਦਗੀ ਆਉਂਦੀ ਹੀ ਨਹੀਂ ਹੈ। ਪੱਥਰ ਨੂੰ ਰੱਖ ਲਓ, ਪੱਥਰ ਜਿੱਥੇ ਹੈ ਉਥੇ ਹੀ ਪਿਆ ਰਹਿੰਦੈ, ਉਹਦੇ 'ਚ ਕੋਈ ਤੁਰਨ ਫਿਰਨ ਦੀ ਬਾਤ ਨਹੀਂ ਆ ਸਕਦੀ। ਸੋਚਣ ਦੀ ਬਾਤ ਨਹੀਂ ਆ ਸਕਦੀ। ਸੋ ਇਹ ਗੱਲ ਸਮਝੋ। ਸੋ ਇਸ ਗੱਲ ਵਾਸਤੇ ਸਾਧਨਾ ਕੀਤੀਆਂ ਗਈਆਂ। ਰਿਸ਼ੀਆਂ-ਮੁਨੀਆਂ ਨੇ ਖੋਜਾਂ ਕਰੀਆਂ। ਪਤਾ ਲੱਗਿਆ ਕਿ ਹਾਂ ਇਕ ਸ਼ਕਤੀ ਹੈ, ਉਹਨੂੰ ਕਿਸੇ ਦੀ ਲੋੜ ਨਹੀਂ ਹੈ। ਉਹਦੇ ਵਿਚ ਐਨੀ ਸ਼ਕਤੀ ਹੈ, ਸਰਬ ਕਲਾ ਸਮਰੱਥ ਉਹਨੂੰ ਕਹਿੰਦੇ ਨੇ। ਬਈ ਕੋਈ ਵੀ ਸ਼ਕਤੀ ਉਸ ਤੋਂ ਬਾਹਰ ਨਹੀਂ ਹੈ। ਜੋ ਵੀ ਚਾਹੇ ਉਹ -

*ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥* *ਅੰਗ- ੨੮੪*

ਅੱਖ ਝਮਕਦੇ ਹਾਂ ਨਾ ਆਪਾਂ, ਐਨੇ ਚਿਰ ਦੇ ਅੰਦਰ ਸਾਰੀਆਂ ਸ੍ਰਿਸ਼ਟੀਆਂ ਪੈਦਾ ਕਰ ਸਕਦੈ। ਅੱਖ ਦੇ ਝਮਕੇ ਵਿਚ ਕੁਛ ਵੀ ਨਹੀਂ ਰਹਿੰਦਾ। ਐਡੀ ਵੱਡੀ ਸ਼ਕਤੀ ਹੈ। ਫੇਰ ਕਿਹਾ ਕਿ ਉਸ ਸ਼ਕਤੀ ਨੇ ਫੁਰਨਾ ਕਰਕੇ ਸ੍ਰਿਸ਼ਟੀ ਰਚ ਦਿਤੀ। ਇਹ ਵੀ ਗੱਲ ਗਲਤ ਹੋ ਗਈ। ਮੈਂ ਇਥੇ ਜਾਦੂ ਦਾ ਖੇਲ੍ਹ ਕਰ ਦੇਵਾਂ, ਫੁਰਨਾ ਕਰਕੇ, ਉਹ ਜਾਦੂ ਦਾ ਖੇਲ੍ਹ ਵੱਖਰਾ ਹੋਵੇਗਾ। ਮਹਾਰਾਜ ਕਹਿੰਦੇ, ਨਹੀਂ ਇਹ ਗੱਲ ਨਹੀਂ ਹੈ। ਇਹ ਤਾਂ ਭਾਈ ਪ੍ਰਮੇਸ਼ਰ ਪਹਿਲਾਂ ਵੀ ਆਪ ਸੀ, ਤੁਹਾਨੂੰ ਇਕ ਅਰਥ ਦਸਦਾਂ ਜਿਹੜਾ ਬਹੁਤ ਹੀ ਔਖਾ ਹੈ, ਸਮਝ ਵਿਚ ਨਹੀਂ ਆਉਣਾ। ਜੇ ਕਿਸੇ ਦੇ ਸਮਝ ਵਿਚ ਆ ਜਾਵੇ। ਅੱਗੇ ਛੁਟਕਾਰਾ ਹੋ ਜਾਏਗਾ। ਇਥੇ ਹੀ ਹੁਣੇ ਹੀ। ਜਮਦੂਤ ਉਹਦੇ ਨੇੜੇ ਨਹੀਂ ਆਉਣਗੇ। ਸਾਰੀਆਂ ਸ਼ਕਤੀਆਂ ਦਾ ਮਾਲਕ ਹੁਣੇ ਹੀ ਬਣ ਜਾਏਗਾ। ਐਡਾ ਵੱਡਾ ਗਿਆਨ ਹੈ। ਉਹ ਕੀ ਹੈ? ਉਹ ਹੈ ਕਿ ਵਾਹਿਗੁਰੂ ਜੀ ਆਪ ਹੀ ਸਨ ਜਦੋਂ ਕੁਛ ਵੀ ਨਹੀਂ ਸੀਗਾ। ਇਹਦਾ ਮਤਲਬ ਹੈ ਦੂਜੀ ਚੀਜ਼ ਹੀ ਨਹੀਂ ਕੋਈ ਹੈ। ਕੁਛ ਵੀ ਨਹੀਂ ਜੇ ਕਹਿੰਦੇ ਹਾਂ ਤਾਂ ਫੇਰ ਦੂਜੀ ਚੀਜ਼ ਕੋਈ ਵੀ ਨਹੀਂ। ਜਦੋਂ ਆਪ ਸ੍ਰਿਸ਼ਟੀ ਦੇ ਰੂਪ ਵਿਚ ਪ੍ਰਗਟ ਹੋਇਆ। ਉਸ ਵੇਲੇ ਵੀ ਆਪ ਹੀ ਸੀ। ਜਿਹੜਾ ਹੁਣ ਆਪਣਾ ਸਮਾਂ ਲੰਘ ਰਿਹੈ, ਇਹ ਵੀ ਆਪ ਹੀ ਹੈ। ਜਦੋਂ ਇਥੇ ਫੇਰ ਕੁਛ ਨਹੀਂ ਹੋਏਗਾ, ਫੇਰ ਵੀ ਆਪ ਹੀ ਹੋਏਗਾ, ਇਹਦਾ ਅਰਥ ਬਹੁਤ ਹੀ ਤੀਬਰ ਬੁੱਧੀ ਕਿਸੇ ਦੀ ਹੋਵੇ ਤਾਂ ਉਹ ਸਮਝ ਜਾਂਦੈ। ਨਹੀਂ ਉਹ ਦੂਜੇ ਦੇ ਸਮਝ ਵਿਚ ਨਹੀਂ ਆਉਣਾ। ਸਾਰਾ ਸ੍ਰੀ ਗੁਰੂ ਗਰੰਥ ਸਾਹਿਬ, 1430 ਅੰਗ, ਜਪੁਜੀ ਸਾਹਿਬ ਆਹ ਦੋ ਤੁਕਾਂ ਨੂੰ ਸਮਝਾਉਣ ਵਾਸਤੇ ਹੈ। ਜੇ ਤਾਂ ਕਿਸੇ ਦੀ ਸਮਝ ਵਿਚ ਆ ਗਈਆਂ, ਉਹ ਜਿੱਤ ਗਿਆ ਬਾਜ਼ੀ। ਹੁਣ ਸਮਝ ਕਿਵੇਂ ਆਵੇ? ਸਾਡੀ ਜਿਹੜੀ ਬੁੱਧੀ ਹੈ -

*ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥*
*ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥*
*ਅੰਗ- ੧੩੭੫*

ਐਸੀ ਸਾਡੀ ਬੁੱਧੀ ਹੈ। ਉਹ ਉਡਾਰੀ ਮਾਰਦੀ ਹੈ ਉਹਦੇ ਫੰਘ ਜਲ ਜਾਂਦੇ ਨੇ -

*ਜਿਨ੍ਹਾਂ ਉਚਯਾਈਆਂ ਉਤੇ 'ਬੁੱਧੀ' ਖੰਭ ਸਾੜ ਢੱਠੀ,*
*ਮੱਲੋ ਮੱਲੀ ਓਥੇ ਦਿਲ ਮਾਰਦਾ ਉਡਾਰੀਆਂ।*
*ਪਿਆਲੇ ਅਣਡਿੱਠੇ ਨਾਲ, ਬੁੱਲ੍ਹ ਲਗ ਜਾਣ ਓਥੇ,*
*ਰਸ ਤੇ ਸਰੂਰ ਚੜ੍ਹੇ, ਝੂੰਮਾਂ ਆਉਣ ਪਯਾਰੀਆਂ।*
*'ਗਿਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।*
*'ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,*
*'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।'*
*ਡਾ. ਭਾਈ ਵੀਰ ਸਿੰਘ ਜੀ*

ਉਥੇ ਵਲਵਲੇ ਦੇ ਦੇਸ਼ ਵਿਚ ਪਹੁੰਚ ਗਿਆ। ਬੁੱਧੀ ਦਾ ਮੰਡਲ ਹੋਰ ਹੈ। ਵਲਵਲੇ ਦਾ ਦੇਸ਼ ਹੋਰ ਹੈ। ਉਥੇ ਪਹੁੰਚੇ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ। ਸੋ ਬੁੱਧੀ ਨੂੰ ਨਹੀਂ ਪਤਾ ਲਗ ਸਕਿਆ। ਹਾਲਾਂਕਿ ਗੱਲ ਸਾਫ ਹੈ-

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*

ਜੇ ਤਾਂ ਦੋ ਲਾਈਨਾਂ ਬੁੱਝ ਲਈਆਂ ਤਾਂ, ਤਾਂ ਸਾਰੀ ਗੱਲ ਲੇਖੇ ਵਿਚ ਪੈ ਗਈ। ਜੇ ਨਹੀਂ ਬੁੱਝੀਆਂ ਮਹਾਰਾਜ ਐਸਾ ਫੁਰਮਾਨ ਕਰਦੇ ਨੇ -

*ਧਾਰਨਾ - ਲੇਖੇ ਤੇਰੇ ਜੀ ਇਕ ਗੱਲ ਹੈ,*
*ਹੋਰ ਹਉਮੈ ਝੱਖਣਾ ਝਾਖ ਪਿਆਰਿਆ।*

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ॥ ੧ ॥*
*ਅੰਗ- ੪੬੭*

ਪੜ੍ਹ ਲੈ ਜਿੰਨਾਂ ਪੜ੍ਹਨੈਂ। ਕੋਈ ਸਵਾਸ ਖਾਲੀ ਨਾ ਜਾਵੇ। ਜੇ ਤਾਂ ਇਕ ਗੱਲ ਬੁੱਝ ਲਈ ਤਾਂ ਤੂੰ ਜਿੱਤ ਗਿਆ। ਜੇ ਇਕ ਗੱਲ ਨਹੀਂ ਬੁੱਝੀ। ਤੂੰ ਕੁਛ ਵੀ ਨਹੀਂ ਜਾਣਿਆ। ਐਸਾ ਫੁਰਮਾਨ ਹੈ -

*ਧਾਰਨਾ - ਆਵਨ ਨੂੰ ਜਗ ਵਿਚ ਆ ਗਏ ਨੇ,*
*ਬਿਨ ਬੁਝੇ ਪਸੂ ਢੋਰ।*
*ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥*
*ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥ ੧ ॥*
*ਅੰਗ- ੨੫੧*

ਆਪਾਂ ਸਾਰੇ ਆ ਗਏ ਸ੍ਰਿਸ਼ਟੀ ਵਿਚ, ਪੜ੍ਹੇ ਲਿਖੇ ਵੀ ਨੇ, ਅਨਪੜ੍ਹ ਵੀ ਨੇ, ਗਰੀਬ ਵੀ ਨੇ, ਅਮੀਰ ਵੀ ਨੇ, ਸੁਖੀ ਵੀ ਨੇ, ਦੁਖੀ ਵੀ ਨੇ; ਸਭ ਆ ਗਏ। ਕਹਿੰਦੇ, ਇਕ ਗੱਲ ਜੇ ਤੁਸੀਂ ਬੁੱਝੀ ਨਹੀਂ ਨਾ ਹੈ। ਬੜੀ ਔਖੀ ਮਹਾਰਾਜ ਨੇ ਬਾਤ ਕਹਿ ਦਿਤੀ ਕਿ ਫੇਰ ਤੁਸੀਂ ਮਨੁੱਖ ਨਾ ਆਪਣੇ ਆਪ ਨੂੰ ਕਿਹੋ। ਇਹਦਾ ਮਤਲਬ ਆਦਮੀ ਕੋਈ ਬਹੁਤ ਉੱਚੀ ਚੀਜ਼ ਹੈ। ਕਹਿੰਦੇ ਜੇ ਤੂੰ ਉਹ ਗੱਲ ਨਹੀਂ ਬੁੱਝੀ, ਫੇਰ ਤੂੰ ਪਸ਼ੂ ਹੈਂ, ਮਰਿਆ ਹੋਇਆ ਡੰਗਰ ਢੋਰ ਕਹਾਉਂਦੈ, ਗਧਾ ਹੈਂ। ਅਸੀਂ ਤਾਂ ਅਰਾਮ ਨਾਲ ਪੀ ਜਾਂਦੇ ਹਾਂ ਗੁਰੂ ਸਾਹਿਬ ਦੀ ਗੱਲ ਨੂੰ। ਜੇ ਕੋਈ ਬੰਦਾ ਕਹਿ ਦੇਵੇ ਉਹਦਾ ਸਿਰ ਪਾੜ ਦੇਈਏ। ਗੁਰੂ ਸਾਹਿਬ ਕਹਿੰਦੇ ਮੈਂ ਤਾਂ ਤੁਹਾਨੂੰ ਸ਼ਰਤ ਦਸ ਦਿਤੀ ਕਿ ਜੇ ਤਾਂ ਤੁਸੀਂ ਬੁੱਝ ਲਿਆ ਤਾਂ ਤੁਸੀਂ ਕੇਵਲ ਪਰਮ ਪਵਿੱਤਰ ਮਨੁੱਖ ਨਹੀਂ, ਕੇਵਲ ਸੰਤ ਹੀ ਨਹੀਂ, ਤੁਸੀਂ ਰੱਬ ਬਣ ਜਾਓਂਗੇ। ਉਹ ਕਾਰਨ ਕੀ, ਅਸੀਂ ਅੱਡ ਹੋਏ ਬੈਠੇ ਹਾਂ ਉਸ ਜੋਤੀ ਤੋਂ। ਉਹ ਜਦੋਂ ਅੱਡ ਹੋ ਗਏ, ਮਹਾਰਾਜ ਕਹਿੰਦੇ, ਬੁੱਝੋ ਤੁਸੀਂ ਕਾਹਦੇ ਨਾਲੋਂ ਅੱਡ ਹੋਏ ਹੋਂ। ਉਹ ਕੌਣ ਹੈ, ਕਿੱਥੇ ਰਹਿੰਦੀ ਹੈ? ਹੁਣ ਇਹਦੇ ਵਿਚ ਮੈਂ ਬੇਨਤੀ ਕਰਦਾ ਸੀ, ਵਾਹਿਗੁਰੂ ਜੀ ਨੇ ਕਿਤੋਂ ਕੋਈ ਚੀਜ਼ ਨਹੀਂ ਲਈ, ਇੱਟਾਂ ਵੱਟੇ ਕਿਤੋਂ ਨਹੀਂ ਲਏ, ਇਹ ਇਕ ਵਿਗਿਆਨਕ ਪ੍ਰਕ੍ਰਿਆ ਹੈ। ਸ਼ਬਦ ਤੋਂ ਪੈਦਾ ਹੋਈਆਂ ਸਾਰੀਆਂ ਚੀਜ਼ਾਂ –

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਜਦੋਂ ਹਸਤੀ ਵਿਚ ਨਿਰੰਕਾਰ ਆਇਆ, ਹਸਤੀ ਤਾਂ ਪਹਿਲਾਂ ਵੀ ਸੀ ਉਹਦੇ ਬਾਰੇ ਅਸੀਂ ਜਾਣ ਨਹੀਂ ਸਕਦੇ। ਦੂਜੇ ਨੰਬਰ 'ਤੇ ਸਾਡੇ ਕੁਝ ਸਮਝ ਵਿਚ ਪੈਂਦੀ ਹੈ। ਉਹ ਕਹਿੰਦੇ, ਉਹਦਾ ਨਾਉਂ ਏਕੰਕਾਰ ਹੋਇਆ। ਹੁਣ ਏਕੰਕਾਰ ਨੇ ਅੱਗੇ ਰਚਨਾ ਰਚਣੀ ਸੀ। ਰਚਨਾ ਰਚੀ ਦਿਬਯ ਸ਼ਬਦ ਦੇ ਨਾਲ। ਨਾ ਤਾਂ ਉਹ ਪ੍ਰਕ੍ਰਿਤਕ ਸ਼ਬਦ ਹੈ, ਜੇ ਮੈਂ ਕਹਾਂ, ਵਾਹਿ...ਗੁਰੂ, ਇਹ ਸ਼ਬਦ ਹੈ। ਇਹੋ ਜਿਹਾ ਸ਼ਬਦ ਨਹੀਂ, ਪ੍ਰਕ੍ਰਿਤੀ ਤਾਂ ਹੈ ਹੀ ਨਹੀਂ ਸੀ। ਸ਼ਬਦ ਦਾ ਜਿਹੜਾ ਮਤਲਬ ਹੈ, ਇਹ ਕੋਈ ਬਹੁਤ ਉੱਚੀ ਚੀਜ਼ ਹੈ, ਜਿਹੜੀ ਸਾਡੀ ਸਮਝ ਵਿਚ ਆ ਹੀ ਨਹੀਂ ਸਕਦੀ। ਨਾਲ ਮਹਾਰਾਜ ਨੇ ਦਸ ਦਿਤਾ ਕਿ ਸ਼ਬਦ ਤਾਂ ਹੋਇਆ। ਉਹ ਸ਼ਬਦ ਜਿਹੜਾ ਹੈ ਉਹਦੀ ਧੁਨ ਹੋਈ। ਉਹ ਧੁਨ ਹੋਈ, ਇਕ ਐਸੀ ਐਨਰਜੀ ਦਾ (flow) ਨਿਕਾਸ ਹੋਇਆ, ਜਿਹੜੀ ਸਾਰੇ ਹੀ ਫੈਲ ਗਈ। ਉਹਦੇ ਵਿਚ ਹੀ ਹੁਕਮ ਸੀ ਪ੍ਰਮੇਸ਼ਰ ਦਾ, ਉਹਦੇ ਵਿਚ ਹੀ ਵਿਉਂਤ ਸੀ, ਉਹਦੇ ਵਿਚ ਹੀ ਗਿਆਨ ਸੀ, ਉਹਦੇ ਵਿਚੋਂ ਸਾਰਾ ਹੀ ਸੰਸਾਰ ਪ੍ਰਗਟ ਹੋ ਗਿਆ –

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਓਅੰਕਾਰ ਉਹਦਾ ਨਾਉਂ ਰੱਖ ਲਿਆ ਗਿਆ –

*ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮਹਿ ਰਹਾ।*

ਉਹ ਜਿਹੜੀ ਧੁਨ ਹੈ ਉਹ ਪ੍ਰਕ੍ਰਿਤਕ ਤਾਂ ਹੈ ਨਹੀਂ, ਸਾਡੇ ਸ਼ਬਦਾਂ ਦੇ ਨਾਲ ਨਹੀਂ ਰਲਦੀ। ਇਹ ਤਾਂ ਪ੍ਰਕ੍ਰਿਤੀ ਤੋਂ ਬਾਅਦ ਸ਼ਬਦ ਪੈਦਾ ਹੋਏ ਨੇ। ਉਹ ਸ਼ਬਦ ਇਹਨਾਂ ਦੇ ਵਿਚ ਹੈ ਨਹੀਂ। ਉਹ ਕੋਈ ਚੀਜ਼ ਹੋਰ ਹੈ, ਜਿਹਦਾ ਨਾਉਂ ਸ਼ਬਦ ਰੱਖਿਆ ਗਿਐ। ਗੁਰੂ ਮਹਾਰਾਜ ਨੇ ਉਹਦਾ ਨਾਮ ਹੋਰ ਪ੍ਰਗਟ ਕਰ ਦਿਤਾ ਕਿ ਸ਼ਬਦ ਜਿਹੜਾ ਹੈ, ਪ੍ਰਕ੍ਰਿਤੀ ਦੇ ਮੰਡਲ 'ਚ ਜਾ ਕੇ ਜਦੋਂ ਅਸੀਂ ਸ਼ਬਦ ਕਹਾਂਗੇ, ਤਾਂ ਉਹ ਕੋਈ ਅਵਾਜ਼ ਹੋਵੇਗੀ। ਗੁਰੂ ਦੇ ਮੰਡਲ ਵਿਚ ਆ ਕੇ ਜਦੋਂ ਅਸੀਂ ਸ਼ਬਦ ਕਹਾਂਗੇ ਤਾਂ ਉਹ ਕੋਈ ਅੱਖਰਾਂ ਦਾ ਸਮੂੰਹ ਹੋਵੇਗਾ। ਇਥੋਂ ਅਸੀਂ ਗੱਲ ਫੜ ਲੈਂਦੇ ਹਾਂ ਕਿ ਗੁਰੂ ਨੇ ਜਿਹੜਾ ਸ਼ਬਦ ਕਿਹੈ, ਉਹ ਹੁਣੇ ਤੁਹਾਨੂੰ ਸਾਰੇ ਹੀ ਬੁਲਾਰੇ ਦਸ ਕੇ ਹਟੇ ਨੇ ਕਿ ਸਾਨੂੰ ਗੁਰੂ ਨੇ ਸ਼ਬਦ ਕਿਹਾ ਵਾਹਿਗੁਰੂ, ਇਹ ਵਾਹਿਗੁਰੂ ਸ਼ਬਦ ਇਥੇ ਇਸ ਮੰਡਲ ਵਿਚ ਆ ਕੇ ਕਿਹਾ। ਹੁਣ ਕਹਿੰਦੇ, ਇਹ ਸ਼ਬਦ ਦੇ ਜੇ ਜਪੋ ਤੁਸੀਂ, ਤਾਂ ਸ਼ਬਦ ਤੋਂ ਨਾਉਂ ਉਪਜੇਗਾ, ਨਾਮ ਪ੍ਰਗਟ ਹੋਵੇਗਾ। ਇਹ ਸ਼ਬਦ ਮਿਲਣਾ ਕਿੱਥੋਂ ਹੈ? ਕਹਿੰਦੇ ਇਹ ਸ਼ਬਦ ਅਕਾਲ ਪੁਰਖ ਤੋਂ ਆਪ ਹੀ ਮਿਲਦੈ, ਕਿਉਂਕਿ ਅਕਾਲ ਪੁਰਖ ਨੇ ਆਪਣਾ ਇਕ ਰੂਪ ਗੁਰੂ ਦਾ ਬਣਾਇਆ ਹੈ। ਆਪਣੀ ਇਕ ਜੋਤ ਬਣਾਈ ਹੈ, ਉਹ ਸਰੀਰਾਂ ਦੇ ਵਿਚ ਪ੍ਰਗਟ ਕਰਦੈ। ਜਿਥੇ ਉਹ ਜੋਤ ਪ੍ਰਗਟ ਹੁੰਦੀ ਹੈ, ਉਸਨੂੰ ਗੁਰੂ ਆਖਿਆ ਜਾਂਦੈ। ਗੁਰੂ ਅੱਖਰ ਨਹੀਂ ਹੈ, ਗੁਰੂ ਇਕ ਵਜੂਦ ਹੈ। ਉਹ ਕਿਹੜਾ ਵਜੂਦ ਹੈ ਕਹਿੰਦੇ –

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ– ੧੨੯੧*

ਹੁਣ ਇਹ ਸਾਡੀ ਪਰਖ ਵਾਸਤੇ ਦਸ ਦਿਤਾ ਕਿ ਜਿਹੜਾ ਸਰੀਰ ਦੇ ਵਿਚ ਘਰ ਦਿਖਾ ਦੇਵੇ ਰੱਬ ਦਾ, ਉਹ ਸਤਿਗੁਰੂ ਪੁਰਖ ਸੁਜਾਨ ਹੈ। ਸਾਨੂੰ ਤਾਂ ਪਤਾ ਹੀ ਨਹੀਂ ਕਿ ਇਸ ਸਰੀਰ ਦੇ ਅੰਦਰ ਕੋਈ ਹੋਰ ਘਰ ਵੀ ਹੈ।

ਇਕ ਵਾਰੀ ਮੈਂ ਸਿਕਾਗੋ ਬੈਠਾ, ਥੋੜ੍ਹਾ ਜਿਹਾ ਚਿਰ ਬਚਨ ਕੀਤੇ। ਉਥੇ ਇੰਜਨੀਅਰ ਡਾਕਟਰ ਬੜੇ ਗਏ ਹੋਏ ਸੀ। ਕਿਸੇ ਦੇ ਘਰ ਦਾ ਉਦਘਾਟਨ ਹੋ ਰਿਹਾ ਸੀ। ਮੈਂ ਕਿਹਾ, ਇਹ ਘਰ ਤਾਂ ਤੁਹਾਡਾ ਠੀਕ ਹੈ। ਤੁਹਾਨੂੰ ਆਪਣੇ ਘਰ ਦਾ ਹੀ ਨਹੀਂ ਪਤਾ ਕਿ ਤੁਹਾਡਾ ਘਰ ਕਿਹੜਾ ਹੈ? ਨਾ ਤੁਹਾਨੂੰ ਰੱਬ ਦੇ ਘਰ ਦਾ ਪਤਾ ਹੈ ਕਿਸੇ ਨੂੰ। ਜਦੋਂ ਮੈਂ ਉਹਨੂੰ ਦਸਿਆ ਤਾਂ ਕਹਿਣ ਲੱਗੇ ਕਿ ਹੈਰਾਨੀ ਹੈ ਸਾਨੂੰ ਅੱਜ ਸਮਝ ਆਈ ਹੈ ਕਿ ਸਾਡਾ ਘਰ ਵੀ ਹੈ ਕੋਈ ਰੱਬ ਦਾ ਘਰ ਵੀ ਹੈ। ਮਹਾਰਾਜ ਕਹਿੰਦੇ, ਰੱਬ ਜਿਹੜਾ ਹੈ ਇਹ ਸਰੀਰ ਦੇ ਵਿਚ ਰਹਿੰਦਾ ਹੈ –

*ਕਾਇਆ ਨਗਰੁ ਨਗਰ ਗੜ ਅੰਦਰਿ ॥*
*ਸਾਚਾ ਵਾਸਾ ਪੁਰਿ ਗਗਨੰਦਰਿ ॥*
*ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ ਆਪੁ ਉਪਾਇਦਾ ॥*
*ਅੰਦਰਿ ਕੋਟ ਛਜੇ ਹਟਨਾਲੇ ॥*

*ਅੰਗ- ੧੦੩੩*

ਮਹਾਰਾਜ ਵੇਰਵਾ ਵੀ ਦਿੰਦੇ ਨੇ।

*ਆਪੇ ਲੇਵੈ ਵਸਤੁ ਸਮਾਲੇ ॥*
*ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥*

*ਅੰਗ- ੧੦੩੩*

ਗੁਰੂ ਤੋਂ ਚਾਬੀ ਲੈ ਕੇ ਸ਼ਬਦ ਦੀ, ਇਹ ਬਜਰ ਕਪਾਟ ਖੁਲ੍ਹਦੇ ਨੇ। ਜੇ ਬਜਰ ਕਪਾਟਾਂ ਨੂੰ ਜਾਨਣ ਵਾਸਤੇ ਕਿਸੇ ਨੂੰ ਵਿਸ਼ੇਸ਼ ਲੋੜ ਹੈ, ਕਿਉਂਕਿ ਇਹ ਸ਼ਬਦ ਆਮ ਹੋ ਗਿਆ। ਸਭ ਸੁਣਦੇ ਨੇ ਘਬਰਾ ਜਾਂਦੇ ਨੇ ਕਿ ਬਜਰ ਕਪਾਟ ਨੇ, ਪੱਥਰ ਦੇ ਲੱਗੇ ਹੋਏ ਨੇ! ਸਾਡੇ ਅੰਦਰ ਪੱਥਰ ਕਿਥੋਂ ਆ ਗਿਆ? ਉਹ ਬਜਰ ਕਪਾਟ ਕਿਹੜੇ ਨੇ? ਰੱਬ ਨੂੰ ਜਿਹੜਾ ਰਸਤਾ ਜਾਂਦੈ, ਉਹ ਰਸਤਾ ਕੀ ਹੈ? ਦਰਵਾਜ਼ੇ ਦੇ ਪਹਿਰੇਦਾਰ ਕੌਣ ਨੇ, ਉਹਦੇ ਤਖਤੇ ਕਾਹਦੇ ਬਣੇ ਹੋਏ ਨੇ, ਚੰਦਨ ਦੇ ਨੇ, ਸਟੀਲ ਦੇ ਨੇ ਜਾਂ ਪੱਥਰ ਦੇ ਨੇ। ਉਹ ਗੁਰੂ ਮਹਾਰਾਜ ਨੇ ਆਪ ਹੀ ਫੁਰਮਾਨ ਕਰਿਆ ਹੋਇਐ। ਕਹਿੰਦੇ ਦਰਵਾਜ਼ਾ ਤਾਂ ਹੈਗਾ ਦੁਖ ਦਾ। ਉਹਦੀ ਰਖਵਾਲੀ ਕਰਦੈ ਕ੍ਰੋਧ ਤੇ ਜਿਹੜੇ ਦਰਵਾਜ਼ੇ ਲੱਗੇ ਹੋਏ ਨੇ ਆਸ਼ਾਵਾਂ ਤੇ ਅੰਦੇਸ਼ਿਆਂ ਦੇ। ਹੁਣ ਇਹ ਚਾਰ ਲਾਇਨਾਂ ਨੇ ਸਾਡੀ ਗੱਲ ਨਹੀਂ ਸਮਝ 'ਚ ਆਉਂਦੀ, ਜ਼ੋਰ ਲਾ ਲਓ ਜਿੰਨਾਂ ਲਗਾਉਣੈ। ਮੈਨੂੰ ਇਕ ਲਾਈਨ ਸਮਝਾਉਣ ਵਾਸਤੇ 240 ਸਫੇ ਦੇ ਵਿਚ ਲਿਖਣਾ ਪਿਆ। ਜ਼ਬਰਦਸਤੀ ਬੰਦ ਕੀਤਾ ਕਿ ਇਹ ਤਾਂ ਬੰਦ ਹੀ ਨਹੀਂ ਹੋ ਸਕਣਾ ਲਿਖਿਆ ਹੋਣਾ। ਕਿਉਂਕਿ ਪੁਸਤਕ ਨੇ ਛਪਣਾ ਸੀ, ਮੈਂ ਕਿਹਾ ਹੁਣ ਸਮਾਪਤ ਕਰ ਦੇਈਏ, ਅਗਾਂਹਾਂ ਕਿੰਨਾ ਕੁ ਵਧਾਈ ਜਾਵਾਂਗੇ। ਉਹ ਦਰਵਾਜ਼ਾ ਬੰਦ ਹੈ। ਖੁਲ੍ਹਦਾ ਨਹੀਂ ਹੈ ਕਿਉਂਕਿ ਉਹਦੀ ਚਾਬੀ ਜਿਹੜੀ ਹੈ ਉਹ ਗੁਰੂ ਦੇ ਕੋਲ ਹੈ। ਦਰਵਾਜ਼ਾ ਕਦੋਂ ਦਾ ਬੰਦ ਹੈ, ਉਹਦਾ ਜਿਹੜਾ ਤਾਲਾ ਹੈ, ਕਹਿੰਦੇ, ਉਹ ਤਾਲਾ ਵੀ ਜੰਗਾਲਿਆ ਗਿਆ। ਹੁਣ ਚਾਬੀ ਵੀ ਉਹਦੇ ਵਿਚ ਘੁੰਮਣੀ ਔਖੀ ਹੈ ਪਰ ਪਿਆਰਿਓ! ਜੇ ਸਮਰੱਥ ਗੁਰੂ ਮਿਲ ਜਾਵੇ। ਉਹ ਚਾਬੀ ਲਾ ਕੇ ਦੇ ਦਿੰਦੈ। ਜੁਗਤ ਦਸ ਦਿੰਦੈ ਕਿ ਇਸ ਤਰ੍ਹਾਂ ਲਾ ਲੈ, ਇਸ ਜੰਗਾਲੇ ਹੋਏ ਜਿੰਦਰੇ ਨੂੰ ਖੋਲ੍ਹਣ ਵਾਸਤੇ ਤੈਨੂੰ ਬਹੁਤ ਮਿਹਨਤ ਕਰਨੀ ਪੈਣੀ ਹੈ। ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਨਹੀਂਓਂ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ,*
*ਬਾਝ ਗੁਰੂ ਪੂਰਿਆਂ ਤੋਂ।*

ਸਾਡਾ ਖਿਆਲ ਹੈ। ਕਿਉਂਕਿ ਹਰ ਗੱਲ ਦੇ ਵਿਚ ਤਰਕ ਹੁੰਦੀ ਹੈ। ਕਈ ਪ੍ਰੇਮੀਆਂ ਦੇ ਮਨਾਂ ਵਿਚ ਇਹ ਆ ਜਾਏਗਾ ਕਿ ਜੇ ਜਿੰਦਰਾ ਚੀਰ ਦੇਈਏ ਫੇਰ ਤਾਂ ਜਿੰਦਾ ਖੁਲ੍ਹ ਜਾਏਗਾ। ਖੋਲ੍ਹਣ ਦੀ ਲੋੜ ਹੀ ਨਹੀਂ ਹੈ। ਮਹਾਰਾਜ ਕਹਿੰਦੇ ਕੁਛ ਕਰ ਲੈ। ਇਹ ਤਾਲਾ ਨਹੀਂ ਖੁਲ੍ਹਣਾ -

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਘਰ ਕੀਹਦਾ ਸੀਗਾ? ਹੁਣ ਇਥੇ ਦੇਖੋ ਗੁਰੂ ਦਾ ਘਰ ਤਾਂ ਹੈ ਨਹੀਂ ਸੀ ਇਹ। ਇਹ ਘਰ ਸੀਗਾ ਵਾਹਿਗੁਰੂ ਦਾ। ਵਾਹਿਗੁਰੂ ਨੇ ਆਪਣੇ ਘਰ ਨੂੰ ਤਾਲਾ ਮਾਰ ਦਿਤਾ ਕਿ ਇਹ ਜੀਵ ਤਾਂ ਬਾਹਰ ਭਟਕੀ ਜਾਂਦੈ। ਮੈਂ ਤਾਂ ਇਹਦੇ ਨਾਲ ਬੈਠਾ ਸੀ ਕਿ ਇਹ ਪਰਮ ਸੁਖੀ ਹੋ ਜਾਵੇ, ਇਹਦਾ ਜੰਮਣਾ ਮਰਨਾ ਖਤਮ ਹੋ ਜਾਵੇ। 84 ਦੇ ਚੱਕਰ ਵਿਚੋਂ ਨਿਕਲ ਆਵੇ। ਪਰ ਇਹ ਤਾਂ ਅੰਦਰ ਹੀ ਨਹੀਂ ਵੜਦਾ। ਬਾਹਰ ਹੀ ਬਾਹਰ ਘੁੰਮਦੈ, ਜੇ ਕੋਈ ਕਰਮ ਧਰਮ ਵੀ ਕਰਦੈ, ਉਹਦਾ ਬਦਲਾ ਮੰਗਦੈ। ਤੀਰਥ ਯਾਤਰਾ ਕਰਦੈ। ਉਹਦੇ ਅੰਦਰ ਵੀ ਇਹਦੀ ਭਾਵਨਾ ਛੁਪੀ ਹੋਈ ਹੈ। ਮੈਨੂੰ ਮਿਲਣ ਵਾਸਤੇ ਤਾਂ ਇਹ ਕੋਈ ਯਤਨ ਹੀ ਨਹੀਂ ਕਰ ਰਿਹਾ। ਤਾਲਾ ਬੰਦ ਕਰ ਦਿਓ। ਗੁਰੂ ਨੂੰ ਕਿਹਾ, ਤਾਲਾ ਬੰਦ ਕਰ ਦੇ। ਤਾਲਾ ਬੰਦ ਕਰ ਦਿਤਾ ਅਕਾਲ ਪੁਰਖ ਨੇ। ਫੇਰ ਵੀ ਸਾਡੇ ਉਤੇ ਰਹਿਮ ਕਰ ਦਿਤਾ। ਕਹਿੰਦੇ, ਲੈ, ਗੁਰੂ ਨੂੰ ਚਾਬੀ ਫੜਾ ਦਿਤੀ, ਕਹਿੰਦੇ ਜੇ ਕੋਈ ਲੋੜਵੰਦ ਆਵੇ ਤਾਂ ਤੂੰ ਖੋਲ੍ਹ ਦੇਵੀਂ, ਹੋਰ ਕੋਈ ਤਰੀਕਾ ਨਹੀਂ ਦੁਨੀਆਂ ਦਾ। ਇਸ ਤਾਲੇ ਨੇ ਨਾਂਹ ਤਾਂ ਐਟਮ ਬੰਬ ਨਾਲ ਉਡਣੈ, ਨਾ ਕਿਸੇ ਆਰੀ ਤੋਂ ਚੀਰਿਆ ਜਾਣੈ, ਇਹ ਤਾਂ ਖੁਲ੍ਹਣਾ ਹੀ ਖੁਲ੍ਹਣਾ ਹੈ, ਚਾਬੀ ਨਾਲ ਖੁਲ੍ਹਣੈ-

*ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ*
*ਕੁੰਜੀ ਗੁਰ ਸਉਪਾਈ ॥*
*ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥*

*ਅੰਗ- ੨੦੫*

ਜਿੰਨੇ ਜੀਅ ਕਰਦੈ ਉਪਾਅ ਕਰ ਲੈ। ਤੈਨੂੰ ਸਤਿਗੁਰੂ ਦੀ ਸ਼ਰਨ 'ਚ ਹਰ ਹਾਲਤ ਵਿਚ ਜਾਣਾ ਹੀ ਪਵੇਗਾ। ਜਿੰਨੇ ਜੀਅ ਕਰਦੈ ਯਤਨ ਕਰ ਲੈ। ਬਥੇਰਿਆਂ ਨੇ ਕੀਤੇ ਨੇ।

ਐਸੀ ਇਕ ਅਧਿਆਤਮਕ ਪ੍ਰਥਾ ਦੀ ਸਾਖੀ ਹੈ। ਜਿਸ ਨੇ ਬਹੁਤ ਹੀ ਯਤਨ ਕੀਤਾ ਕਿ ਕਿਵੇਂ ਮੈਂ ਇਹ ਤਾਲਾ ਖੋਲ੍ਹ ਲਵਾਂ। ਹੈਰਾਨ ਹੋ ਜਾਈਦੈ ਕਿ ਕਿੰਨੇ ਸਾਲ, ਕਿੰਨਾ ਔਖਾ ਹੋਇਆ। ਉਹਦੇ ਬਾਰੇ ਮੈਂ ਬੇਨਤੀ ਕਰਦਾਂ। ਬਾਬਾ ਫਰੀਦ ਦੇ ਪੰਜ ਸਾਲ ਦੀ ਉਮਰ ਵਿਚ ਪੂਰਾ ਕੁਰਾਨ ਸ਼ਰੀਫ ਯਾਦ ਸੀ। ਬੜੇ ਹੈਰਾਨ ਹੋਵਾਂਗੇ ਅਸੀਂ। ਪੰਜ ਸਾਲ ਦੀ ਉਮਰ ਕੁਰਾਨ ਸ਼ਰੀਫ? ਯਾਦ ਕਰਨਾ ਹੀ ਔਖੈ। ਆਪਣੇ ਸਮਾਗਮ ਵਿਚ ਵੇਦ ਭਾਰਤੀ ਜੀ ਨੇ ਆਉਣੈ। ਨੌਂ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਚਾਰੋ

ਵੇਦ, ਛੇਈ ਸ਼ਾਸਤਰ, ਉਪਨਿਸ਼ਦਾਂ, ਗੀਤਾ, 3400 ਸਲੋਕ ਪਾਨਣੀ ਦੀ ਵਿਆਕਰਣ ਦੇ ਯਾਦ ਸੀ। 9 ਸਾਲ ਦੀ ਉਮਰ ਵਿਚ ਉਹ ਸਭਾਵਾਂ ਦੇ ਪ੍ਰੈਜ਼ੀਡੈਂਟ ਬਣਨ ਲਗ ਗਏ। ਇਹ ਤਾਂ ਵਾਹਿਗੁਰੂ ਦੀ ਦਾਤ ਹੈ, ਬਿਨਾਂ ਪੜ੍ਹਨ ਤੋਂ ਵੀ ਇਹਦਾ ਇਮਤਿਹਾਨ ਲੰਡਨ ਜਾ ਕੇ ਪਾਸ ਕਰ ਲਿਆ। ਬਿਨਾਂ ਕਿਸੇ ਸਕੂਲ ਵਿਚ ਗਏ ਤੋਂ ਐਮ.ਏ ਲੰਡਨ ਤੋਂ ਕਰ ਲਿਆ। ਨਾ ਹਾਲੈਂਡ ਦੀ, ਨੀਦਰਲੈਂਡ ਦੀ ਡੱਚ ਭਾਸ਼ਾ ਉਹਨਾਂ ਨੇ ਪੜ੍ਹੀ, ਉਥੇ ਜਾ ਕੇ ਪੀਐਚ.ਡੀ ਕਰ ਲਈ। ਡੀ.ਲਿਟ ਹੋ ਗਏ। ਡੀ.ਲਿਟ ਤੋਂ ਬਾਅਦ ਪੜ੍ਹਾਈ ਹੀ ਨਹੀਂ ਕੋਈ ਹੈ। ਉਹਨਾਂ ਨੂੰ ਜਦੋਂ ਸੋਝੀ ਪਈ ਕਿ ਇਹ ਪੜ੍ਹਾਈ ਤਾਂ ਕਿਸੇ ਵੀ ਕੰਮ ਦੀ ਨਹੀਂ ਹੈ। ਇਹ ਤਾਂ ਮੈਂ ਐਵੇਂ ਹੀ ਸਮਾਂ ਬਰਬਾਦ ਕੀਤਾ, ਪੜ੍ਹਾਈ ਤਾਂ ਅਸਲੀ ਹੋਰ ਹੈ ਜਿਹੜੀ ਮੈਂ ਪਿਛਲੇ ਦੀਵਾਨ ਵਿਚ ਬੇਨਤੀ ਕੀਤੀ। ਉਹ ਕਿਹੜੀ ਪੜ੍ਹਾਈ ਹੈ ਜਿਹੜੀ ਸਾਨੂੰ ਪੜ੍ਹਨੀ ਚਾਹੀਦੀ ਹੈ। ਉਹ ਕਿਹੜੀ ਵੱਡੀ ਤੋਂ ਵੱਡੀ ਡਿਗਰੀ ਹੈ? ਮਹਾਰਾਜ ਕਹਿੰਦੇ –

*ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ*
*ਜਿਸੁ ਰਾਮ ਨਾਮੁ ਗਲਿ ਹਾਰੁ ॥* *ਅੰਗ- ੯੩੮*

ਜਿਹਦੇ ਹਾਰ ਵਾਂਗੂੰ ਵਾਹਿਗੁਰੂ ਅੰਦਰ ਬਾਹਰ ਵਸ ਗਿਆ। ਸਾਹ ਅੰਦਰ ਨੂੰ ਜਾਂਦੇ 'ਵਾਹਿ' ਬਾਹਰ ਨੂੰ ਆਉਂਦੇ 'ਗੁਰੂ', ਹਾਰ ਬਣ ਗਿਆ। ਜਿਹੜਾ ਇਕ ਸਕਿੰਟ ਵਾਸਤੇ ਵੀ ਨਹੀਂ ਲਾਹੁੰਦਾ। ਕਹਿੰਦੇ, ਉਹੀ ਵੱਡਾ ਪੰਡਤ ਹੈ, ਉਹੀ ਬੀਨਾ ਹੈ। ਬਾਕੀ ਸਭ ਅਨਪੜ੍ਹ ਨੇ। ਉਹ ਏਧਰ ਆ ਗਏ, ਆ ਕੇ ਬੜਾ ਅਭਿਆਸ ਕਰਿਆ। ਸੋ ਇਸ ਤਰ੍ਹਾਂ ਦੇ ਨਾਲ ਪੜ੍ਹਨ ਦੇ ਨਾਲ ਇਹ ਗੱਲ ਸਮਝ 'ਚ ਨਹੀਂ ਪਿਆ ਕਰਦੀ।

ਬਾਬਾ ਫਰੀਦ ਪੰਜ ਸਾਲ ਦੇ ਦੇ ਕੁਰਾਨ ਸ਼ਰੀਫ ਯਾਦ ਸੀ। ਗੁਰੂ ਹਰਿਕ੍ਰਿਸ਼ਨ ਮਹਾਰਾਜ 5 ਸਾਲ ਦੇ ਸੀ, ਜਿਸ ਵਕਤ ਉਹਨਾਂ ਦੇ ਪੂਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਯਾਦ ਹੋ ਗਿਆ ਸੀ ਜ਼ੁਬਾਨੀ। ਹੈਰਾਨ ਹੋ ਜਾਓਂਗੇ, ਅਸੀਂ ਉਹਨਾਂ ਨੂੰ ਤਾਂ ਕਹਿ ਦੇਵਾਂਗੇ ਕਿ ਉਹ ਧੁਰ ਦਰਗਾਹ ਤੋਂ ਆਏ ਸੀ। ਉਹਨਾਂ ਨੂੰ ਤਾਂ ਲੋੜ ਹੀ ਨਹੀਂ ਹੈ। ਗੁਰੂ ਦਸਵੇਂ ਪਾਤਸ਼ਾਹ ਬਾਲ ਅਵਸਥਾ ਦੇ ਵਿਚ ਗੁਰਿਆਈ 'ਤੇ ਬੈਠੇ। ਯੁੱਧਾਂ ਜੰਗਾਂ ਤੋਂ ਬਾਅਦ ਜਦੋਂ ਆਪ ਸਾਬੋ ਕੀ ਤਲਵੰਡੀ ਜਾਂਦੇ ਨੇ। ਉਥੇ ਬਹੁਤ ਸਾਰੇ ਗੁਰਸਿੱਖਾਂ ਨੇ ਕਿਹਾ ਕਿ ਮਹਾਰਾਜ! ਅਸੀਂ ਬਾਣੀ ਗਲਤ ਪੜ੍ਹਦੇ ਹਾਂ। ਬਾਣੀ ਦਾ ਅਰਥ ਸਾਨੂੰ ਬਿਲਕੁਲ ਸਮਝ ਵਿਚ ਨਹੀਂ ਆਉਂਦਾ। ਸੁਖਾਲੀ ਬੋਲੀ ਹੈ ਲੇਕਿਨ ਇਹਦਾ ਭਾਵ ਬਹੁਤ ਔਖਾ ਹੈ। ਕ੍ਰਿਪਾ ਕਰੋ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਕੋਲ ਹੈ ਨਹੀਂ, ਉਹ ਧੀਰਮੱਲ ਕੋਲ ਰਹਿ ਗਿਆ। ਉਹ ਉਹਦੇ ਵਿਚ ਕੁਛ ਅਦਲੀ ਬਦਲੀ ਕਰ ਦੇਵੇ। ਪਾਤਸ਼ਾਹ! ਕੀ ਬਣੇਗਾ? ਇਹਦਾ ਸਬੂਤ ਇਹ ਹੈ ਕਿ ਉਸ ਵੇਲੇ ਦਾ ਟੀਕਾ ਆਪਣੇ ਸਟਾਲ 'ਤੇ ਵਿਕਦਾ ਹੈ। ਜਿਹਨੂੰ ਪੁਰਾਤਨ ਟੀਕਾ ਕਿਹਾ ਗਿਆ ਹੈ ਜਪੁਜੀ ਸਾਹਿਬ ਦਾ। ਇਹ ਮੈਂ ਹਥ ਲਿਖਤ ਲੰਡਨ ਤੋਂ ਲਿਆ ਸੀ। ਇਹ ਸੀ ਗੁਰੂ ਸਾਹਿਬ ਦੇ ਵੇਲੇ ਦਾ। ਜਦੋਂ ਮੈਂ ਉਹ ਪੜ੍ਹਨ ਲੱਗਿਆ, ਬਾਣੀ ਬਿਲਕੁਲ ਹੀ ਗਲਤ। ਸਾਰੀਆਂ ਤੁਕਾਂ ਗਲਤ। ਮੈਂ ਬਾਣੀ ਸ਼ੁੱਧ ਕਰੀ, ਮੇਰੇ ਮਨ ਵਿਚ ਆਇਆ ਕਿ ਉਸ ਵੇਲੇ ਸਾਡੇ ਵਾਂਗਣ ਨਹੀਂ ਸੀ ਕਿ ਗੁਟਕੇ ਮਿਲਦੇ। ਉਤਾਰਾ ਕੀਤਾ ਜਾਂਦਾ ਸੀ। ਕੋਈ ਲਿਆਉਂਦਾ ਸੀ ਪ੍ਰੇਮੀ, ਉਹਦੇ ਘਰ ਹੁੰਦਾ, ਉਹਨੇ ਫੇਰ ਉਤਾਰਾ ਕਰਨਾ, ਦੂਜੇ ਨੂੰ ਦੇਣਾ। ਇਸ ਤਰ੍ਹਾਂ ਨਹੀਂ ਸੀ ਜਿਵੇਂ ਬਜ਼ਾਰ 'ਚ ਪੁਸਤਕਾਂ ਮਿਲਦੀਐਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਬਾਣੀ ਗਲਤ ਬੋਲਦੇ ਹਾਂ, ਬਾਣੀ ਗਲਤ ਪੜ੍ਹਦੇ ਹਾਂ। ਅਰਥ ਸਮਝ ਵਿਚ ਨਹੀਂ ਆਉਂਦਾ, ਕ੍ਰਿਪਾ ਕਰੋ ਆਪ। ਧੀਰਮੱਲ ਦੇ ਕੋਲ ਸਿੰਘ ਭੇਜੇ, ਉਹ ਕਹਿੰਦਾ, ਜੇ ਉਹ ਗੁਰੂ ਹੈ ਸੱਚਮੁੱਚ ਦਾ। ਇਹ ਬਾਣੀ ਹੈ ਗੁਰੂ ਦੀ। ਗੁਰੂ ਦੇ ਰਾਹੀਂ ਆਈ ਹੋਈ ਹੈ। ਜੇ ਗੁਰੂ ਨਾਨਕ ਦੇਵ ਜੀ ਦੀ ਜੋਤ ਹੈ ਤਾਂ ਬਾਣੀ ਨਵੀਂ ਉਚਾਰ ਲਵੇ। ਮਹਾਰਾਜ ਜੀ ਨੂੰ ਦੱਸਿਆ ਤਾਂ ਮਹਾਰਾਜ ਜੀ ਕਹਿੰਦੇ, ਕੋਈ ਗੱਲ ਨਹੀਂ। ਬਾਬਾ ਦੀਪ ਸਿੰਘ, ਭਾਈ ਮਨੀ ਸਿੰਘ ਅਸੀਂ ਤੰਬੂ ਦੇ ਅੰਦਰ ਬੈਠਾਂਗੇ, ਤੁਸੀਂ ਬਾਹਰ ਲਿਖਦੇ ਚਲੇ ਜਾਓ। ਸਾਰੀ ਬਾਣੀ ਗੁਰੂ ਮਹਾਰਾਜ ਨੇ ਬਗੈਰ ਕੁਛ ਦੇਖਣ ਤੋਂ ਉਚਾਰਨ ਕੀਤੀ। ਸਾਡੇ ਜਿਹੜੇ ਪ੍ਰੋਫੈਸਰ ਨੇ। ਇਹ ਨਹੀਂ ਮੰਨਦੇ। ਇਹ ਕਹਿੰਦੇ, ਸੈਂਚੀਆਂ ਇਕੱਠੀਆਂ ਕਰ ਲਈਆਂ ਹੋਣੀਆਂ ਗੁਰੂ ਸਾਹਿਬ ਨੇ ਇਧਰੋਂ ਉਧਰੋਂ।

ਤਰਤੀਬ ਕਿਵੇਂ ਦੇ ਦਿਤੀ?

ਕਹਿੰਦੇ, ਕੋਈ ਸਿੱਖ ਗਿਆ ਹੋਣਾ ਚੋਰੀ ਦੇ ਕੇ, ਤਰਤੀਬ ਵੀ ਨੋਟ ਕਰ ਲਿਆਇਆ ਹੋਣਾ। ਜਵਾਬ ਲੈ ਲਓ ਜਿੰਨੇ ਲੈਣੇ ਇਨ੍ਹਾਂ ਤੋਂ। ਇਹ ਪੜ੍ਹੇ ਲਿਖੇ ਅਸੀਂ ਤਿੰਨ ਹਿੱਸਿਆਂ ਵਿਚ ਵੰਡੇ ਹੋਏ ਨੇ। ਇਕ ਤਾਂ ਉਹ ਨੇ ਜਿਹੜੇ ਸਾਧਾਰਣ ਬੁੱਧੀ ਜੀਵੀ ਨੇ। ਪੜ੍ਹੇ ਨੇ, ਲਿਖੇ ਨੇ, ਪੀਐਚ.ਡੀ ਕਰੀ ਹੈ, ਡੀ.ਲਿਟ ਕਰੀ ਹੈ ਪ੍ਰੋਫੈਸਰ ਨੇ। ਲੇਕਿਨ ਬੁੱਧਵਾਨਾਂ ਵਰਗੀ ਗੱਲ ਕਰਦੇ ਨੇ। ਇਕ ਉਹ ਨੇ ਜਿਨ੍ਹਾਂ ਦੀ ਬੁੱਧੀ ਬਹੁਤ ਸ੍ਰੇਸ਼ਟ ਹੈ। ਅਸੀਂ ਉਹਨਾਂ ਦਾ ਨਾਉਂ ਸੁਬੁੱਧੀਜੀਵੀ ਰੱਖਿਆ ਹੋਇਐ, ਸ੍ਰੇਸ਼ਟ ਬੁੱਧੀ ਵਾਲੇ, ਜਿਹੜੇ ਪ੍ਰਮੇਸ਼ਰ ਦੀ ਗੱਲ ਕਰਦੇ ਨੇ। ਤੀਸਰੇ ਉਹ ਨੇ ਜਿਹੜੇ ਤਰਕਾਂ ਕਰਦੇ ਨੇ, ਨਾਸਤਕ ਨੇ, ਨਾਸਤਕਤਾ ਵਲ ਸਾਨੂੰ ਲਈ ਜਾਂਦੇ ਨੇ। ਪੁਸਤਕਾਂ ਲਿਖਦੇ ਨੇ ਉਹ ਨੇ ਕਬੁੱਧੀਜੀਵੀ। ਉਹੋ ਜਿਹੇ ਲੋਕ ਇਹੋ ਜਿਹੀਆਂ ਤਰਕਾਂ ਕਰਦੇ ਨੇ, ਗੁਰੂ ਦੇ ਉਤੇ ਉਹਨਾਂ ਦਾ ਨਿਸ਼ਚਾ ਨਹੀਂ ਹੁੰਦਾ। ਗੁਰੂ ਸਮਰੱਥ ਪੁਰਸ਼ ਹੁੰਦੈ। ਪ੍ਰਮੇਸ਼ਰ ਤੇ ਗੁਰੂ ਵਿਚ ਕੋਈ ਵੀ ਫਰਕ ਨਹੀਂ ਹੁੰਦਾ। ਜਦੋਂ ਪ੍ਰਮੇਸ਼ਰ ਵਰਗਾ ਹੀ ਹੈ ਗੁਰੂ, ਫੇਰ ਉਹਦੇ ਉਤੇ ਤਰਕ ਕਿਹੜੀ ਗੱਲ ਦੀ ਹੋ ਗਈ? ਪ੍ਰਤੀਤ ਦੀ ਘਾਟ ਹੈ।

ਜਿਸ ਦੇ ਅੰਦਰ ਪ੍ਰਤੀਤ ਦੀ ਘਾਟ ਹੈ, ਇਕ ਵੀ ਤਰਕ ਗੁਰੂ ਦੇ ਉਤੇ ਉਠਦੀ ਹੈ, ਉਹਦਾ ਭਲਾ ਨਹੀਂ ਹੋ ਸਕਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- ੨੮੩*

ਸ੍ਰੀ ਗੁਰੂ ਅੰਗਦ ਸਾਹਿਬ ਮਹਾਰਾਜ ਸੰਗਤ ਵਿਚ ਬੈਠੇ ਨੇ, ਭਾਈ ਬਾਲਾ ਜੀ ਬੈਠੇ ਨੇ, ਬਾਬਾ ਬੁੱਢਾ ਜੀ ਬੈਠੇ ਨੇ। ਭਾਈ ਸਨਮੁੱਖ ਜੀ ਬੈਠੇ ਨੇ। ਭਾਈ ਸਾਧਾਰਨ ਵਰਗੇ ਗੁਰਸਿੱਖ ਸਾਰੇ ਬੈਠੇ ਨੇ। ਭਾਈ ਭਗੀਰਥ ਜੀ ਬੈਠੇ ਨੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਕਟਵਰਤੀ ਬਹੁਤ ਸਾਰੇ ਗੁਰਸਿੱਖ ਬੈਠੇ ਨੇ। ਸਭ ਤੋਂ ਪਹਿਲਾ ਪ੍ਰਸ਼ਨ ਭਾਈ ਬਾਲਾ ਜੀ 'ਤੇ ਕੀਤਾ, ਕਹਿੰਦੇ ਭਾਈ ਬਾਲਾ ਜੀ! ਤੁਸੀਂ ਸੱਚੇ ਪਾਤਸ਼ਾਹ ਮਹਾਰਾਜ ਜੀ ਦੇ ਨਾਲ ਨੌਂ ਖੰਡਾਂ, ਸੱਤਾਂ ਦੀਪਾਂ ਦੇ ਵਿਚ ਫਿਰੇ ਹੋਂ, ਜਿਥੇ ਤਕ ਵੀ ਮਨੁੱਖ ਵਸਦਾ ਸੀ, ਉਥੇ ਤਕ ਤੁਸੀਂ ਗਏ ਹੋਂ। ਤੁਸੀਂ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਕੀ ਸਮਝਦੇ ਰਹੇ ਹੋਂ। ਕਹਿਣ ਲੱਗੇ, ਸੱਚੇ ਪਾਤਸ਼ਾਹ! ਉਹ ਤਾਂ ਪੂਰਨ ਸੰਤ ਸੀਗੇ। ਗੁਰੂ ਜੀ ਨੇ ਕਿਹਾ, ਚੰਗਾ ਭਾਈ ਤੂੰ ਸੰਤ ਹੋਇਆ। ਬਾਬਾ ਬੁੱਢਾ ਜੀ ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਤੁਸੀਂ ਸਾਰਾ ਬਚਪਨ ਵੀ ਉਹਨਾਂ ਦੇ ਨਾਲ ਗੁਜ਼ਾਰਿਆ। ਕਹਿੰਦੇ, ਸੱਚੇ ਪਾਤਸ਼ਾਹ! ਗੁਰੂ ਨਾਨਕ ਪੂਰਨ ਬ੍ਰਹਮਗਿਆਨੀ ਸਨ। ਚੰਗਾ ਭਾਈ! ਤੁਸੀਂ ਬ੍ਰਹਮਗਿਆਨੀ ਹੋਏ। ਦੂਸਰਿਆਂ ਨੂੰ ਪੁੱਛਿਆ। ਆਪਣਾ-ਆਪਣਾ ਨਿਸ਼ਚਾ ਹੈ ਸਭ ਦਾ। ਬਹੁਤ ਚੰਗੇ ਸੀ ਜੀ।

ਮਹਾਰਾਜ ਜੀ ਨੂੰ ਪੁੱਛਿਆ ਕਿ ਸੱਚੇ ਪਾਤਸ਼ਾਹ! ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਮਹਾਰਾਜ ਚੁੱਪ ਕਰ ਗਏ, ਗੰਭੀਰ ਹੋ ਗਏ, ਓਸ ਮੰਡਲ ਵਿਚ ਚਲੇ ਗਏ ਜਿਥੇ ਗੁਰੂ ਦਾ ਵਾਸਾ ਹੁੰਦੈ। ਕਾਫੀ ਸਮੇਂ ਤੋਂ ਬਾਅਦ ਬੋਲੇ। ਕਹਿੰਦੇ, ਸਾਧਸੰਗਤ! ਸ੍ਰੀ ਗੁਰੂ ਨਾਨਕ ਪਾਤਸ਼ਾਹ! ਕਰੋੜਾਂ ਬ੍ਰਹਿਮੰਡਾਂ ਦੇ ਮਾਲਕ, ਆਪ ਪ੍ਰਮੇਸ਼ਰ ਸਨ -

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*
*ਅੰਗ - ੧੩੯੫*

ਉਹ ਤਾਂ ਆਪ ਹੀ ਪ੍ਰਭੂ ਸੀ ਕਿਉਂਕਿ ਗੁਰੂ ਹੁੰਦਾ ਹੀ ਪ੍ਰਭੂ ਹੈ। ਅਸੀਂ ਕਹਿ ਦਿੰਦੇ ਹਾਂ ਰੱਬ ਤੇ ਗੁਰੂ ਨੂੰ ਇਕੋ ਜਿਹਾ ਜਾਣ। ਉਹ ਹੁੰਦਾ ਹੀ ਰੱਬ ਹੈ। ਕਿਉਂਕਿ ਸਰੀਰ ਧਾਰੀ ਗੁਰੂ ਹੈ, ਲੇਕਿਨ ਉਹਦੇ ਵਿਚ ਜਦੋਂ ਸ਼ਬਦ ਪ੍ਰਗਟ ਹੋ ਗਿਆ, ਉਹਦੇ ਸਰੀਰ ਦੇ ਅੰਦਰ ਪੂਰਨ ਰੂਪ ਵਿਚ, ਉਹ ਸਰੀਰ ਨਹੀਂ ਗੁਰੂ ਹੋਇਆ ਕਰਦਾ ਹੈ, ਸ਼ਬਦ ਗੁਰੂ ਹੋਇਆ ਕਰਦੈ।

ਸ਼ਬਦ ਹੀ ਪਹਿਲੀ ਸ਼ਕਤੀ ਹੈ, ਜਿਥੋਂ ਰਚਨਾ ਰਚੀ ਹੈ। ਉਹਦੇ ਬਾਰੇ ਹੀ ਸਾਨੂੰ ਨਹੀਂ ਸਮਝ ਵਿਚ ਆਉਂਦਾ ਕਿ ਸ਼ਬਦ ਕੀ ਹੋਇਆ। ਨਾਮ ਕੀ ਹੋਇਆ। ਉਹ ਜਿਹੜਾ ਸ਼ਬਦ ਸ਼ਕਤੀ ਹੈ ਉਹ ਗੁਰੂ ਹੀ ਹੁੰਦਾ ਹੈ। ਗੁਰੂ ਮਹਾਰਾਜ ਕਹਿੰਦੇ ਨੇ -

*ਆਦਿ ਅੰਤਿ ਏਕੈ ਅਵਤਾਰਾ॥*
*ਸੋਈ ਗੁਰੂ ਸਮਝਿਯਹੁ ਹਮਾਰਾ॥ ਪਾਤਸ਼ਾਹੀ ੧੦*

ਗੁਰੂ ਆਪ ਹੀ ਪ੍ਰਮੇਸ਼ਰ ਹੋਇਆ ਕਰਦੈ। ਇਹ ਕੋਈ ਗੁਰੂ ਅੰਗਦ ਸਾਹਿਬ ਨੇ ਐਸੀ ਉਪਮਾ ਨਹੀਂ ਕਰੀ, ਕਿਉਂਕਿ ਮਹਾਂਪੁਰਸ਼ ਸਤਿ ਬਚਨ ਕਹਿੰਦੇ ਨੇ। ਦੂਜਾ ਬਚਨ ਉਹ ਕਹਿੰਦੇ ਹੀ ਨਹੀਂ ਹਨ, ਜਿਹੜਾ ਉਹਨਾਂ ਨੇ ਬਿਲਕੁਲ ਸਤਿ ਪ੍ਰਤੀਤ ਦਿਤਾ, ਉਹਨਾਂ ਨੇ ਕਹਿ ਦਿਤਾ। ਉਹਦੇ ਬਾਰੇ ਬਾਣੀ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਆਉਂਦੈ-

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*
*ਅੰਗ- ੪੪੨*

ਗੁਰੂ ਵਾਹਿਗੁਰੂ ਆਪ ਹੀ ਹੈ। ਆਪ ਹੀ ਪ੍ਰਗਟ ਹੁੰਦੈ, ਸਰੀਰਾਂ ਦੇ ਅੰਦਰ। ਉਹ ਸ਼ਬਦ ਹੈ, ਸ਼ਬਦ ਕਿਹੋ ਜਿਹਾ, ਉਹ ਮੈਂ ਪਹਿਲਾਂ ਹੀ ਬੇਨਤੀ ਕਰ ਚੁੱਕਿਆ ਹਾਂ, ਉਹਨੂੰ ਕੋਈ ਜਾਣ ਨਹੀਂ ਸਕਦਾ। ਉਸ ਸ਼ਬਦ ਨੂੰ ਨਾਮ ਵੀ ਕਹਿੰਦੇ ਨੇ, ਉਸ ਤੋਂ ਹੀ ਨਾਮ ਦੀ ਪ੍ਰਾਪਤੀ ਹੁੰਦੀ ਹੈ। ਉਹ ਜੇ ਅੰਦਰ ਪ੍ਰਗਟ ਨਹੀਂ ਨਾ ਹੋਇਆ, ਮਹਾਰਾਜ ਕਹਿੰਦੇ -

*ਬਿਨੁ ਸਬਦੈ ਅੰਤਰਿ ਆਨੇਰਾ ॥*
*ਨ ਵਸਤੁ ਲਹੈ ਨ ਚੂਕੈ ਫੇਰਾ ॥*
*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- ੧੨੪*

ਗੱਲਾਂ ਸਮਝਣੀਆਂ ਚਾਹੀਦੀਆਂ ਨੇ ਸਾਨੂੰ। ਸਾਡਾ ਨਿਸ਼ਚਾ ਹੋਰ ਹੈ, ਗੱਲ ਅਸੀਂ ਹੋਰ ਕਰਦੇ ਹਾਂ। ਇਹ ਨਹੀਂ ਕਿ ਅਣਜਾਣ ਬੰਦੇ, ਪੜ੍ਹੇ ਲਿਖੇ ਗਿਆਨੀ। ਗੱਲ ਹੋਰ ਕਰਦੇ ਨੇ ਮੂੰਹ ਤੋਂ ਨਿਸ਼ਚਾ ਹੋਰ ਹੈ।

ਮੈਂ ਇੰਗਲੈਂਡ ਗਿਆ। ਉਥੇ ਅਖਬਾਰਾਂ ਵਾਲੇ ਆਉਂਦੇ ਹੀ ਹੁੰਦੇ ਨੇ। ਗੱਲਾਂਬਾਤਾਂ ਪੁਛਦੇ ਹੀ ਹੁੰਦੇ ਨੇ, ਅਖਬਾਰਾਂ ਵਿਚ ਛਾਪਦੇ ਹੁੰਦੇ ਨੇ। ਇੰਗਲੈਂਡ ਵਾਲਾ ਮਸ਼ਹੂਰ ਅਖਬਾਰ ਸੀ ਆਵਾਜ਼-ਏ-ਕੌਮ, ਉਹਦਾ ਐਡੀਟਰ ਹੁਣੇ-ਹੁਣੇ ਜੇਲ੍ਹ ਵਿਚੋਂ ਛੁਟ ਕੇ ਆਇਆ ਸੀ। ਉਹਨੂੰ ਪਤਾ ਲੱਗਿਆ ਕਿ ਮੇਰੇ ਜਾਣ ਦੇ ਨਾਲ ਗੱਲ ਇਕ ਦਮ ਫੈਲ ਗਈ। ਇਕ ਗੱਲ ਮੈਂ ਉਲਟੀ ਕਰ ਦਿਤੀ, ਉਲਟੀ ਗੱਲ ਕਰ ਦਿਓ ਇਕ ਮਿੰਟ ਵਿਚ ਫੈਲ ਜਾਂਦੀ ਹੈ।

ਸਿੱਧੀ ਗੱਲ ਨਹੀਂ ਫੈਲਦੀ। ਉਲਟੀ ਗੱਲ ਇਹ ਕਰ ਦਿਤੀ ਕਿ ਮੈਨੂੰ ਗੁਰਦੁਆਰੇ ਵਾਲੇ ਲੈ ਗਏ, ਸਾਡੇ ਤੁਸੀਂ ਕੀਰਤਨ ਕਰੋ। ਮੈਂ ਕਿਹਾ, ਕੀਰਤਨ ਲਈ ਤਾਂ ਮੇਰੇ ਕੋਲ ਜੱਥਾ ਨਹੀਂ ਹੈ। ਮੈਂ ਬੋਲ ਦੇਵਾਂਗਾ। ਉਥੇ ਜਦੋਂ ਮੈਂ ਗਿਆ, ਜਿਸ ਵਕਤ ਜਾ ਕੇ ਅਜੇ ਸਟੇਜ 'ਤੇ ਹੀ ਬੈਠਾ ਹਾਂ। ਉਹ ਮੱਥਾ ਟੇਕਣ ਆਇਆ ਤਾਂ ਪਹਿਲਾਂ ਤਾਂ ਉਹਨੇ ਪੰਜ ਪੌਂਡ ਮੱਥਾ ਟੇਕਿਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਫੇਰ ਪੰਜ ਪੌਂਡ ਆ ਕੇ ਮੈਨੂੰ ਟੇਕਣ ਲਗ ਗਿਆ। ਜਿਵੇਂ ਇਥੇ ਟੇਕਦੇ ਨੇ ਵਾਜਿਆਂ ਦੇ ਉਤੇ ਪੈਸੇ। ਮੈਂ ਉਸੇ ਵੇਲੇ ਕਹਿ ਦਿਤਾ ਕਿ ਆਹ ਜਿਹੜੀ ਰੀਤ ਹੈ ਨਾ, ਮੈਂ ਨਹੀਂ ਪੈਸੇ ਕਮਾਉਣ ਆਇਆ। ਮੈਂ ਕੋਈ ਗੱਲ ਕਰਨ ਆਇਆ ਹਾਂ ਤੁਹਾਡੇ ਨਾਲ, ਗੱਲ ਸੁਣੋ ਮੇਰੀ। ਮੈਂ ਬੜਾ ਜ਼ਰੂਰੀ ਸੁਨੇਹਾ ਲੈ ਕੇ ਆਇਆ ਹਾਂ। ਪਹਿਲੀ ਗੱਲ ਤਾਂ ਇਹ ਕਿ ਮੇਰਾ ਧਿਆਨ ਨਾ ਅਖੇੜੋ, ਕੋਈ ਬੰਦਾ ਵੀ ਇਥੇ ਲਿਆ ਕੇ ਮੈਨੂੰ ਮਾਇਆ ਭੇਟਾ ਨਾ ਕਰੇ। ਦੂਜੀ ਗੱਲ ਇਹ ਹੈ ਕਿ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ, ਮੈਂ ਆਇਆ ਹਾਂ ਗੁਰਦੁਆਰੇ ਤੇ ਮੈਂ ਸਿਰਪਾਓ ਨਹੀਂ ਲੈਣਾ। ਹੁਣ ਮੈਂ ਜੇ ਤੁਹਾਨੂੰ ਅੰਦਾਜ਼ਾ ਲਾਵਾਂ ਘੱਟੋ-ਘੱਟ 500 ਬੰਦਾ ਗੁਰਦੁਆਰੇ 'ਚ ਆ ਜਾਂਦੈ। ਮੈਂ ਸ਼ਿਕਾਗੋ ਵੀ ਗਿਆ, ਲੰਡਨ ਵੀ ਗਿਆ, ਉਹ ਇਥੇ ਮੈਨੂੰ ਪੌਂਡ ਦੇ ਦਿੰਦੇ ਸੀ ਕਿ ਤੁਸੀਂ ਪਿਤਾ ਜੀ! ਆਹ ਤਾਂ ਟੇਕਣਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ, ਆਹ ਜਿਹੜਾ ਗਾਉਂਦਾ ਹੈ, ਉਹਨੂੰ ਟੇਕਣਾ ਹੈ। ਮੈਂ ਕਿਹਾ, ਇਹ ਕੀ ਰਿਵਾਜ ਹੈ? ਕਹਿੰਦੇ ਜੀ ਸਾਡੇ ਤਾਂ ਇਹੋ ਰਿਵਾਜ ਹੈ, ਨਹੀਂ ਤਾਂ ਬੁਰਾ ਮੰਨਦੇ ਨੇ। ਮੈਂ ਕਿਹਾ ਕਿ ਦੇਖੋ, ਇਹ ਗੁਰਦੁਆਰਾ ਸਾਹਿਬ ਹੈ ਇਥੇ ਲੰਗਰ ਚਲਦੈ। ਇਥੇ ਯਾਤਰੂਆਂ ਨੂੰ ਥਾਉਂ ਮਿਲਦੈ। ਕਥਾ ਕੀਰਤਨ ਹੋ ਰਹੀ ਹੈ। ਸਾਡੇ ਗੁਰਦੁਆਰੇ ਵੀ ਕਥਾ ਕੀਰਤਨ ਹੋ ਰਹੀ ਹੈ, ਯਾਤਰੂਆਂ ਨੂੰ ਥਾਂ ਮਿਲਦਾ ਹੈ। ਮੈਂ ਕਿਹਾ, ਆਹੀ ਕੰਮ ਇਥੇ ਹੁੰਦੈ, ਇਹੀ ਉਥੇ ਹੁੰਦੈ। ਆਹ ਗੁਰਦੁਆਰੇ 'ਚੋਂ ਮੈ ਚੁੱਕਾਂ ਤੇ ਉਥੇ ਮੈਂ ਲੈ ਜਾਵਾਂ। ਇਸ ਕਰਕੇ ਮੈਂ ਸਿਰੋਪਾਉ ਨਹੀਂ ਲੈਣਾ। ਉਹ ਗੱਲ ਹੋ ਗਈ ਉਲਟੀ। ਕਿਉਂਕਿ ਉਥੇ ਦੋਵੇਂ ਚੀਜ਼ਾਂ ਨੇ। ਜਿਹੜਾ ਗੁਰਦੁਆਰੇ ਕੀਰਤਨ ਕਥਾ ਕਰਦੈ, ਉਹ ਸਿਰੋਪਾਉ ਵੀ ਲੈਂਦੈ ਤੇ ਮਾਇਆ ਵੀ ਲੈਂਦੈ। ਹਟ ਹੀ ਨਹੀਂ ਸਕਦਾ ਆਦਮੀ, ਕੌਣ ਹੈ ਜਿਹੜਾ ਕਹਿ ਦੇਵੇਗਾ ਕਿ ਮੈਂ ਨਹੀਂ ਲੈਣਾ ਸਿਰੋਪਾਉ। ਅਸੀਂ ਦੇ ਕੇ ਬੇਸ਼ੱਕ ਆ ਜਾਈਏ, ਲੈ ਕੇ ਨਹੀਂ ਆਉਂਦੇ। ਗੱਲ ਬੜੀ ਗਹਿਰੀ ਹੈ ਸਮਝਣ ਵਾਲੀ। ਉਸ ਤੋਂ ਬਾਅਦ ਉਹ ਕਹਿਣ ਲੱਗਿਆ ਕਿ ਇਹ ਤਾਂ ਤੁਸੀਂ ਰੋਜ਼ੀ ਬੰਦ ਕਰ ਦਿਤੀ। ਤੁਹਾਡੇ ਨਾਲ ਸਾਰੇ ਵਿਗੜ ਜਾਣਗੇ। ਮੈਂ ਕਿਹਾ ਵਿਗੜ ਜਾਣ, ਮੈਂ ਤਾਂ ਗੱਲ ਸੱਚੀ ਕਰਨੀ ਹੈ। ਮੈਂ ਝੂਠ ਕਿਉਂ ਕਹਾਂ। ਮੈਂ ਆਪਣਾ ਨੁਕਸਾਨ ਕਰਦਾ ਹਾਂ, ਕੋਈ ਫਾਇਦੇ ਵਾਲੀ ਗੱਲ ਤਾਂ ਨਹੀਂ ਕਹਿ ਰਿਹਾ। ਇਥੇ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਮ੍ਹਣੇ ਕੋਈ ਨਾ ਹੱਥ ਬੰਨ੍ਹੇ। ਪੈਸਾ ਜਿਹੜਾ ਟੇਕਣਾ ਹੈ ਉਹ ਮਹਾਰਾਜ ਨੂੰ ਮੱਥਾ ਟੇਕੋ। ਮੈਨੂੰ ਕਿਉਂ ਟੇਕਦੇ ਓਂ। ਮੈਂ ਕੋਈ ਬਾਣੀ ਆਪ ਬਣਾ ਕੇ ਲਿਆਇਆ ਹਾਂ? ਮੈਂ ਤਾਂ ਇਹਨਾਂ ਤੋਂ ਲੈ ਕੇ ਤੁਹਾਨੂੰ ਸੁਣਾ ਰਿਹਾ ਹਾਂ। ਜੇ ਤਾਂ ਮੇਰੀ ਬਣੀ ਹੋਈ ਹੋਵੇ, ਫੇਰ ਤਾਂ ਮੱਥਾ ਟੇਕ ਦਿਓ। ਜਦੋਂ ਮੈਂ ਆਪ ਹੈ ਹੀ ਕੁਛ ਨਹੀਂ। ਮੈਂ ਤਾਂ ਇਹਨਾਂ ਤੋਂ ਲੈਂਦਾ ਹਾਂ। ਗੁਰੂ ਮਹਾਰਾਜ ਤੇ ਸੰਗਤ ਨੂੰ ਸੁਣਾ ਦਿੰਦਾਂ। ਤੁਸੀਂ ਮੈਨੂੰ ਕਿਉਂ ਮੱਥਾ ਟੇਕਦੇ ਹੋਂ। ਉਹ ਕਹਿਣ ਲੱਗਿਆ, ਜੀ ਤੁਹਾਡਾ ਗੁਜ਼ਾਰਾ ਕਿਵੇਂ ਚਲਦੈ? ਮੈਂ ਕਿਹਾ, ਅਸੀਂ ਗੁਜ਼ਾਰਾ ਕਿਹੜੀ ਗੱਲ ਦਾ ਚਲਾਉਣਾ ਹੈ। ਇਹ ਵੀ ਸਾਨੂੰ ਦਸ ਦੇ? ਕਹਿੰਦਾ, ਲੰਗਰ ਚਲਦੇ ਨੇ। ਬਿਲਡਿੰਗਾਂ ਬਣਦੀਆਂ ਨੇ। ਮੈਂ ਕਿਹਾ, ਦੇਖ ਮੈਂ ਤੈਨੂੰ ਦੱਸਾਂ, ਇਹਦੇ 'ਚ ਨਾ ਕੁਛ ਬਾਬਾ ਜੀ ਦਾ ਹੈ, ਨਾ ਕਿਸੇ ਸੇਵਕ ਦਾ ਹੈ। ਇਹ ਗੁਰੂ ਕਾ ਲੰਗਰ ਹੈ, ਅਸੀਂ ਸੇਵਾਦਾਰ ਹਾਂ। ਜੇ ਗੁਰੂ ਨੇ ਲੰਗਰ ਚਲਾਉਣੈ, ਅਸੀਂ ਤਾਂ ਖੜ੍ਹੇ ਹਾਂ ਤਿਆਰ-ਬਰ-ਤਿਆਰ ਲੱਕ ਬੰਨ੍ਹੀਂ। ਸੰਗਤ ਆਏਗੀ ਪ੍ਰਸ਼ਾਦਾ ਛਕਾਵਾਂਗੇ। ਇਹ ਮੇਰਾ ਲੰਗਰ ਤਾ ਨਹੀਂ ਹੈ ਕਿ ਮੈਂ ਚਲਾਉਣਾ ਹੈ, ਇਹ ਤਾਂ ਗੁਰੂ ਨਾਨਕ ਪਾਤਸ਼ਾਹ ਦਾ ਅਤੁੱਟ ਲੰਗਰ ਹੈ, 20 ਰੁਪਏ ਉਹਨਾਂ ਨੇ ਦਾਨ ਕਰੇ ਸੀ ਉਹ ਮੁਕਦੇ ਹੀ ਨਹੀਂ। ਅਰਬਾਂ ਖਰਬਾਂ ਬਣੇ ਹੋਏ ਨੇ। ਮੈਂ ਕਿਹਾ, ਮੈਂ ਕਿਉਂ ਫਿਕਰ ਕਰਾਂ ਕਿ ਲੰਗਰ ਨਹੀਂ ਚਲਦਾ। ਗੁਰਦੁਆਰੇ ਦੀਆਂ ਬਿਲਡਿੰਗਾਂ ਨਹੀਂ ਬਣਦੀਆਂ, ਮੈਨੂੰ ਕੀ ਫਿਕਰ ਹੈ ਇਸ ਗੱਲ ਦਾ। ਜਦ ਮੇਰਾ ਹੈ ਹੀ ਨਹੀਂ ਮੈਂ ਤਾਂ ਸੇਵਾਦਾਰ ਹਾਂ। ਮੈਨੇਜਰ ਨੂੰ ਕੀ ਫਿਕਰ ਹੈ ਕਿ ਖੇਤੀ ਹੁੰਦੀ ਹੈ ਕਿ ਨਹੀਂ ਹੁੰਦੀ। ਉਹ ਤਾਂ ਮੈਨੇਜਰ ਲੱਗਿਆ ਹੋਇਐ। ਕਹਿੰਦਾ, ਇਹ ਤਾਂ ਗੱਲ ਮੇਰੀ ਸਮਝ ਵਿਚ ਆ ਗਈ। ਜੇ ਤੁਹਾਡੀ ਮੁਖਾਲਫਤ ਵੀ ਕਰੋ, ਅਸੀਂ ਅਖਬਾਰਾਂ 'ਚ ਤੁਹਾਡੀ ਮਦਦ ਕਰਾਂਗੇ। ਮੈਂ ਕਿਹਾ, ਮੈਨੂੰ ਲੋੜ ਹੀ ਨਹੀਂ ਕਿਸੇ ਚੀਜ਼ ਦੀ। ਮੈਂ ਗੱਲ ਕਰਨ ਆਇਆ ਹਾਂ, ਸਿਆਣੇ ਬੰਦੇ ਸੁਣ ਲੈਣਗੇ। ਨਹੀਂ ਦੂਜੇ ਨਾ ਸੁਣਨਗੇ ਨਾ ਸੁਣਨ ਦੇਣਗੇ। ਉਥੇ ਮੈਨੂੰ ਕਹਿਣ ਲੱਗਿਆ, ਅਨੰਦਪੁਰ ਸਾਹਿਬ ਹੁੰਦੈ, ਖਡੂਰ ਸਾਹਿਬ ਹੈ, ਚਮਕੌਰ ਸਾਹਿਬ ਹੈ, ਇਹ ਰਤਵਾੜਾ ਸਾਹਿਬ ਕਿਵੇਂ ਬਣ ਗਿਆ? ਮੈਂ ਕਿਹਾ ਕਿ ਆਹ ਤਾਂ ਤੂੰ ਬੜੇ ਕੰਮ ਦੀ ਗੱਲ ਪੁੱਛ ਲਈ ਤੂੰ ਮੇਰੇ ਤੋਂ। ਮੈਂ ਕਿਹਾ, ਮੈਨੂੰ ਇਹ ਦੱਸ ਗੁਰੂ ਕੌਣ ਹੈ? ਦਸ ਮੈਨੂੰ, ਤੂੰ ਫਸ ਗਿਆ ਇਸ ਗੱਲ ਦੇ ਵਿਚ? ਚੁੱਪ ਕਰ ਗਿਆ। ਮੈਂ ਕਿਹਾ, ਦਸ ਤਾਂ ਸਹੀ, ਗੁਰੂ ਕੌਣ ਹੈ? ਗੁਰੂ ਨਾਨਕ ਸਾਹਿਬ ਜੀ ਗੁਰੂ ਨੇ? ਗੁਰੂ ਨਾਨਕ ਸਾਹਿਬ ਜੀ ਨੇ ਤਾਂ ਗੁਰੂ ਅੰਗਦ ਸਾਹਿਬ ਜੀ ਨੂੰ ਦੇ ਦਿਤੀ ਗੁਰਿਆਈ, ਫੇਰ ਗੁਰੂ ਅੰਗਦ ਸਾਹਿਬ ਗੁਰੂ ਨੇ? ਗੁਰੂ ਅੰਗਦ ਸਾਹਿਬ ਨੇ ਗੁਰੂ ਅਮਰਦਾਸ ਜੀ ਵਿਚ ਰੂਪ ਧਾਰ ਲਿਆ। ਕਹਿਣ ਨੂੰ ਤਾਂ ਅਸੀਂ ਕਹੀ ਜਾਂਦੇ ਹਾਂ ਕਿ ਦਸੇ ਜੋਤਾਂ ਇਕ ਨੇ। ਲੇਕਿਨ ਸਾਡਾ ਨਿਸ਼ਚਾ ਨਹੀਂ ਹੈ। ਨਿਸ਼ਚਾ ਇਹਦੇ

ਉਲਟ ਹੈ। ਪਹਿਲਾਂ ਅਸੀਂ ਗੁਰੂ ਜੋਤ ਨੂੰ ਹੀ ਨਹੀਂ ਸਮਝਿਆ। ਸਰੀਰ ਨੂੰ ਸਮਝਦੇ ਹਾਂ। ਜਦੋਂ ਸਰੀਰ ਨੂੰ ਤੁਸੀਂ ਸਮਝਦੇ ਹੋਂ, ਸਰੀਰ ਦੀ ਮੱਤ ਰਲਾ ਦਿੰਦੇ ਹਾਂ, ਤੁਹਾਨੂੰ ਕੀ ਹੱਕ ਇਹ ਕਹਿਣ ਦਾ ਕਿ ਗੁਰੂ ਸ਼ਬਦ ਹੈ। ਨਿਸ਼ਚਾ ਹੈ ਨਹੀਂ ਉਤੋਂ-ਉਤੋਂ ਗੱਲਾਂ ਮਾਰੀ ਜਾਂਦੇ ਹੋਂ। ਸ਼ਬਦ ਦੇ ਉਤੇ ਤਾਂ ਅਜੇ ਨਿਸ਼ਚਾ ਹੀ ਨਹੀਂ ਆਇਆ। ਸਰੀਰਾਂ ਦੇ ਉਤੇ ਨਿਸ਼ਚੇ ਉਵੇਂ ਹੀ ਕਾਇਮ ਨੇ। ਕਦੇ ਕੋਈ ਕਹਿੰਦੈ ਕਿ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ। ਧੰਨ ਗੁਰੂ ਨਾਨਕ ਸਾਹਿਬ ਕਹਿਣਗੇ। ਸੋ ਮੈਂ ਕਿਹਾ, ਸਾਰੇ ਗੁਰੂ ਅਗਾਂਹਾਂ ਤੋਂ ਅਗਾਂਹਾਂ ਨਿਵਦੇ ਆਏ। ਹੁਣ ਇਹ ਦਸ ਕਿ ਗੁਰੂ ਦਸਵੇਂ ਪਾਤਸ਼ਾਹ ਕੀਹਨੂੰ ਨਿਵੇਂ। ਉਹਨਾਂ ਨੇ ਨਾਰੀਅਲ ਹੱਥ ਦੇ ਵਿਚ ਲਿਆ, ਪੰਜ ਪੈਸੇ ਲਏ, ਉਹ ਮੈਨੂੰ ਦਸ ਕੀਹਨੂੰ ਨਿਵੇਂ? ਕਹਿੰਦਾ, ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ। ਮੈਂ ਕਿਹਾ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੋਏ ਨਾ ਵੱਡੇ ਸਾਰਿਆਂ ਤੋਂ? ਸ਼ਬਦ ਗੁਰੂ ਸਭ ਤੋਂ ਵੱਡਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਕਿਹਾ ਸੀ -

*ਸਬਦਿ ਗੁਰੂ ਸੁਰਤ ਧੁਨ ਚੇਲਾ।*

ਜਿਥੇ ਸ਼ਬਦ ਗੁਰੂ ਦਾ ਨਿਵਾਸ ਹੋ ਜਾਵੇ ਉਹ ਸਾਹਿਬ ਬਣੇਗਾ ਕਿ ਰੁੱਖਾ ਰਹਿ ਜਾਏਗਾ। ਚੁੱਪ ਕਰ ਗਿਆ। ਮੈਂ ਕਿਹਾ, ਉਥੇ ਸ਼ਬਦ ਗੁਰੂ ਨੇ ਆ ਕੇ ਡੇਰੇ ਲਾ ਲਏ ਨੇ। ਪਹਿਲਾਂ ਉਹ ਟਿੱਬੇ ਸੀ, ਭੂਤ-ਪ੍ਰੇਤ ਹੁੰਦੇ ਸੀ ਇਥੇ, ਲੰਘਦਾ ਨਹੀਂ ਸੀ ਹੁੰਦਾ ਕੋਈ। ਦੋਝੀ ਸਾਇਕਲ ਲੈ ਕੇ ਜੇ ਲੰਘਦੇ ਸੀ, ਪਤਾ ਨਹੀਂ ਕੀ ਦਿਸਦਾ ਸੀ, ਡਰ ਕੇ ਗਿਰ ਜਾਂਦੇ ਸੀ, ਦੁੱਧ ਡੁੱਲ੍ਹ ਜਾਣਾ। ਮੈਂ ਕਿਹਾ, ਗੁਰੂ ਨੇ ਆ ਕੇ ਜਦੋਂ ਦੇ ਚਰਨ ਪਾਏ ਨੇ ਉਹ ਸਾਹਿਬ ਬਣ ਗਿਆ ਥਾਉਂ। ਤਾਂ ਉਹਨੂੰ ਰਤਵਾੜਾ ਸਾਹਿਬ ਕਹਿੰਦੇ ਨੇ। ਮੈਂ ਕਿਹਾ, ਮੈਂ ਤਾਂ ਮੋਹਾਲੀ ਰਹਿੰਦਾਂ, ਮੋਹਾਲੀ ਸਾਹਿਬ ਕੌਣ ਕਹਿੰਦੈ? ਇਹ ਗੁਰੂ ਦਾ ਅਦਬ ਹੈ। ਸੋ ਇਹ ਗੱਲ ਸਾਡੇ ਸਮਝ ਵਿਚ ਨਹੀਂ ਆ ਰਹੀ ਕਿ ਗੁਰੂ ਪ੍ਰਮੇਸ਼ਰ ਕਿਵੇਂ ਹੈ? ਇਹ ਸ਼ਬਦ ਪ੍ਰਮੇਸ਼ਰ ਦੇ ਵਿਚੋਂ ਪ੍ਰਗਟ ਹੋ ਰਿਹੈ। ਜਿਵੇਂ ਸੰਸਾਰ ਪ੍ਰਗਟ ਹੋਇਐ ਇਵੇਂ ਸ਼ਬਦ ਵੀ ਉਹਦਾ ਰੂਪ ਹੈ। ਸਾਰੇ ਧਰਮਾਂ ਵਾਲੇ ਕਹਿੰਦੇ ਨੇ, ਈਸਾਈਅਤ ਵਾਲੇ ਕਹਿੰਦੇ ਨੇ ਕਿ ਸੰਸਾਰ ਦੀ ਰਚਨਾ ਤੋਂ ਪਹਿਲਾਂ ਸ਼ਬਦ ਸੀ। ਅਰ ਉਹ ਸ਼ਬਦ ਜਿਹੜਾ ਸੀ ਉਹ ਪ੍ਰਭੂ ਦੇ ਵਿਚ ਸੀ। ਹੁਣ ਜਿਹੜਾ ਗਿਆਨ ਹੈ, ਦਿਮਾਗ ਦੇ ਵਿਚ ਹੈ, ਗਿਆਨ ਇਥੋਂ ਪੈਦਾ ਹੁੰਦੈ, ਮੇਰੇ ਤੋਂ ਕੋਈ ਅਲਾਹਿਦਾ ਚੀਜ਼ ਹੈ ਗਿਆਨ? ਸ਼ਬਦ ਕੋਈ ਪ੍ਰਮੇਸ਼ਰ ਤੋਂ ਅਲਾਹਿਦਾ ਚੀਜ਼ ਹੈ? ਸੋ ਇਸ ਕਰਕੇ ਜਿਵੇਂ ਆਪਾਂ ਕਹਿੰਦੇ ਹਾਂ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ- ੪੪੨*

ਗੁਰੂ ਪ੍ਰਮੇਸ਼ਰ ਹੀ ਹੋਇਆ ਕਰਦੈ। ਹੁਣ ਸਾਡਾ ਪ੍ਰਮੇਸ਼ਰ ਨਾਲ ਸਿੱਧਾ ਵਾਹ ਤਾਂ ਪੈਂਦਾ ਨਹੀਂ। ਕਿਸੇ ਚੀਜ਼ ਦੇ ਰਾਹੀਂ, ਮੀਡੀਆ ਦੇ ਰਾਹੀਂ ਪਵੇਗਾ। ਉਹ ਮੀਡੀਆ ਹੋਣਾ ਚਾਹੀਦੈ, ਸਮਰੱਥ। ਉਹ ਜਿਹੜਾ ਮੀਡੀਆ ਹੈ, ਜਿਥੇ ਜੋਤ ਪੂਰਨ ਰੂਪ ਵਿਚ ਪ੍ਰਗਟ ਹੋ ਜਾਵੇ, ਉਹ ਗੁਰੂ ਹੋਇਆ ਕਰਦੈ। ਇਹਦੇ ਵਿਚ ਝਗੜੇ ਝਾਟਿਆਂ ਦੀ ਗੱਲ ਨਹੀਂ। ਜਦੋਂ ਤੋਂ ਸੰਸਾਰ ਰਚਿਆ ਹੈ, ਉਸ ਵੇਲੇ ਤੋਂ ਗੁਰੂ ਪ੍ਰਥਾ ਚਲੀ ਆਉਂਦੀ ਹੈ। ਕਬੀਰ ਸਾਹਿਬ ਦੀ ਬਾਣੀ ਕਦੇ ਵੀ ਦਰਜ ਨਾ ਹੁੰਦੀ ਜੇ ਉਹਨੂੰ ਸਮਰੱਥ ਗੁਰੂ ਨਾ ਮਿਲਿਆ ਹੁੰਦਾ। ਨਾਮਦੇਵ ਦੀ ਬਾਣੀ ਦਰਜ ਨਾ ਹੁੰਦੀ, ਜੇ ਉਹ ਨਿਗੁਰਾ ਹੁੰਦਾ, ਉਹਨੂੰ ਸਮਰੱਥ ਗੁਰੂ ਨਾ ਮਿਲਿਆ ਹੁੰਦਾ। ਇਥੇ ਧਨਵੰਤ ਸਿੰਘ ਓਨੀਂ ਕਹਿ ਰਹੇ ਸੀ ਕਿ ਠੀਕ ਹੈ ਤੁਹਾਨੂੰ ਆਪਣੇ ਨਿਸ਼ਚੇ ਮੁਬਾਰਕ, ਸਾਨੂੰ ਆਪਣੇ ਮੁਬਾਰਕ। ਰੌਲਾ-ਰੱਪੇ ਦੂਸਰੇ ਨਾਲ ਕਿਉਂ ਪਾਈਏ। ਠੀਕ ਹੈ ਜਿਹਨੇ ਤਰਨਾ ਹੈ ਕਿਸ਼ਤੀ 'ਤੇ ਬਹਿ ਜਾਓ, ਕਿਸ਼ਤੀ ਦਾ ਮਲਾਹ ਦੋਵੇਂ ਅੱਖਾਂ ਵਾਲਾ ਚਾਹੀਦੈ, ਉਹਦੀਆਂ ਬਾਹਾਂ ਵੀ ਤਕੜੀਆਂ ਚਾਹੀਦੀਆਂ ਨੇ। ਫੇਰ ਤਾਂ ਉਹ ਪਾਰ ਲਾ ਦਏਗਾ, ਨਹੀਂ ਤਾਂ ਭੰਵਰਾਂ ਦੇ ਵਿਚ ਕਿਸ਼ਤੀ ਫਸਾ ਕੇ, ਆਪ ਵੀ ਡੁੱਬੇਗਾ ਤੇ ਸਵਾਰੀਆਂ ਨੂੰ ਵੀ ਡੋਬ ਦੇਵੇਗਾ। ਇਹ ਤਾਂ ਹੁਣ ਆਪਣੀ ਚੋਣ ਹੈ, ਕਿਹੋ ਜਿਹਾ ਗੁਰੂ ਭਾਲਿਐ। ਸੋ ਗੁਰੂ ਤੇ ਪ੍ਰਮੇਸ਼ਰ ਵਿਚ ਕੋਈ ਫਰਕ ਨਹੀਂ ਹੋਇਆ ਕਰਦਾ। ਸੋ ਮੈਂ ਗੁਰੂ ਦਸਵੇਂ ਪਾਤਸ਼ਾਹ ਦੀ ਗੱਲ ਕਰਦਾ ਸੀ ਕਿ ਹਾਂ ਜੀ ਉਹਨਾਂ ਦੇ ਛੋਟੀ ਉਮਰ ਕਿਵੇਂ ਹੋ ਗਿਆ? ਉਹ ਤਾਂ ਆਪ ਹੀ ਬਾਣੀ ਦੇ ਕਰਤਾ ਸੀ। ਪ੍ਰਮੇਸ਼ਰ ਸੀ। ਜਿੰਨੀ ਦੇਰ ਤਕ 'ਮੈਂ' ਅੰਦਰ ਹੈ, ਓਨੀਂ ਦੇਰ ਤੱਕ ਸੰਤ ਨਹੀਂ ਬਣ ਸਕਦਾ, ਗੁਰੂ ਤਾਂ ਕੀ ਬਣਨੈਂ। ਗੁਰੂ ਕੋਲ ਸਮਰੱਥਾ ਹੁੰਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*

*ਅੰਗ- ੧੨੯੧*

ਜਿਹੜਾ ਘਰ ਦੇ ਵਿਚ ਦਿਖਾ ਦੇਵੇ -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*

*ਅੰਗ- ੧੨੯੧*

ਆਤਮਕ ਮੰਡਲ ਦੀਆਂ ਨਿਸ਼ਾਨੀਆਂ ਨੇ ਇਹ। ਉਥੇ ਪੰਜ ਸ਼ਬਦਾਂ ਦੀ ਧੁਨਕਾਰ ਪੈਂਦੀ ਹੈ। ਜੋਤੀ ਦਾ ਵਿਗਾਸ ਹੁੰਦੈ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ - ੨*

ਉਥੇ ਦੀ ਨਿਸ਼ਾਨੀ ਹੈ ਪੰਜ ਸ਼ਬਦ ਵਜਦੇ ਨੇ।

*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*

*ਅੰਗ- ੧੨੯੧*

ਇਹ ਇਕ ਹੇਠਲੀ ਅਵਸਥਾ ਹੈ, ਜਿਹਨੂੰ ਵਿਸਮਾਦ ਦੀ ਅਵਸਥਾ ਕਹਿੰਦੇ ਨੇ। ਜਿਹਨੂੰ ਵਿਸਮਾਦ ਦੀ

ਅਵਸਥਾ ਵਾਦੀਏ ਨੂਰ ਕਹਿੰਦੇ, ਵਾਦੀਏ ਹੈਰਾਨ ਕਹਿੰਦੇ ਨੇ। ਸੋ ਗੁਰੂ ਜੋ ਹੈ ਇਹ ਨਿਸ਼ਾਨੀ ਹੈ ਉਹਦੀ -

*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*

*ਅੰਗ- ੧੨੯੧*

ਅਗਲੀ ਨਿਸ਼ਾਨੀ ਗੁਰੂ ਸਾਹਿਬ ਨੇ ਹੋਰ ਦਸ ਦਿਤੀ ਕਿ ਗੁਰੂ ਉਥੇ ਪਹੁੰਚਾ ਦਿੰਦੈ ਜਿਥੇ ਹਰ ਵਕਤ ਮਿਊਜ਼ਿਕ ਹੋ ਰਿਹੈ। ਆਤਮਕ ਸੰਗੀਤ ਹੋ ਰਿਹੈ। ਸੱਚੇ ਤਖਤ 'ਤੇ ਸਾਰਿਆਂ ਦੇ ਅੰਦਰ ਸੁਲਤਾਨ ਬੈਠਾ ਹੈ। ਗੁਰੂ ਦਾ ਕੰਮ ਹੁੰਦੈ ਆਹ ਜੀਵ ਨੂੰ ਚੁੱਕ ਪ੍ਰਮੇਸ਼ਰ ਨਾਲ ਮਿਲਾ ਦੇਣਾ -

*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥*

*ਅੰਗ- ੭੪੯*

ਉਹ ਜਿਹੜਾ ਹਰੀ ਦੇ ਨਾਲ ਮਿਲਾ ਦੇਵੇ ਉਹ ਗੁਰੂ ਹੈ। ਗੁਰੂ ਦੇ ਉਤੇ ਜੇ ਵਿਸ਼ਵਾਸ਼ ਨਹੀਂ ਆਇਆ। ਨਾਮ ਨਹੀਂ ਚਲਦਾ -

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ - ੨੮੩*

ਸੋ ਗੁਰੂ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜ਼ੁਬਾਨੀ ਲਿਖਾ ਦਿਤਾ। ਬਾਬਾ ਫਰੀਦ ਦੇ 5 ਸਾਲ ਦੀ ਉਮਰ ਵਿਚ ਕੁਰਾਨ ਸ਼ਰੀਫ ਯਾਦ ਸੀ। ਮਾਂ ਨੇ ਕਿਹਾ, ਬੇਟਾ! ਪੰਜ ਨਮਾਜ਼ਾਂ ਪੜ੍ਹਿਆ ਕਰ ਤੇ ਉਹ ਪੰਜ ਨਮਾਜ਼ਾਂ ਪੜ੍ਹਨ ਲਗ ਗਿਆ। ਸਾਧ ਸੰਗਤ ਜੀ! ਐਸੀਆਂ ਮਾਵਾਂ ਸੰਸਾਰ ਦੇ ਵਿਚ ਬਹੁਤ ਘੱਟ ਨੇ, ਜਿਹੜੀਆਂ ਆਪਣੇ ਪੁੱਤਰਾਂ ਨੂੰ ਕਹਿਣ ਬੇਟਾ! ਨਾਮ ਜਪੋ। ਉਂਗਲੀਆਂ 'ਤੇ ਗਿਣਨ ਵਾਲੀਆਂ ਨੇ। ਸਾਡੀਆਂ ਤਾਂ ਛੱਡ ਦਿਓ। ਪੁਰਾਣੇ ਇਤਿਹਾਸ ਦੇ ਵਿਚ ਢਾਈ ਮਾਵਾਂ ਦਸਦੇ ਨੇ। ਬਾਬਾ ਫਰੀਦ ਦੀ ਮਾਂ ਸੀ, ਦੂਸਰੀ ਗੋਪੀ ਚੰਦ ਦੀ ਮਾਂ ਜਿਸਨੇ ਤਖਤ ਤੋਂ ਲਾਹ ਕੇ ਪੁੱਤਰ ਭੇਜ ਦਿਤਾ ਬੰਦਗੀ ਕਰਨ। ਧਰੂ ਦੀ ਮਾਂ ਨੇ ਉਪਦੇਸ਼ ਤਾਂ ਦਿਤਾ, ਪ੍ਰੇਰਨਾ ਕਰੀ ਪਰ ਪਿੱਛੋਂ ਥੋੜ੍ਹਾ ਘਬਰਾ ਗਈ ਕਿ ਛੋਟਾ ਬੱਚਾ ਹੈ, ਕਿਵੇਂ ਇਹ ਬੰਦਗੀ ਕਰੇਗਾ। ਉਹਨਾਂ ਮਾਵਾਂ ਨੂੰ ਧੰਨ ਕਹਿੰਦੇ ਨੇ ਗੁਰੂ ਮਹਾਰਾਜ -

*ਧਾਰਨਾ - ਧੰਨ ਧੰਨ ਜਣੇਦੀਆਂ ਮਾਵਾਂ,*
*ਜਿਨ੍ਹਾਂ ਦੇ ਪੁੱਤਰ ਨਾਮ ਜਪਦੇ।*

*ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ਅੰਗ- ੪੯੮*

ਬੰਦਗੀ ਕਰਨ ਵਾਲਾ ਪੁੱਤਰ 101 ਕੁਲ ਦਾ ਉਧਾਰ ਕਰ ਦਿਆ ਕਰਦੈ। ਇਹਦੇ ਵਿਪਰੀਤ ਸ਼ਰਾਬ ਪੀਣ ਵਾਲਾ ਪੁੱਤਰ ਸੱਤ ਕੁਲਾਂ ਦਾ ਨਾਸ਼ ਕਰ ਦਿੰਦੈ। ਤਮਾਕੂ ਪੀਣ ਵਾਲਾ ਪੁੱਤਰ 100 ਕੁਲ ਦਾ ਨਾਸ਼ ਕਰ ਦਿੰਦੈ। ਭੰਗ ਪੀਣ ਵਾਲਾ ਪੁੱਤਰ ਆਪਣੇ ਤਨ ਦਾ ਨਾਸ਼ ਕਰ ਦਿੰਦੈ। ਨਿੰਦਿਆ ਕਰਨ ਵਾਲੇ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ ਹੈ -

*ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ*
*ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।*

ਤਮਾਕੂ ਦੇ ਨਾਲ ਕਹਿੰਦੇ, ਦੇਵਤਾ ਲੋਕ ਸਾਥ ਛੱਡ ਜਾਂਦੇ ਨੇ। ਉਹਦੇ ਹੱਥੋਂ ਪਾਣੀ ਪੀਣ ਦਾ ਸ਼ਰਾਬ ਜਿੰਨਾ ਦੋਸ਼ ਲਗਦੈ। ਪੁਰਾਣੇ ਸ਼ਾਸਤਰਾਂ 'ਚ ਲਿਖਿਆ ਹੋਇਐ, ਸ਼ਿਵ ਜੀ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ ਧੂਮਰ ਪਾਨ ਦੀ ਬੂਟੀ ਕਿਹੜੀ ਹੈ? ਕਹਿੰਦੇ, ਇਹਦਾ ਨਾਉਂ ਨਹੀਂ ਲੈਣਾ। ਕਹਿੰਦੇ, ਐਨੀ ਮਾੜੀ ਹੈ? ਕਹਿੰਦੇ ਹਾਂ, ਜੇ ਲੈਣਾ ਹੈ ਤਾਂ ਪੰਜ ਗਾਇਤ੍ਰੀ ਦੇ ਪਾਠ ਕਰਨੇ ਪੈਣਗੇ ਤਾਂ ਮੂੰਹ ਸੁੱਚਾ ਹੋਣਾ ਹੈ। ਐਡੀ ਮਾੜੀ ਚੀਜ਼ ਹੈ। ਕਹਿੰਦੇ, ਸੱਤ ਕੁੱਲਾਂ ਦਾ ਨਾਸ਼ ਸ਼ਰਾਬ ਪੀਣ ਵਾਲਾ ਕਰ ਦਿੰਦੈ।

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*
*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਤਮਾਕੂ ਨੂੰ ਜਗਤ ਜੂਠ ਕਿਹਾ ਹੈ ਤੇ ਉਹ 100 ਕੁਲਾਂ ਦਾ ਨਾਸ਼ ਕਰ ਦਿੰਦੀ ਹੈ। ਇਹਨਾਂ ਪੁੱਤਰਾਂ ਬਾਰੇ ਮਹਾਰਾਜ ਨੇ ਫਿਟਕਾਰ ਪਾਈ ਹੈ। ਮਾਤਾ! ਤੂੰ ਤਾਂ ਪਈ ਜਿਉਂਦੀ ਰਹਿੰਦੀ, ਪਰ ਤੇਰਾ ਪਤੀ ਮਰ ਜਾਣਾ ਚਾਹੀਦਾ ਸੀ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ਅੰਗ- ੩੨੮*

ਜੇ ਵਿਧਵਾ ਹੀ ਹੋ ਜਾਂਦੀ ਤਾਂ ਇਹੋ ਜਿਹੇ ਨਲਾਇਕ ਪੁੱਤਰ ਨੂੰ ਤਾਂ ਜਨਮ ਨਾ ਦਿੰਦੀ। ਮਾਂ ਦੇ ਉਤੇ ਦੋਸ਼ ਆਉਂਦੈ। ਸੋ ਇਸ ਤਰ੍ਹਾਂ ਉਹ ਧੰਨ ਮਾਵਾਂ ਨੇ ਜਿਹੜੀਆਂ ਆਪਣੇ ਪੁੱਤਰਾਂ ਨੂੰ ਪ੍ਰਮੇਸ਼ਰ ਦਾ ਨਾਮ ਜਪਾਉਂਦੀਆਂ ਨੇ। ਪ੍ਰਮੇਸ਼ਰ ਦਾ ਨਾਮ ਇਹ ਨਹੀਂ ਹੁੰਦਾ ਕਿ ਰਤਵਾੜਾ ਸਾਹਿਬ ਪੁੱਤਰ ਨੂੰ ਮੈਂ ਭੇਜ ਦੇਵਾਂ, ਬਿਲਕੁਲ ਨਹੀਂ। ਇਥੇ ਕੋਈ ਨਾਮ ਜਪਣ ਵਾਲੇ ਥੋੜ੍ਹੇ ਸੰਤਾਂ ਕੋਲ ਆਉਂਦੇ ਹੁੰਦੇ ਨੇ। ਨਾਮ ਤਾਂ ਜਿਹਨੇ ਜਪਣੈ ਪਤਾ ਨਹੀਂ ਕਿੱਥੇ ਜਪ ਲਏ। ਘਰ ਵਿਚ ਜਪ ਲਏ, ਸਕੂਲ ਵਿਚ ਪੜ੍ਹਦਾ-ਪੜ੍ਹਦਾ ਜਪ ਲਏ। ਨੌਕਰੀ ਕਰਦਾ-ਕਰਦਾ ਜਪ ਲਵੇ। ਇਹ ਦਾਤ ਹੈ ਪ੍ਰਮੇਸ਼ਰ ਦੀ ਇਹਦੇ ਵਾਸਤੇ ਕਿਸੇ ਭੇਖ ਦੀ ਲੋੜ ਨਹੀਂ ਹੈ। ਇਹ ਤਾਂ ਕਿਤੇ ਵੀ -

*ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

'ਆਤਮ ਮਾਰਗ' ਪੜ੍ਹਿਆ ਕਰੋ, ਇਹਦੇ ਵਿਚ ਅਸੀਂ ਬਿਲਕੁਲ ਸਤਿ ਗੱਲਾਂ ਲਿਖਦੇ ਹਾਂ, ਸੱਚੀਆਂ ਗੱਲਾਂ। ਚਾਹੇ ਕੋਈ ਮਾੜਾ ਕਹੇ, ਕੋਈ ਚੰਗਾ ਕਹੇ, ਅਸੀਂ ਕਹਿੰਦੇ ਹਾਂ ਇਹ ਨਾ ਕਰੋ, ਪਾਖੰਡ ਨਾ ਕਰੋ। ਆਮ ਜ਼ਿੰਦਗੀ ਜੀਓ, ਵਿਸ਼ੇਸ਼ ਬਣ ਕੇ ਨਾ ਕਿਸੇ ਨੂੰ ਦਿਖਾਓ। ਸੋ ਨਾਮ ਜਪਣੈ, ਨਾਮ ਤਾਂ ਲਗਨ ਨਾਲ ਜਪਣੈ। ਮਾਤਾ ਦੇ ਉਪਦੇਸ਼

ਨਾਲ ਜਪਣੈ, ਪਤਾ ਨਹੀਂ ਪੜ੍ਹਦਾ-ਪੜ੍ਹਦਾ ਕਿੰਨਾ ਨਾਮ ਜਪ ਲਏ। ਭਾਈ ਬੀਰ ਸਿੰਹੁ ਓਨੀਂ ਕਿਹੜੇ ਡੇਰੇ 'ਚ ਗਏ ਸੀਗੇ। ਭਾਈ ਸਾਹਿਬ ਭਾਈ ਰਣਧੀਰ ਸਿੰਘ ਕਿਹੜੇ ਡੇਰੇ ਵਿਚ ਰਹੇ ਸੀ। ਠੀਕ ਹੈ ਡੇਰਿਆਂ ਵਿਚ ਇਕਾਂਤ ਹੁੰਦੀ ਹੈ, ਪਰ ਉਸ ਨੂੰ ਹੁੰਦੀ ਹੈ ਜਿਹਨੂੰ ਲਗਨ ਹੋਵੇ। ਬਾਕੀ ਤਾਂ ਇਹ ਜਿਹੜਾ ਧਾਨ ਤੁਸੀਂ ਚਾੜ੍ਹਦੇ ਹੋਂ ਨਾ ਇਹ ਮੱਤ ਮਾਰ ਦਿੰਦੈ -

*ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ।*
*ਮੱਤ ਮਾਰਨ, ਹੱਡ ਗਾਲਣ, ਭਜਨ ਕਰਨ ਨ ਦੇਨ।*

ਇਹ ਤਾਂ ਕੋਈ ਸੂਰਮਾ ਹੀ ਹੈ ਜਿਹੜਾ ਇਥੇ ਰਹਿ ਕੇ ਨਾਮ ਜਪ ਲਵੇ। ਉਹਦਾ ਪੁੰਨ ਤਾਂ ਤੁਸੀਂ ਨਾਲ ਦੀ ਨਾਲ ਖੋਈ ਜਾਂਦੇ ਹੋਂ, ਰੋਜ਼ ਦੀ ਰੋਜ਼। ਸੋ ਇਹ ਜ਼ਰੂਰੀ ਨਹੀਂ ਨਾਮ ਜਪਣ ਵਾਸਤੇ ਕਿ ਕਿਸੇ ਡੇਰੇ 'ਚ ਜਾ ਕੇ ਹੀ ਜਪੇਗਾ। ਸਕੂਲਾਂ ਵਿਚ ਤਾਂ ਪੜ੍ਹਾਈ ਹੁੰਦੀ ਹੈ, ਬੋਰਡਿੰਗ 'ਚ ਦਾਖਲ ਕਰਦੇ ਹਾਂ। ਇਥੇ ਵੀ ਜੇ ਕੋਈ ਸੱਚਮੁੱਚ ਲਗਨ ਨਾਲ ਆਉਂਦੈ, ਉਹ ਤਾਂ ਜਪ ਲੈਂਦੈ। ਦੂਸਰਾ ਨਹੀਂ।

ਸੋ ਮਾਵਾਂ ਧੰਨ ਨੇ। ਮਾਂ ਨੇ ਕਿਹਾ, ਬੇਟਾ ਫਰੀਦ! ਨਮਾਜ਼ ਪੜ੍ਹਿਆ ਕਰ। ਪੰਜ ਨਮਾਜ਼ਾਂ ਪੜ੍ਹਨ ਲਾ ਦਿਤਾ। ਕਹਿੰਦੀ, ਦੇਖ ਬੇਟਾ! ਤੂੰ ਤਸਬੀ ਫੇਰਿਆ ਕਰ, ਅੱਲਾਹ ਦੇ ਨਾਮ ਦੀ। ਆਹ ਲੈ ਤਸਬੀ ਇਕ-ਇਕ ਮਣਕੇ ਨਾਲ ਅੱਲਾਹ-ਹੂ, ਅੱਲਾਹ ਹੂ ਇਸ ਤਰ੍ਹਾਂ ਕਹਿਆ ਕਰ। ਕਹਿੰਦਾ, ਮਾਤਾ! ਇਹ ਫੇਰ ਅੱਲਾਹ ਕੁਛ ਦਿੰਦਾ ਵੀ ਹੁੰਦੈ? ਉਹਨੂੰ ਸ਼ੱਕਰ ਖਾਣ ਦੀ ਆਦਤ ਸੀ। ਕਹਿੰਦੀ, ਹਾਂ ਸ਼ੱਕਰ ਦਿੰਦੈ। ਮਾਤਾ ਨੇ ਲਗਨ ਲਗਾ ਦਿਤੀ, ਰੋਜ਼ ਇਕ ਪੁੜੀ ਬੰਨ੍ਹ ਕੇ ਸ਼ੱਕਰ ਦੀ, ਮੁਸੱਲੇ ਦੇ ਥੱਲੇ ਰਖ ਦਿਆ ਕਰੇ। ਮੁਸੱਲਾ ਕਹਿੰਦੇ ਨੇ ਆਸਣ ਨੂੰ, ਜਿਹਦੇ ਉਤੇ ਬੈਠ ਕੇ ਭਜਨ ਕਰੀਦੈ। ਉਹ ਬੜਾ ਖੁਸ਼ ਹੋਇਆ, ਕਿ ਅੱਲਾਹ ਤਾਲਾ ਤਾਂ ਬਹੁਤ ਹੀ ਦਿਆਲੂ ਹੈ, ਰੋਜ਼ ਹੀ ਮੈਨੂੰ ਸ਼ੱਕਰ ਖਾਣ ਲਈ ਦੇ ਦਿੰਦੈ। ਅੱਜਕਲ੍ਹ ਵਰਗੀ ਸ਼ੱਕਰ ਨਹੀਂ ਸੀ ਕਿ ਖਾ ਕੇ ਸ਼ੂਗਰ ਹੋ ਜਾਵੇ। ਅਨਰਜੀ ਹੁੰਦੀ ਉਹਦੇ ਵਿਚ।

ਇਕ ਦਿਨ ਮਾਤਾ ਕਿਤੇ ਚਲੀ ਗਈ। ਫਰੀਦ ਨੇ ਸਮਾਂ ਦੇਖ ਕੇ ਆਪਣੀ ਸੋਟੀ ਦੇ ਨਾਲ ਮਾਲਾ ਲਾਹ ਲਈ ਕਿੱਲੇ ਤੋਂ। ਆਸਣ ਚੁੱਕ ਲਿਆ, ਬੈਠ ਗਿਆ ਤਸਬੀ ਫੇਰਨ। ਮਾਤਾ ਨੂੰ ਆਇਆ ਫਿਕਰ ਕਿ ਅੱਜ ਕੀ ਬਣੂਗਾ। ਜਦ ਆਈ, ਕਹਿੰਦੀ, ਫਰੀਦ, ਬੇਟਾ! ਤਸਬੀ ਫੇਰੀ ਸੀ? ਕਹਿੰਦਾ, ਹਾਂ ਮਾਤਾ। ਡਰਦੀ-ਡਰਦੀ ਕਹਿਣ ਲੱਗੀ, ਸ਼ੱਕਰ ਵੀ ਮਿਲੀ ਸੀ? ਕਹਿੰਦਾ ਹਾਂ, ਮਾਤਾ। ਅੰਦਰ ਲੈ ਗਿਆ, ਆਹ ਦੇਖ ਭਾਂਡੇ ਭਰੇ ਪਏ ਨੇ। ਐਨੀ ਸ਼ੱਕਰ ਅੱਜ ਦੇ ਦਿਤੀ ਉਹਨੇ। ਉਹਨੇ ਕਿਹਾ, ਸ਼ਬਦ ਸਿੱਧ ਹੋ ਗਿਆ ਇਹਦਾ। ਉਸ ਵੇਲੇ ਪਰਤਿਆਵਾ ਲਿਆ ਇਹਦਾ। ਕਹਿਣ ਲੱਗੀ, ਬੇਟਾ! ਆਪਣੇ ਘਰ ਰਾਸ਼ਨ ਨਹੀਂ ਹੈ। ਤੂੰ ਤਸਬੀ ਫੇਰ ਕੇ ਇਹ ਕਹੀਂ ਕਿ ਅੱਲਾਹ ਤਾਲਾ! ਇਕ ਡੰਗ ਦਾ ਰਾਸ਼ਨ ਭੇਜ ਦੇ। ਉਸੇ ਤਰ੍ਹਾਂ ਨਾਲ ਕੀਤਾ। ਕੀ ਦੇਖਦੈ? ਗੱਡਾ ਭਰੀਂ ਕੋਈ ਆ ਗਿਆ। ਕਹਿੰਦਾ, ਫਰੀਦ ਦਾ ਘਰ ਕਿਹੜਾ ਹੈ? ਕਹਿੰਦਾ ਆਹੀ ਹੈ। ਮਾਤਾ? ਕਹਿੰਦੇ, ਉਹ ਬਾਹਰ ਗਈ ਹੋਈ ਹੈ। ਬੋਰੀਆਂ ਲਾਹ ਕੇ ਰੱਖਣ ਲਗ ਗਏ, ਘਰ ਭਰ ਦਿਤਾ ਸਾਰਾ। ਉਹ ਕਹਿੰਦਾ, ਮੈਂ ਤਾਂ ਇਕੋ ਡੰਗ ਦਾ ਮੰਗਿਆ ਸੀ? ਉਹ ਕਹਿੰਦੇ, ਖੁਦਾ ਨੂੰ ਇਹ ਤਾਂ ਨਹੀਂ ਕਿਹਾ ਕਿ ਮਨੁੱਖਾਂ ਦੇ ਇਕ ਡੰਗ ਦਾ ਦੇ ਦੇ। ਜਿੱਡਾ ਖੁਦਾ ਓਡਾ ਹੀ ਵੱਡਾ ਇਕ ਡੰਗ ਹੈ ਉਹਦਾ। ਮਾਤਾ ਨੇ ਕਿਹਾ ਕਿ ਠੀਕ ਹੈ।

ਉਸ ਵੇਲੇ ਮਾਤਾ ਨੇ ਕਿਹਾ ਕਿ ਬੇਟਾ! ਹੁਣ ਤੂੰ ਪੜ੍ਹਾਈ ਕਰ। ਪੜ੍ਹਾਈ ਕਰਨ ਵਾਸਤੇ, ਇਰਾਨ ਦੇ ਰਹਿਣ ਵਾਲੀ ਸੀ ਮਾਂ। ਉਹਨੇ ਬਹੁਤ ਸਾਰੇ ਪੀਰਾਂ ਦਾ ਜ਼ਿਕਰ ਕੀਤਾ ਕਿ ਤੂੰ ਤੁਰ-ਫਿਰ ਕੇ ਪੜ੍ਹਾਈ ਕਰ। ਬਾਬਾ ਫਰੀਦ ਫੇਰ ਉਹਨਾਂ ਮਕਤਬਾਂ ਵਿਚ ਜਾਂਦਾ ਰਿਹਾ ਜਿਥੇ ਵੱਡੇ-ਵੱਡੇ ਪੀਰ ਸੀ, ਪੜ੍ਹਾਈ ਕਰੀ। ਜਿੰਨੀ ਯਾਤਰਾ ਬਾਬੇ ਫਰੀਦ ਨੇ ਕਰੀ ਹੈ, ਸਪੇਨ ਤੋਂ ਲੈ ਕੇ ਜਾਵਾ ਸੁਮਾਟਰਾ ਇਧਰ ਮਲੇਸ਼ੀਆ ।ਅਸਾਮ ਦੇ ਜੰਗਲਾਂ 'ਚ, ਸਾਰੇ ਫਿਰਦਾ ਰਿਹਾ ਫਰੀਦ। ਮਾਤਾ ਨੇ ਜਦ ਦੇਖਿਆ ਕਿ 18 ਸਾਲ ਦਾ ਹੋ ਗਿਆ। ਪੜ੍ਹ ਵੀ ਕਾਫੀ ਗਿਆ। ਉਹਨੇ ਕਿਹਾ, ਬੇਟਾ! ਦੇਖ ਨਾਲੇ ਤਾਂ ਹੁਣ ਕਰ ਪੜ੍ਹਾਈ, ਨਾਲੇ ਕਰ ਜੋਹਦ। ਤੁਰਨ ਲੱਗਿਆ, ਬਾਬਾ ਫਰੀਦ। ਕਹਿਣ ਲੱਗੀ, ਬੇਟਾ! ਤਿੰਨ ਗੱਲਾਂ ਦਾ ਧਿਆਨ ਰੱਖੀਂ। ਇਕ ਤਾਂ ਤੂੰ ਕਿਲ੍ਹੇ ਵਿਚ ਰਹੀਂ। ਇਕ ਤੂੰ 36 ਪ੍ਰਕਾਰ ਦੇ ਭੋਜਨ ਖਾਈਂ। ਇਕ ਤੂੰ ਮਖਮਲੀ ਗਦੈਲਿਆਂ 'ਤੇ ਪਈਂ।

ਕਹਿੰਦਾ, ਮਾਤਾ! ਤੂੰ ਮੈਨੂੰ ਭੇਜ ਰਹੀਂ ਹੈਂ ਜੋਹਦ ਕਰਨ ਵਾਸਤੇ, ਉਥੇ ਕਿਲ੍ਹੇ ਕਿੱਥੇ ਨੇ? ਉਥੇ 36 ਪ੍ਰਕਾਰ ਦੇ ਭੋਜਨ ਕਿੱਥੇ ਨੇ? ਮਾਤਾ ਕਹਿਣ ਲੱਗੀ, ਬੇਟਾ! ਜਿਨ੍ਹਾਂ ਪੀਰਾਂ, ਸੂਫੀਆਂ, ਸੰਤਾਂ ਦੇ ਵਿਚ ਤੂੰ ਜਾਣਾ ਹੈ, ਉਹ ਬਹੁਤੀਆਂ ਗੱਲਾਂ ਨਹੀਂ ਕਰਦੇ, ਉਹ ਰਮਜ਼ ਮਾਰਦੇ ਨੇ। ਆਪਣੀਆਂ ਗੱਲਾਂ ਖੋਲ੍ਹ-ਖੋਲ੍ਹ ਨਹੀਂ ਦਸਦੇ ਹੁੰਦੇ।

ਬਾਬੇ ਫਰੀਦ ਨੂੰ ਭੇਜ ਦਿਤਾ, ਉਸ ਨੇ ਜਾ ਕੇ ਬੜੀ ਤਪੱਸਿਆ ਕਰੀ। ਬਹੁਤ ਪੀਰਾਂ ਦੇ ਕੋਲ ਗਿਆ। ਈਰਾਨ ਦੇ ਪੀਰਾਂ ਕੋਲ ਗਿਆ, ਅਰਬ ਦੇ, ਟਰਕੀ, ਲਿਬਲਾਨ ਦੇ ਵਿਚ ਸਪੇਨ ਤਕ ਪਹੁੰਚਦੈ। ਏਧਰ ਹਿੰਦੁਸਤਾਨ ਵਿਚ ਫਿਰਦਾ ਰਿਹਾ। ਵਿਚ ਉਹ ਜੋਹਦ ਕਰਦਾ ਰਿਹਾ ਕਦੇ ਸਾਲ ਦਾ, ਕਦੇ ਦੋ ਸਾਲ ਦਾ। ਦੋ ਚੀਜ਼ਾਂ ਹੁੰਦੀਆਂ ਨੇ ਇਕ ਜੋਹਦ ਹੁੰਦੈ, ਇਕ ਰਿਆਜ਼ਤ ਹੁੰਦੀ ਹੈ। ਜ਼ੋਹਦ ਤਪ ਨੂੰ ਕਹਿੰਦੇ ਨੇ, ਰਿਆਜ਼ਤ ਭਗਤੀ ਨੂੰ ਕਹਿੰਦੇ ਨੇ। ਜ਼ੋਹਦ ਦਾ ਫਲ ਥੋੜ੍ਹਾ ਹੁੰਦੈ, ਖੇਚਲ

ਬਹੁਤ ਜ਼ਿਆਦਾ ਹੁੰਦੀ ਹੈ। ਲੋਕਾਂ ਨੂੰ ਪਰ ਜ਼ੋਹਦ ਚੰਗਾ ਲਗਦੈ। ਭਗਤੀ ਦੇ ਵਿਚ ਖੇਚਲ ਕੋਈ ਨਹੀਂ ਹੁੰਦੀ, ਪ੍ਰਾਪਤੀ ਬਹੁਤ ਜ਼ਿਆਦਾ ਹੁੰਦੀ ਹੈ। 9 ਕਿਸਮ ਦੀ ਭਗਤੀ ਹੈ। ਭਗਤ ਭਗਵਾਨ ਦੇ ਨਾਲ ਇਕ ਹੋ ਜਾਂਦੈ। ਜ਼ੋਹਦ ਵਾਲਾ ਨਹੀਂ ਹੁੰਦਾ, ਤਪ ਕਰਨ ਵਾਲਾ ਨਹੀਂ ਹੁੰਦਾ। ਕਿਉਂਕਿ ਭਗਤੀ ਵਿਚ ਗੁਰੂ ਧਾਰਨਾ ਪੈਂਦੈ। ਜ਼ੋਹਦ ਵਿਚ ਗੁਰੂ ਦੀ ਕੋਈ ਲੋੜ ਨਹੀਂ ਹੈ ਪਰ ਕਿਨਾਰਾ ਕੋਈ ਨਹੀਂ ਹੈ। ਇਹ ਨਹੀਂ ਕਿ ਉਹ ਪ੍ਰਮੇਸ਼ਰ ਨੂੰ ਮਿਲ ਜਾਵੇ। ਉਸ ਤਪ ਬਾਰੇ ਬਾਬੇ ਫਰੀਦ ਨੇ ਬਾਣੀ ਦੇ ਵਿਚ ਐਸੇ ਕਈ ਸੰਕੇਤ ਦਿਤੇ ਨੇ।

ਆਪ ਅੰਮ੍ਰਿਤ ਵੇਲੇ ਤੋਂ ਇਕ ਜੰਗਲ ਦੇ ਵਿਚ ਖੜ੍ਹੇ ਨੇ। ਸਾਰੀ ਰਾਤ ਖੜ੍ਹਿਆਂ ਨੂੰ ਹੋ ਗਈ। ਸਵੇਰੇ ਹੀ ਇਕ ਲੁਹਾਰ ਘੜਾ ਸਿਰ ਦੇ ਉਤੇ ਚੁੱਕਿਆ ਹੋਇਐ। ਕੁਹਾੜਾ ਮੋਢੇ 'ਤੇ ਰੱਖਿਆ ਹੋਇਐ, ਮੂੰਹ ਹਨ੍ਹੇਰੇ ਜੰਗਲ 'ਚ ਚਲਿਆ ਗਿਆ। ਜਾ ਕੇ ਦੇਖਿਆ ਕਿ ਆਹ ਲੱਕੜੀ ਦੇ ਉਤੇ ਨਾ ਕੋਈ ਟਾਹਣਾ, ਨਾ ਕੋਈ ਪੱਤਾ, ਸੁੱਕੀ ਪਈ ਹੈ, ਲੋਕਾਂ ਨੇ ਟਾਹਣੇ ਵੱਢ ਲਏ ਹੋਣੇ ਨੇ। ਸੁੱਤ ਨਿੰਦਰੇ ਜਿਹੇ ਨੇ ਆ ਕੇ ਪੀਨ ਵਲੋਂ ਕੁਹਾੜਾ ਫੜਿਆ ਤੇ ਬਾਬੇ ਫਰੀਦ ਦੀ ਪਿੱਠ ਵਿਚ ਮਾਰਿਆ। ਉਹ ਕਈ ਕਦਮਾਂ ਅੱਗੇ ਲੰਘ ਗਏ, ਗੁੱਸੇ ਨਹੀਂ ਹੋਏ। ਕਹਿਣ ਲੱਗੇ, ਐ ਮਿੱਤਰ! ਤੈਨੂੰ ਵੀ ਤਲਾਸ਼ ਹੈ, ਮੈਨੂੰ ਵੀ ਤਲਾਸ਼ ਹੈ। ਤੇਰੀ ਤਲਾਸ਼ ਹੋਰ, ਮੇਰੀ ਤਲਾਸ਼ ਹੋਰ। ਤੈਨੂੰ ਕੋਲੇ ਚਾਹੀਦੇ ਨੇ ਤੇ ਮੈਂ ਅੱਲਾਹ ਤਾਲਾ ਦੀ ਤਲਾਸ਼ ਵਿਚ ਹਾਂ। ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਕਿਤੇ ਮਾਰ ਨਾ ਗਵਾਈਂ ਮੇਰੇ ਵੀਰਨਾ,*
*ਤੈਨੂੰ ਭਾਲ ਕੋਲਿਆਂ ਦੀ।*
*ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ ॥*
*ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥*
*ਅੰਗ– ੧੩੮੦*

ਸੋ ਇਸ ਤਰ੍ਹਾਂ ਨਾਲ ਜ਼ੋਹਦ ਕੀਤਾ। ਭੁੱਖਾ ਰਹਿੰਦਾ ਹੈ, ਖਾਂਦਾ ਨਹੀਂ ਹੈ। ਬਹੁਤ ਸਖ਼ਤ ਤਕਲੀਫ਼ਾਂ ਝੱਲਦੈ। ਸੋ ਉਸ ਨੂੰ ਇਸ ਤਰ੍ਹਾਂ ਕਰਦੇ–ਕਰਦੇ 12 ਸਾਲ ਲੰਘ ਗਏ। ਖਿਆਲ ਆਇਆ ਕਿ ਮਾਤਾ ਨੂੰ ਮਿਲ ਆਵਾਂ, ਮੈਂ ਆਪਣੇ ਜ਼ੋਹਦ ਬਾਰੇ ਗੱਲ ਕਰਾਂ। ਉਸ ਤੋਂ ਅਗਲੀ ਸਲਾਹ ਲਵਾਂ ਕਿ ਮੈਂ ਕੀ ਕਰਾਂ। ਮਾਤਾ ਦੇ ਕੋਲ ਨੂੰ ਚੱਲਦੈ। 15 ਕੁ ਮੀਲ ਜੰਗਲ ਲੰਘਣਾ ਰਹਿ ਗਿਆ। ਕਿਉਂਕਿ ਭਾਰਤ ਵਰਸ਼ ਵਿਚ ਓਹਨਾਂ ਵੇਲਿਆਂ ਦੇ ਵਿਚ ਬਹੁਤ ਸੰਘਣੇ ਜੰਗਲ ਸੀਗੇ। ਇਹ ਤਾਂ ਅਬਾਦੀ ਵਧਣ ਨਾਲ ਹੀ ਅਬਾਦੀਆਂ ਹੋਈਆਂ ਨੇ। ਨਹੀਂ ਤਾਂ ਪਿੰਡਾਂ ਵਿਚ ਆਮ ਰੱਖਾਂ ਹੁੰਦੀਆਂ ਵੱਡੀਆਂ–ਵੱਡੀਆਂ। ਆਹ ਯੂ.ਪੀ ਤਾਂ ਸੀ ਹੀ ਜੰਗਲਾਂ ਦੀ ਬਣੀ ਹੋਈ। ਜਿਥੇ ਅਸੀਂ ਲੋਕ ਗਏ ਸੀ ਤਰਾਈ 'ਚ।

ਉਹ ਵਾਪਸ ਆਉਂਦੈ। ਉਥੇ ਬੈਠ ਗਿਆ ਦਰਖ਼ਤ ਦੇ ਥੱਲੇ। ਧੁੱਪ ਚੜ੍ਹ ਚੁਕੀ ਹੈ, ਥੋੜ੍ਹਾ ਆਰਾਮ ਲੈਣ ਬੈਠਿਆ। ਦਰਖ਼ਤ ਬੜਾ ਗਾੜ੍ਹਾ ਸੀ, ਉਤੇ ਬਹੁਤ ਕਿਸਮ ਦੇ ਪੰਛੀ ਬੈਠੇ ਆਪਣੀ ਬੋਲੀ ਵਿਚ ਖੁਸ਼ ਹੋਏ ਗੀਤ ਗਾ ਰਹੇ ਸੀ। ਕਿਉਂਕਿ ਪੰਛੀਆਂ ਦਾ ਸੁਭਾਅ ਹੈ। ਇਹ ਸਾਡੇ ਵਾਂਗਣ ਨਹੀਂ ਕਰਦੇ ਕਿ ਫਲਾਣੀ ਕੋਠੀ 'ਚ ਦਾਣੇ ਪਏ ਨੇ। ਇਕ ਆਦਮੀ ਤੇ ਇਕ ਚੂਹਾ ਦੋ ਐਸੇ ਨੇ ਜਿਹੜੇ ਅਗਾਂਹਾਂ ਨੂੰ ਖਾਣ ਵਾਸਤੇ ਰਖਦੇ ਨੇ। ਬਾਕੀ ਸਾਰੇ ਹੀ 83 ਲੱਖ 99 ਹਜ਼ਾਰ 999 ਜੂਨ ਪ੍ਰਮੇਸ਼ਰ ਦੇ ਭਰੋਸੇ 'ਤੇ ਰਹਿੰਦੀ ਹੈ ਕਿ ਉਹਨੇ ਰਿਜ਼ਕ ਆਪੇ ਹੀ ਦੇਣਾ ਹੈ। ਸਿਰਫ ਮਨੁੱਖ ਨੂੰ ਭਰੋਸਾ ਨਹੀਂ ਹੈ। ਇਹ ਕਹਿੰਦਾ ਹੈ ਕਿ ਜੇ ਮੈਂ ਨਾ ਹੋਇਆ ਤਾਂ ਰਿਜ਼ਕ ਨਹੀਂ ਮਿਲਣਾ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਰਾਂਦ ਵਾਲੇ ਦੀਵਾਨ 'ਤੇ ਇਕ ਕੋਈ ਪ੍ਰੇਮੀ ਦੂਰ ਤੋਂ ਆਇਆ ਕਰਦਾ ਸੀ। ਲੇਕਿਨ ਜਦੋਂ ਭੋਗ ਪੈਣਾ ਉਸ ਤੋਂ ਪਹਿਲਾਂ ਮਹਾਰਾਜ ਤੋਂ ਇਜਾਜ਼ਤ ਲਏ ਬਗੈਰ ਹੀ ਚਲਿਆ ਜਾਂਦਾ ਸੀ। ਮਹਾਰਾਜ ਜੀ ਦੇ ਧਿਆਨ ਵਿਚ ਆਇਆ ਕਿ ਆਹ ਜਿਹੜਾ ਪ੍ਰੇਮੀ ਹੈ ਇਹ ਆਉਂਦਾ ਨੇਮ ਨਾਲ ਹੈ, ਪਰ ਚਲਿਆ ਜਾਂਦੈ ਇਕ ਦਮ। ਸਿੰਘਾਂ ਨੂੰ ਕਿਹਾ ਕਿ ਇਹਨੂੰ ਰੋਕ ਲਿਓ। ਜਾਣ ਲੱਗਿਆ ਤਾਂ ਸਿੰਘਾਂ ਨੇ ਰੋਕ ਲਿਆ। ਮਹਾਰਾਜ ਨੇ ਬੁਲਾਇਆ, ਪ੍ਰੇਮੀਆਂ! ਦੇਖ ਮਰਿਆਦਾ ਇਹ ਹੁੰਦੀ ਹੈ ਕਿ ਗੁਰੂ ਪੀਰਾਂ ਨਾਲ ਆਈਦਾ ਤਾਂ ਆਪਣੀ ਮਰਜ਼ੀ ਨਾਲ ਹੈ, ਪਰ ਜਾਈਦਾ ਪੁੱਛ ਕੇ ਹੈ। ਜੇ ਪੁੱਛ ਕੇ ਨਾ ਜਾਓ, ਹਜ਼ਾਰ ਵਿਘਨ ਰਸਤੇ 'ਚ ਹੋਰ ਖੜ੍ਹਾ ਹੁੰਦੈ। ਗੁਰੂ ਨੂੰ ਪਤਾ ਹੁੰਦੈ, ਉਹ ਟਾਲ ਦਿੰਦੈ। ਖੁਸ਼ੀਆਂ ਲੈ ਕੇ ਗੁਰੂ ਦੀਆਂ ਜਾਇਆ ਕਰਦੇ ਨੇ ਤੇ ਤੂੰ ਆਉਂਦੈ, ਮੱਥਾ ਟੇਕ ਕੇ ਤੁਰ ਜਾਂਦੈ। ਕਹਿੰਦਾ ਸੱਚੇ ਪਾਤਸ਼ਾਹ! ਕੀ ਕਰਾ ਮੈਂ ਤਾਂ ਦਲਿੱਦਰ ਨੇ ਦੱਬਿਆ ਪਿਆ ਹਾਂ। ਕਹਿੰਦੇ, ਕੀ ਗੱਲ? ਕਹਿੰਦਾ, ਪਰਿਵਾਰ, ਛੋਟੇ–ਛੋਟੇ ਬੱਚੇ ਨੇ। ਕੋਈ ਚੀਜ਼ ਨਹੀਂ ਹੈ। ਮਿਹਨਤ ਕਰਦਾ ਹਾਂ ਤਾਂ ਰੋਟੀ ਚਲਦੀ ਹੈ। ਜੇ ਮਿਹਨਤ ਨਾ ਕਰਾਂ ਤਾਂ ਚਲਦੀ ਹੀ ਨਹੀਂ ਹੈ। ਮਹਾਰਾਜ ਕਹਿਣ ਲੱਗੇ, ਤੂੰ ਬਾਣੀ ਵੀ ਪੜ੍ਹਦਾ ਹੁੰਦੈਂ? ਕਹਿੰਦਾ, ਬਾਣੀ ਵੀ ਪੜ੍ਹਦਾਂ, ਮੈਂ ਕਥਾ ਵੀ ਕਰਦਾ ਹੁੰਦਾਂ। ਤੁਹਾਡੀ ਕ੍ਰਿਪਾ ਦੇ ਨਾਲ ਮੈਨੂੰ ਅਰਥ ਬੋਧ ਵੀ ਹੈ। ਕਹਿੰਦੇ, ਇਕ ਤੁਕ ਦੀ ਕਥਾ ਕਰਕੇ ਸੁਣਾ ਸਾਨੂੰ। ਇਸ ਤਰ੍ਹਾਂ ਪੜ੍ਹ ਲਓ ਸਾਰੇ –

*ਧਾਰਨਾ – ਰੋਜ਼ੀ ਦਿੰਦਾ ਹੈ ਪੱਥਰ ਦੇ ਕੀੜੇ ਨੂੰ।*
*ਤੈਨੂੰ ਕਿਉਂ ਨਾ ਦੇਵੇ ਬੰਦਿਆ।*

ਕਹਿਣ ਲੱਗੇ, ਕਿਹੜੀ ਤੁਕ ਹੈ ਪ੍ਰੇਮੀਆਂ? ਕਹਿੰਦਾ–

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*

*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ - ੧੦*

ਕਹਿੰਦੇ, ਇਹਦੀ ਵੀ ਕਥਾ ਕਰਦੈਂ? ਕਹਿੰਦਾ, ਹਾਂ ਮਹਾਰਾਜ। ਇਹ ਤਾਂ ਹੈ ਹੀ ਸੁਖਾਲੀ ਬਹੁਤ। ਕਹਿੰਦੇ, ਫੇਰ ਸੇਵਾ ਕਰਿਆ ਕਰ। ਕਹਿੰਦਾ, ਮਹਾਰਾਜ! ਸੇਵਾ ਕੀ ਕਰਨੀ ਹੋਈ, ਮੈਂ ਤਾਂ ਅੱਜ ਸਵੇਰ ਦੇ ਡੰਗ ਦਾ ਰਾਸ਼ਨ ਪਰਿਵਾਰ ਨੂੰ ਦੇ ਕੇ ਆਇਆ ਸੀ, ਆਥਣ ਦਾ ਉਹਨਾਂ ਨੇ ਲੰਘਾ ਲੈਣੈ। ਕੱਲ੍ਹ ਨੂੰ ਨਹੀਂ ਹੈ, ਸਾਰੇ ਭੁੱਖੇ ਮਰ ਜਾਣਗੇ।

ਮਹਾਰਾਜ ਕਹਿੰਦੇ, ਤੂੰ ਰਾਜ਼ਕ ਹੈਂ? ਆਪੇ ਹੀ ਤਾਂ ਤੂੰ ਕਥਾ ਕਰ ਰਿਹੈਂ ਕਿ ਉਹਨਾਂ ਨੂੰ ਵੀ ਦਿੰਦੈ, ਚਿੰਤਾ ਨਾ ਕਰੋ ਕੋਈ ਵੀ -

*ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥ ਅੰਗ- ੧੦੭੦*

ਬਈ ਉਹ ਸਾਰੇ ਥਾਵਾਂ 'ਤੇ ਦਿੰਦੈ। ਤੈਨੂੰ ਵਿਸ਼ਵਾਸ਼ ਨਹੀਂ ਆਉਂਦਾ ਗੁਰੂ ਦੀ ਬਾਣੀ 'ਤੇ? ਕਹਿੰਦਾ, ਮਹਾਰਾਜ! ਆਦਮੀ ਨੂੰ ਹੱਥ ਪੈਰ ਦਿਤੇ ਨੇ, ਪ੍ਰਭੂ ਨੇ। ਕੰਮ ਕਰਨ ਵਾਸਤੇ ਬੁੱਧੀ ਦਿਤੀ ਹੈ ਕਿ ਕੰਮ ਕਰਨਾ ਚਾਹੀਦੈ। ਕਹਿੰਦੇ, ਤੂੰ ਕਰਦੈਂ? ਤੈਨੂੰ ਪਤਾ ਨਹੀਂ ਕਿ ਸਭ ਕੁਛ ਹੁਕਮ 'ਚ ਹੋ ਰਿਹੈ -

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥*
*ਅੰਗ - ੧*

ਜੇ ਤੈਨੂੰ ਅਧਰੰਗ ਹੋ ਜਾਵੇ ਫੇਰ ਕੀ ਕਰੇਂਗਾ। ਤੈਨੂੰ ਬਿਮਾਰੀ ਲਗ ਜਾਵੇ, ਫੇਰ ਤੂੰ ਦਸ ਕੀ ਕਰੇਂਗਾ। ਚੁੱਪ ਕਰ ਗਿਆ। ਕਹਿੰਦੇ, ਚੰਗਾ! ਬਾਣੀ ਪੜ੍ਹਦਾ ਤਾਂ ਤੂੰ ਹੈਂ ਪਰ ਤੈਨੂੰ ਵਿਸ਼ਵਾਸ਼ ਨਹੀਂ ਹੈ। ਵਿਸ਼ਵਾਸ਼ ਤੋਂ ਬਿਨਾਂ ਲੇਖੇ ਵਿਚ ਨਹੀਂ ਪੈਂਦੀ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ- ੬੬੯*

ਕਿ ਇਸ ਤਰ੍ਹਾਂ ਵੀ ਹੋ ਜਾਇਆ ਕਰਦੈ। ਇਸ ਤਰ੍ਹਾਂ ਹੀ ਹੁੰਦੈ। ਇਹ ਸਭ ਪਰਤਿਆਈਆਂ ਹੋਈਆਂ ਗੱਲਾਂ ਨੇ ਸਾਧਸੰਗਤ ਜੀ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਮੈਨੂੰ ਕਹਿੰਦੇ ਹੁੰਦੇ ਸੀ ਕਿ ਪ੍ਰਮੇਸ਼ਰ ਰੋਜ਼ੀ ਦਿੰਦੈ। ਕਦੇ ਤਾਂ ਮਨ 'ਚ ਹੋ ਜਾਣਾ ਕਿ ਰੋਜ਼ੀ ਦਿੰਦੈ। ਅਸੀਂ ਆਪ ਕੰਮ ਕਰਦੇ ਹਾਂ ਤਾਂ ਜਾ ਕੇ ਕੁਛ ਬਣਦੈ। ਨਹੀਂ, ਸੱਚਮੁੱਚ ਹੀ ਪ੍ਰਮੇਸ਼ਰ ਪਾਲਦੈ ਸਭ ਚੀਜ਼ਾਂ ਨੂੰ।

ਗੁਰੂ ਮਹਾਰਾਜ ਕਹਿੰਦੇ, ਆਹ ਚਿੱਠੀ ਲੈ ਲਈਂ ਸਾਡੀ। ਚਿੱਠੀ ਲਿਖ ਦਿਤੀ, ਪਿੰਡ ਵਾਲਿਆਂ ਨੂੰ ਦੇਣ ਵਾਸਤੇ ਕਹਿ ਦਿਤਾ। ਚਿੱਠੀ 'ਚ ਲਿਖਿਆ ਹੋਇਆ ਸੀ ਕਿ ਪ੍ਰੇਮੀਓ! ਇਹ ਗਿਆਨੀ ਗੁਣੀ ਕਾਫੀ ਹੈ, ਇਸ ਤੋਂ ਬਾਣੀ ਦੇ ਅਰਥ ਸੁਣੋ ਤੁਸੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੁਸੀਂ ਸੈਂਚੀਆਂ 'ਚ ਲੈ ਕੇ, ਸਤਿਸੰਗ ਕਰੋ। 9 ਮਹੀਨੇ ਨਹੀਂ ਇਹਨੂੰ ਘਰ ਜਾਣ ਦੇਣਾ। ਕੁਛ ਕਰੀ ਜਾਵੇ ਚਾਹੇ, ਪਹਿਰੇ ਲਾ ਦਿਓ। ਜਦੋਂ ਚਿੱਠੀ ਦਿਤੀ, ਉਹ ਕਹਿੰਦੇ, ਪ੍ਰੇਮੀਆਂ! ਚਿੱਠੀ ਸੁਣ ਲੈ। ਚਿੱਠੀ ਸੁਣਾਈ ਉਦਾਸ ਹੋ ਗਿਆ, ਕਹਿਣ ਲੱਗਿਆ, ਐਹੋ ਜਿਹਾ ਵੀ ਗੁਰੂ ਕੋਈ ਹੁੰਦੈ ਜਿਹੜਾ ਬਾਲ-ਬੱਚੇ ਭੁੱਖੇ ਮਰਵਾ ਦੇਵੇ। ਕਹਿੰਦੇ, ਹੁਣ ਤਾਂ ਚਾਹੇ ਰੋ, ਚਾਹੇ ਖੁਸ਼ ਰਹਿ, ਅਸੀਂ ਨਹੀਂ 9 ਮਹੀਨੇ ਜਾਣ ਦੇਣਾ। ਉਹ ਜਦੋਂ ਗਿਆ ਨਾ, ਪਿੰਡ ਵਾਲਿਆਂ ਨੇ ਸੋਚਿਆ ਕਿ ਗੁਰਸਿੱਖ ਤਾਂ ਗੁਰੂ ਦੀ ਸੇਵਾ 'ਚ ਲਗ ਗਿਆ। ਆਪਾਂ ਇਹਨਾਂ ਨੂੰ ਕੁਛ ਇਕੱਠਾ ਕਰ ਦੇਈਏ। ਉਹਨਾਂ ਨੇ ਇਕੱਠਾ ਕਰ ਦਿਤਾ। ਥੋੜ੍ਹੇ ਦਿਨਾਂ ਬਾਅਦ ਲੜਕੀ ਨੇ ਮਾਤਾ ਨੂੰ ਕਿਹਾ, ਮਾਤਾ! ਦੋਵੇਂ ਕੰਮ ਕਰਨ ਜੋਗੀਆਂ ਹਾਂ। ਆਪਾਂ ਕੋਈ ਕੰਮ ਕਾਰ ਕਰ ਲਈਏ, ਕਿੰਨਾਂ ਚਿਰ ਦਾਨ 'ਤੇ ਪਲਾਂਗੇ। ਉਸ ਪਿੰਡ ਦੇ ਅੰਦਰ ਇਕ ਬਹੁਤ ਵੱਡਾ ਸਰਦਾਰ ਅਮੀਰ ਆਦਮੀ ਸੀ। ਉਥੇ ਗਏ, ਉਹਦੀ ਲੜਕੀ ਦੀ ਸ਼ਾਦੀ ਸੀ। ਕਹਿਣ ਲੱਗੀ, ਭੈਣ ਜੀ! ਇਹਦੇ ਪਿਤਾ ਜੀ ਤਾਂ ਆਏ ਨਹੀਂ ਹੈਗੇ। ਅਸੀਂ ਚਾਹੁੰਦੀਆਂ ਹਾਂ ਕਿ ਅਸੀਂ ਕਿਰਤ ਕਰਕੇ ਖਾਈਏ ਕਿਉਂਕਿ ਸਾਡੇ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ -

*ਘਾਲਿ ਖਾਇ ਕਿਛੁ ਹਥਹੁ ਦੇਇ ॥*
*ਨਾਨਕ ਰਾਹੁ ਪਛਾਣਹਿ ਸੇਇ ॥ ਅੰਗ- ੧੨੪੫*

ਸਾਨੂੰ ਕੰਮ ਦੇ ਦਿਓ। ਉਹ ਕਹਿਣ ਲੱਗੀ, ਹਾਂ, ਲੜਕੀ ਦੀ ਸ਼ਾਦੀ ਹੈ। ਠੀਕ ਹੈ ਕੰਮ ਕਰੋ। ਬੜਾ ਕੁਛ ਕੰਮ ਕਰਨ ਵਾਲਾ ਹੁੰਦੈ ਸ਼ਾਦੀ ਵਾਲੇ ਘਰ ਵਿਚ। ਕੰਮ ਕਰਦੀਆਂ ਨੇ। ਇਕ ਦਿਨ ਉਹ ਕਹਿਣ ਲੱਗੀ ਕਿ ਜਾਓ ਤੁਸੀਂ ਪਾਂਡੂ ਲੈ ਕੇ ਆਓ। ਆਹ ਕੰਧਾਂ ਨੂੰ ਤੁਸੀਂ ਪਾਂਡੂ ਕਰੋ। ਕਿਉਂਕਿ ਉਹਨਾਂ ਦਿਨਾਂ ਵਿਚ ਕੱਚੇ ਘਰ ਹੁੰਦੇ, ਪਾਂਡੂ ਵਗੈਰਾ ਲਿਪਦੇ ਹੁੰਦੇ। ਬੜੇ ਸੋਹਣੇ ਕਰ ਲੈਂਦੇ ਸੀ। ਉਹ ਜਿਸ ਵਕਤ ਉਥੇ ਜਾਂਦੀਆਂ ਨੇ, ਜਾ ਕੇ ਮਿੱਟੀ ਪੁਟਣੀ ਸ਼ੁਰੂ ਕਰੀ। ਖੜਕਾ ਜਿਹਾ ਹੋਇਆ। ਲੜਕੀ ਕਹਿੰਦੀ, ਕੁਛ ਖੜਕਦਾ ਹੈ। ਹੌਲੀ-ਹੌਲੀ ਜਦੋਂ ਕੱਢਿਆ ਤਾਂ, ਵਿਚੋਂ ਗਾਗਰ ਨਿਕਲ ਆਈ। ਚੱਪਣ ਲਾਹ ਕੇ ਦੇਖਿਆ ਕਿ ਇਹ ਤਾਂ ਮੋਹਰਾਂ ਦੀ ਭਰੀ ਹੋਈ ਹੈ। ਉਸ ਵੇਲੇ ਵਾਪਸ ਮੁੜ ਆਈਆਂ। ਉਹ ਭਲੀ ਸੀ ਬੀਬੀ ਅਮੀਰ ਸਰਦਾਰਨੀ। ਇਹਨਾਂ ਨੇ ਜਾ ਕੇ ਦਸਿਆ ਕਿ ਆਹ ਹੋਇਐ। ਕਹਿਣ ਲੱਗੀ, ਦੇਖੋ, ਇਹ ਤੁਹਾਨੂੰ ਗੁਰੂ ਸਾਹਿਬ ਨੇ ਦਿਤਾ ਹੈ। ਕਿਉਂਕਿ ਉਹ ਸੇਵਾ ਕਰਦੈ। ਹੁਣ ਤੁਸੀਂ ਇਸ ਤਰ੍ਹਾਂ ਕਰਿਓ, ਪੈਸੇ ਖਰਚਣ ਦੀ ਜਾਚ ਹਰੇਕ ਨੂੰ ਨਹੀਂ ਹੁੰਦੀ। ਮੈਂ ਖਰਚ ਕਰੂੰਗੀ। ਉਹਨੇ ਬਹੁਤ

ਸਾਰੀ ਜ਼ਮੀਨ ਲੈ ਦਿਤੀ। ਪਸ਼ੂ ਲੈ ਦਿਤੇ, ਘਰ ਪਾਉਣਾ ਸ਼ੁਰੂ ਕਰ ਦਿਤਾ, ਖੂਹ ਲਗ ਗਏ। ਇਧਰਲੇ ਪਾਸੇ 9 ਮਹੀਨੇ ਇਹਦੇ ਵੀ ਪੂਰੇ ਹੋ ਗਏ। ਜਦੋਂ ਰਸਤੇ 'ਚ ਤੁਰਿਆ ਆਉਂਦੈ, ਗੁਰੂ ਮਹਾਰਾਜ ਨਾਲ 9 ਮਹੀਨੇ ਨਰਾਜ਼ ਹੀ ਰਿਹਾ। ਰਸਤੇ 'ਚ ਵੀ ਕਹਿੰਦੈ। ਉਹ ਕਹਿੰਦੇ, ਜਾਹ ਘਰ ਨੂੰ। ਕਹਿੰਦਾ, ਘਰ ਕੋਈ ਹੈਗਾ ਕੀ, ਉਹ ਤਾਂ ਮਰ ਚੁੱਕੇ ਹੋਣੇ, ਗੁਰੂ ਨੇ ਮਾਰ ਦਿਤੇ ਭੁੱਖੇ। ਫੇਰ ਹੁਣ ਕਿੱਥੇ ਜਾਏਂਗਾ। ਕਹਿੰਦਾ, ਦੇਖੀ ਜਾਏਗੀ, ਕਿਤੇ ਮਿਹਨਤ ਮਜੂਰੀ ਕਰਾਂਗਾ ਹਾਂ। ਕਹਿੰਦੇ, ਤੂੰ ਘਰ ਨੂੰ ਜਾਹ, ਗੁਰੂ 'ਤੇ ਵਿਸ਼ਵਾਸ਼ ਰੱਖ। ਗੁਰੂ ਮਾਰਦਾ ਨਹੀਂ ਹੁੰਦਾ, ਗੁਰੂ ਬਚਾਉਂਦਾ ਹੁੰਦੈ –

*ਰੋਗਨ ਤੇ ਅਰ ਸੋਗਨ ਤੇ*
*ਜਲ ਜੋਗਨ ਤੇ ਬਹੁਤ ਭਾਂਤਿ ਬਚਾਵੈ॥*
*ਸਤ੍ਰ ਅਨੇਕ ਚਲਾਵਤ ਘਾਵ,*
*ਤਊ ਤਨ ਏਕ ਨ ਲਾਗਨ ਪਾਵੈ॥*
*ਰਾਖਤ ਹੈ ਅਪਨੋ ਕਰ ਦੈ ਕਰ,*
*ਪਾਪ ਸਮੂੰਹ ਨ ਭੇਟਨ ਪਾਵੈ॥*
*ਔਰ ਕੀ ਬਾਤ ਕਹਾ ਕਹ ਤੋ ਸੌਂ*
*ਸੁ ਪੇਟ ਹੀ ਕੇ ਪਟ ਬੀਚ ਬਚਾਵੈ॥* *ਅਕਾਲ ਉਸਤਤਿ*

ਗੁਰੂ ਤਾਂ ਪ੍ਰਿਤਪਾਲਨਾ ਕਰਦਾ ਹੁੰਦੈ –

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥* *ਅੰਗ– ੨੮੬*

ਤੈਨੂੰ ਉਲਟੇ ਖਿਆਲ ਕਿਉਂ ਆਉਂਦੇ ਨੇ? ਘਰ ਗਿਆ, ਦੇਖਦਾ ਹੈ ਕਿ ਘਰ ਤਾਂ ਮੇਰਾ ਢਾਹ ਦਿਤਾ। ਇਥੇ ਤਾਂ ਚੁਬਾਰੇ ਵਾਲਾ ਘਰ ਪਿਆ ਹੋਇਆ ਹੈ ਬਹੁਤ ਵਧੀਆ। ਬਾਹਰ ਨੂੰ ਨਿਗ੍ਹਾ ਮਾਰੀ, ਕਹਿੰਦਾ, ਇਥੇ ਤਾਂ ਡੰਗਰ ਹੀ ਬਹੁਤ ਨੇ। ਬਲਦਾਂ ਦੀਆਂ ਜੋੜੀਆਂ ਖੜ੍ਹੀਆਂ ਨੇ। ਬੰਦੇ ਨਿਕਲ ਰਹੇ ਨੇ ਕੰਮ ਕਾਰ ਵਾਲੇ ਅੰਦਰ–ਬਾਹਰ। ਲੜਕੇ ਨੂੰ ਪਛਾਣ ਲਿਆ, ਛੋਟਾ ਲੜਕਾ ਤਾਂ ਹੈਗਾ ਮੇਰਾ ਜਿਉਂਦਾ। ਉਹਦੇ ਮਗਰ–ਮਗਰ ਹੋ ਗਿਆ। ਉਹ ਲੜਕਾ ਛੇਤੀ–ਛੇਤੀ ਪੌੜੀਆਂ ਚੜ੍ਹ ਗਿਆ। ਇਹ ਵੀ ਚੜ੍ਹ ਗਿਆ। ਲੜਕਾ ਭਜ ਕੇ ਮਾਂ ਦੇ ਕੋਲ ਚਲਿਆ ਗਿਆ। ਇਹਨੇ ਚੁਬਾਰੇ ਦੀ ਦੇਹਲੀ ਦੇ ਅੰਦਰ ਪੈਰ ਰੱਖਿਆ। ਲੜਕਾ ਕਹਿੰਦਾ, ਬੇਬੇ–ਬੇਬੇ, ਬਾਪੂ ਆ ਗਿਆ, ਹੁਣ ਆਪਾਂ ਫੇਰ ਭੁੱਖੇ ਮਰਾਂਗੇ। ਕਹਿੰਦਾ ਹੈਂ। ਆਹ ਗੱਲ ਕੀ ਹੋਈ। ਉਹ ਕਹਿੰਦੀ, ਤੂੰ ਗੁਰੂ ਦੀ ਸੇਵਾ 'ਚੋਂ ਕਿਉਂ ਆ ਗਿਆ। ਕਹਿੰਦਾ, ਪਹਿਲਾਂ ਮੈਨੂੰ ਦਸ ਕਿ ਆਹ ਭਾਣਾ ਕੀ ਹੋਇਆ? ਕਹਿੰਦੀ ਤੂੰ ਚਲਿਆ ਗਿਆ ਤੇ ਫੇਰ ਸਾਰੀ ਗੱਲ ਦੱਸੀ।

ਜਾ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਨਮਸ਼ਕਾਰ ਕਰੀ। ਕਹਿਣ ਲੱਗਿਆ, ਪਾਤਸ਼ਾਹ! ਮੈਂ ਤੁਹਾਡੀ ਬਾਣੀ ਨੂੰ ਸੱਚ ਨਹੀਂ ਜਾਣਿਆ। ਇਹ ਤਾਂ ਇਕ–ਇਕ ਅੱਖਰ ਸਤਿ ਹੈ।

ਸੋ ਰੋਜ਼ੀ ਸਾਰਿਆਂ ਨੂੰ ਪ੍ਰਮੇਸ਼ਰ ਦਿੰਦੈ। ਉਹ ਪੰਛੀ ਜਿਹੜੇ ਨੇ ਉਹ ਚੁਗਦੇ ਨੇ। ਉਹਨਾਂ ਦਾ ਕੋਈ ਸਟੋਰ ਨਹੀਂ, ਕੁਛ ਨਹੀਂ ਹੈ।

ਬਾਬਾ ਫਰੀਦ ਦੇਖਦੈ ਕਿ ਪੰਛੀ ਦੇਖੋ ਕਿੰਨੇ ਚੰਗੇ ਨੇ। ਗੁਣ ਗਾਉਂਦੇ ਨੇ ਪ੍ਰਭੂ ਦੇ, ਰਾਤ ਨੂੰ ਚਲੇ ਜਾਂਦੇ ਨੇ, ਸਵੇਰੇ ਇਨ੍ਹਾਂ ਨੂੰ ਚੋਗਾ ਮਿਲ ਜਾਂਦੈ। ਸਵੇਰੇ ਕੌਣ ਪਾ ਜਾਂਦੈ ਧਰਤੀ ਦੇ ਉਤੇ ਚੋਗਾ। ਸਾਰੇ ਪੰਛੀ ਦੇਖ ਲਓ ਤੁਸੀਂ, ਇਕ ਦਮ ਉਡਾਰੀਆਂ ਮਾਰ ਕੇ, ਧਰਤੀ 'ਤੇ ਆ ਕੇ ਚੁਗਣ ਲਗ ਜਾਂਦੇ ਨੇ। ਉਸ ਵੇਲੇ ਉਹਨੇ ਐਸਾ ਬਾਣੀ ਦਾ ਉਚਾਰਨ ਕੀਤਾ –

*ਧਾਰਨਾ – ਕੰਕਰ ਚੁਗਦੇ ਥਲਾਂ ਦੇ ਵਿਚ ਵਸਦੇ,*
*ਰੱਬ ਦੀ ਨਾ ਆਸ ਛੱਡਦੇ ਪੰਛੀ।*

*ਫਰੀਦਾ ਹਉ ਬਲਿਹਾਰੀ ਤਿਨ੍ ਪੰਖੀਆ*
*ਜੰਗਲਿ ਜਿੰਨ੍ਾ ਵਾਸੁ ॥*
*ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥*
*ਅੰਗ– ੧੩੮੩*

ਇਸ ਤਰ੍ਹਾਂ ਦੇ ਨਾਲ ਚੋਗਾ ਚੁਗਣ ਤੋਂ ਬਾਅਦ ਪੰਛੀ ਦਰਖਤ 'ਤੇ ਬੈਠੇ ਖੁਸ਼ੀ ਦੇ ਅੰਦਰ ਚਹਿਚਹਾ ਰਹੇ ਸੀ। ਫਰੀਦ ਨੇ ਤਪ ਕਰਿਆ ਸੀ, ਤਪ ਕਰਨ ਵਾਲੇ ਦੇ ਅੰਦਰ ਹੱਦ ਤੋਂ ਜ਼ਿਆਦਾ ਕ੍ਰੋਧ ਪੈਦਾ ਹੋ ਜਾਂਦੈ। ਤਪੀਆ ਹਮੇਸ਼ਾਂ ਹੀ ਸਰਾਪ ਦੇਵੇਗਾ। ਭਗਤੀ ਕਰਨ ਵਾਲਾ ਹਮੇਸ਼ਾ ਵਰ ਦੇਵੇਗਾ। ਦੋਹਾਂ ਦਾ ਫਰਕ ਹੋਇਆ ਕਰਦੈ। ਉਸ ਵੇਲੇ ਖਿੱਝ ਗਿਆ। ਕਹਿੰਦਾ, ਰੌਲਾ ਪਾਉਂਦੇ ਨੇ। ਕਹਿੰਦਾ, ਮਰ ਵੰਞੋ ਪੰਛੀਓ। ਸਾਰੇ ਹੀ ਗਿਰ ਗਏ ਧਰਤੀ 'ਤੇ। ਕਹਿਣ ਲੱਗਿਆ, ਮੇਰਾ ਤਾਂ ਕੁਛ ਵਿਗਾੜਿਆ ਨਹੀਂ ਇਹਨਾਂ ਨੇ। ਮੈਂ ਐਵੇਂ ਹੀ ਮਾਰ ਦਿਤੇ। ਫੇਰ ਕਹਿੰਦਾ, ਜੀਅ ਵੰਞੋ ਪੰਛੀਓ। ਸਾਰੇ ਹੀ ਜਿਉਂ ਪਏ। ਬੜਾ ਖੁਸ਼ ਹੋ ਗਿਆ ਮਨ ਦੇ 'ਚ ਕਿ ਮੇਰੇ ਤਾਂ ਅੰਦਰ ਤਾਕਤ ਆ ਗਈ। ਮੈਂ ਕਹਿ ਕੇ ਮਾਰ ਵੀ ਸਕਦਾ ਹਾਂ, ਮਰੇ ਹੋਏ ਨੂੰ ਜਿਉਂਦਾ ਵੀ ਕਰ ਸਕਦਾ ਹਾਂ। ਥੋੜ੍ਹੀ ਤਾਕਤ ਨਹੀਂ, ਬੇਅੰਤ ਤਾਕਤ ਹੈ। 12 ਸਾਲ ਦੇ ਜ਼ੋਹਦ 'ਚ ਆ ਗਈ। ਜ਼ੋਹਦ ਵਿਚ ਰੱਬ ਵਲ ਨੂੰ ਸਫ਼ਰ ਨਹੀਂ ਤਹਿ ਹੁੰਦਾ। 'ਆਤਮ ਮਾਰਗ' 'ਤੇ ਨਹੀਂ ਚੱਲ ਸਕਦਾ। ਸ਼ਕਤੀਆਂ ਵਾਲਾ ਮਾਰਗ ਮਿਲਦੈ। ਬੜੀ ਵਿਆਖਿਆ ਹੈ ਇਹਦੀ। ਰਸਤੇ 'ਚ ਜਾ ਰਿਹੈ। ਪਿਆਸ ਲੱਗੀ। 12 ਵਜ ਗਏ ਧੁੱਪ ਹੈ। ਸਾਮ੍ਹਣੇ ਦੇਖਿਆ ਖੂਹ 'ਤੇ ਲੜਕੀ ਪਾਣੀ ਕੱਢਦੀ ਹੈ, ਡੋਲ੍ਹੀ ਜਾਂਦੀ ਹੈ। ਕੋਲ ਆਇਆ, ਬੜਾ ਦਰਵੇਸ਼ੀ ਦਾ ਮਾਣ ਹੈ ਅੰਦਰ। ਕਹਿੰਦਾ, ਓ ਲੜਕੀ, ਦਰਵੇਸ਼ ਕੋ ਪਾਣੀ ਪਿਲਾਓ। ਲੜਕੀ ਕਹਿੰਦੀ, ਬਾਬਾ! ਇਥੇ ਬਹਿ ਜਾ, ਵਿਹਲੀ ਹੋਊਂਗੀ ਤਾਂ ਪਿਲਾਊਂਗੀ। ਪਹਿਲੀ ਵਾਰੀ ਜਵਾਬ ਮਿਲਿਆ, ਜੀਅ 'ਚ ਆਵੇ ਕਿ ਮੈਂ ਇਹਨੂੰ ਆਪਣੀ ਤਾਕਤ ਦਿਖਾਵਾਂ। ਪਰ ਉਹ ਦਿਖਾ

ਨਾ ਸਕਿਆ, ਬਹਿ ਗਿਆ। ਐਨੇ ਨੂੰ ਕੋਈ ਪਾਣੀ ਪੀਣ ਵਾਲਾ ਆਇਆ, ਕਹਿੰਦਾ ਆ ਵੀਰਾ! ਪਾਣੀ ਪੀ। ਇਹਨੇ ਫੇਰ ਕਿਹਾ, ਦਰਵੇਸ਼ ਪਾਣੀ ਮਾਂਗਤਾ ਹੈ। ਉਸ ਕੋ ਪਾਣੀ ਨਹੀਂ ਦੇਤੀ। ਕਹਿੰਦੀ, ਬਹਿ ਜਾ, ਬਹਿ ਜਾ ਇਹ ਚਿੜੀਆਂ ਨਹੀਂ ਕਿ ਜਿਉਂਦੀਆਂ ਕਰ ਦੇਵੇਂਗਾ ਤੇ ਮਾਰ ਦੇਵੇਂਗਾ। ਬਹਿ ਜਾ ਚੁੱਪ ਕਰਕੇ। ਮੈਂ ਜਾਣਦੀ ਹਾਂ ਤੈਨੂੰ, ਫਰੀਦ ਹੈਂ ਤੂੰ। ਤਪਸਿਆ ਦਾ ਮਾਰਿਆ ਹੋਇਆ, ਫੂਕਿਆ ਹੋਇਆ। ਹੈਰਾਨ ਹੋ ਗਿਆ ਕਿ ਇਹ 22 ਸਾਲ ਦੀ ਲੜਕੀ ਤੇ ਮੈਂ 30 ਸਾਲ ਦਾ ਹੋ ਗਿਆ। ਬਚਪਨ ਤੋਂ ਇਸ ਰਸਤੇ ਪਿਆ ਹੋਇਆ। ਇਹਦੀ ਗੱਲ ਦਾ ਮੈਨੂੰ ਪਤਾ ਨਹੀਂ ਲਗਦਾ ਕਿ ਇਹ ਪਾਣੀ ਕਿਉਂ ਡੋਲ੍ਹਦੀ ਹੈ। ਇਹਨੇ ਮੇਰੀ ਸਾਰੀ ਗੱਲ ਦੇਖ ਲਈ। ਸਾਰੀ ਜਿਹੜੀ ਆਕੜ ਫਾਕੜ ਨਿਕਲ ਗਈ, ਜ਼ੀਰੋ ਬਣ ਗਿਆ। ਬਹਿ ਗਿਆ ਚੁੱਪ ਕਰਕੇ।

ਜਦੋਂ ਉਸ ਲੜਕੀ ਦਾ ਕੰਮ ਪੂਰਾ ਹੋਇਆ। ਕਹਿੰਦੀ, ਆ ਦਰਵੇਸ਼! ਸਾਂਈ! ਆ ਜਲ ਛਕ। ਮੈਂ ਬਰਤਨ ਲੈ ਕੇ ਆਈ ਹਾਂ। ਬਰਤਨ 'ਚ ਪੀ ਪਾਣੀ। ਕਹਿੰਦਾ, ਬੀਬਾ! ਹੁਣ ਤਾਂ ਪਿਆਸ ਹੀ ਬੁਝ ਗਈ। ਨਹੀਂ ਕਹਿੰਦੀ ਪਹਿਲਾਂ ਪਾਣੀ ਪੀ। ਕਹਿੰਦਾ, ਨਹੀਂ ਪਹਿਲਾਂ ਮੈਨੂੰ ਗੱਲ ਦਸ। ਕਹਿੰਦੀ ਪੁੱਛ?

ਕਹਿੰਦਾ, ਪਾਣੀ ਕਿਉਂ ਡੋਲ੍ਹਦੀ ਸੀ? ਤੇ ਤੈਨੂੰ ਕਿਵੇਂ ਪਤਾ ਲਗ ਗਿਆ, ਮੈਂ ਤਾਂ 15 ਮੀਲ 'ਤੇ ਪੰਛੀ ਮਾਰੇ ਸੀ।

ਕਹਿੰਦੀ, ਫਰੀਦਾ! ਅਸੀਂ ਬੀਬੀਆਂ ਹਾਂ, ਸਾਡਾ ਨਿਸ਼ਚਾ ਆਪਣੇ ਪਤੀ 'ਤੇ ਹੁੰਦੈ। ਸਾਡਾ ਸੰਤ ਵੀ ਓਹੀ ਹੁੰਦੈ, ਸਾਡਾ ਕੰਤ ਵੀ ਓਹੀ ਹੁੰਦੈ, ਸਾਡਾ ਗੁਰੂ ਵੀ ਓਹੀ ਹੁੰਦੈ। ਮੇਰਾ ਪਤੀ ਬੰਦਗੀ ਕਰਨ ਵਾਲਾ ਹੈ ਤੇ ਮੇਰਾ ਉਸ 'ਤੇ ਅਟੱਲ ਨਿਸ਼ਚਾ ਹੈ। ਮੈਂ ਉਹਦੀ ਸੇਵਾ ਕਰਦੀ ਹਾਂ, ਰੱਬ ਰੂਪ ਸਮਝ ਕੇ, ਉਹਦੇ ਵਿਚੋਂ ਮੈਨੂੰ ਸ਼ਕਤੀ ਪ੍ਰਾਪਤ ਹੋ ਗਈ ਤੇ ਮੇਰੀ ਭੈਣ 20 ਮੀਲ ਦੇ ਉਤੇ ਹੈ, ਸਤਿਸੰਗ 'ਚ ਗਈ ਹੋਈ ਹੈ, ਉਹਦੇ ਘਰ ਨੂੰ ਅੱਗ ਲਗ ਗਈ, ਮੈਂ ਤਾਂ ਅੱਗ ਬੁਝਾ ਰਹੀ ਸੀ। ਜਾਹ, ਦੇਖ ਆ, ਤਸੱਲੀ ਕਰ ਲੈ। ਤੂੰ ਤਾਂ 15 ਮੀਲ 'ਤੇ ਚਿੜੀਆਂ ਮਾਰੀਆਂ ਨੇ।

ਹੈਰਾਨ ਹੋ ਗਿਆ। ਕਹਿਣ ਲੱਗਿਆ, ਬੀਬਾ! ਤੂੰ ਤਾਂ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਮੈਂ ਤਾਂ ਬਹੁਤ ਆਪਣੇ ਆਪ ਨੂੰ ਵੱਡਾ ਗਿਣ ਰਿਹਾ ਸੀ। ਮਾਂ ਦੇ ਕੋਲ ਚਲਿਆ ਗਿਆ, ਸਾਰੀ ਗੱਲ ਦਸੀ। ਮਾਂ ਕਹਿੰਦੀ, ਅਜੇ ਤਾਂ ਤੂੰ ਕੋਹ ਵੀ ਨਹੀਂ ਤੁਰਿਆ ਫਰੀਦਾ। ਜਾਹ, ਵਾਪਸ। ਵਾਪਸ ਆ ਕੇ ਬਹੁਤ ਘੋਰ ਤਪੱਸਿਆ ਕਰਦੈ। ਉਸ ਵੇਲੇ ਦੇ ਜੋ ਹਾਲਾਤ ਨੇ। ਰੰਗ ਬਿਲਕੁਲ ਕਾਲਾ ਹੋ ਗਿਆ। ਕੋਇਲ ਨੂੰ ਪੁਛਦੈ ਕਿ –

*ਕਾਲੀ ਕੋਇਲ ਤੂ ਕਿਤ ਗੁਨ ਕਾਲੀ ॥ ਅੰਗ– ੭੯੪*

ਮੈਂ ਵੀ ਕਾਲਾ ਹੋ ਗਿਆ, ਤੂੰ ਵੀ ਕਾਲੀ ਹੋ ਗਈ। ਤੈਨੂੰ ਕੀ ਗੱਲ ਹੋ ਗਈ ਤੂੰ ਕਿਉਂ ਕਾਲੀ ਹੋ ਗਈ। ਕਹਿਣ ਲੱਗੀ, ਫਰੀਦਾ! ਗੱਲ ਆਪਾਂ ਦੋਹਾਂ ਦੀ ਇਕੋ ਹੈ, ਤੂੰ ਪ੍ਰਮੇਸ਼ਰ ਨੂੰ ਭਾਲਦੈਂ, ਉਹ ਤੈਨੂੰ ਮਿਲ ਨਹੀਂ ਰਿਹਾ। ਮੈਂ ਇਕੱਲੀ ਰਹਿੰਦੀ ਹਾਂ। ਹੋਰ ਜਿੰਨੇ ਪੰਛੀ ਨੇ ਸਭ ਦਾ ਜੋੜਾ ਹੁੰਦੈ। ਜੋੜੇ ਬੈਠਦੇ ਨੇ ਇਕੱਠੇ ਹੋ ਕੇ। ਪਰ ਮੇਰੀ ਕਿਸਮਤ ਵਿਚ ਨਹੀਂ ਹੈ। ਮੇਰਾ ਤਾਂ ਸਹੁ ਕਿਤੇ ਅਚਾਨਕ ਮਿਲ ਜਾਵੇ ਤਾਂ ਮਿਲ ਜਾਵੇ। ਮੈਂ ਤਾਂ ਇਕੱਲੀ ਹੀ ਰਹਿੰਦੀ ਹਾਂ। ਉਹਦੇ ਫਿਰਾਕ ਵਿਚ ਮੇਰਾ ਰੰਗ ਕਾਲਾ ਹੋ ਗਿਆ –

*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ ॥ ਅੰਗ– ੭੯੪*

ਮੈਂ ਤਾਂ ਆਪਣੇ ਪ੍ਰੀਤਮ ਦੇ ਬਿਰਹੁੰ ਨੇ ਜਾਲ ਦਿਤੀ। ਸੋ ਫਰੀਦ ਬਹੁਤ ਤਪੱਸਿਆ ਕਰ ਰਿਹੈ। ਸਵੇਰੇ ਹੀ ਲਟਕ ਜਾਂਦੈ, ਸ਼ਾਮ ਨੂੰ ਕੱਢ ਲੈਂਦੇ ਨੇ। ਸਾਰਾ ਖ਼ੂਨ ਦਿਮਾਗ ਵਿਚ ਜਮ੍ਹਾਂ ਹੋ ਜਾਂਦੈ। ਬਹੁਤ ਸਾਰੇ ਐਸੇ ਸਾਧੂ ਨੇ ਜਿਹੜੇ ਇਹ ਕ੍ਰਿਆ ਕਰਦੇ ਨੇ। ਸੇਵਾਦਾਰ ਫੇਰ ਮਾਲਿਸ਼ ਕਰਦੇ ਨੇ। ਖ਼ੂਨ ਹੇਠਾਂ ਨੂੰ ਲਿਆਉਂਦੇ ਨੇ। ਔਖਾ ਬਹੁਤ ਹੈ। ਰੱਬ ਦਾ ਗਲਤ ਰਸਤਾ ਚੁਣਿਆ ਹੋਇਐ। ਰੱਬ ਇਸ ਤਰ੍ਹਾਂ ਨਹੀਂ ਮਿਲਦਾ। ਬਾਬਾ ਫਰੀਦ ਨੇ ਵੀ ਆਪਣੇ ਸਰੀਰ ਵਲ ਦੇਖਿਆ ਕਿ ਮੇਰਾ ਸਰੀਰ ਸੁੱਕ ਗਿਆ ਤੇ ਹੱਡ ਹੀ ਹੱਡ ਨਿਕਲ ਆਏ ਨੇ। ਇਕੱਲੀ–ਇਕੱਲੀ ਹੱਡੀ ਗਿਣੀ ਜਾਂਦੀ ਹੈ ਪਰ ਅਫਸੋਸ ਕਿ ਮੈਨੂੰ ਤਾਂ ਅਜੇ ਪ੍ਰਮੇਸ਼ਰ ਦਾ ਥਾਉ ਪਤਾ ਵੀ ਨਹੀਂ ਲੱਗਿਆ। ਇਕ ਵੀ ਝਲਕਾਰਾ ਨਹੀਂ ਵੱਜਿਆ ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,*
*ਅਜੇ ਵੀ ਨਾ ਰੱਬ ਬਹੁੜਿਆ।*

*ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥*
*ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥*
*ਅੰਗ– ੧੩੮੨*

ਜੋਹਦ ਕਰਨ ਦੇ ਨਾਲ, ਤਪ ਕਰਨ ਦੇ ਨਾਲ ਕਦੇ ਵੀ ਰੱਬ ਦੇ ਦਰਸ਼ਨ ਨਹੀਂ ਹੁੰਦੇ। ਸ਼ਕਤੀਆਂ ਬੇਅੰਤ ਆ ਜਾਣਗੀਆਂ। ਕਰਾਮਾਤਾਂ ਬਹੁਤ ਆ ਜਾਣਗੀਆਂ। ਇਸ ਤੋਂ ਵੀ ਵਧ ਕੇ ਤਪ ਕਰਿਆ। ਸਰੀਰ ਸੁੱਕ ਗਿਆ। ਪੰਛੀਆਂ ਨੇ ਸਮਝ ਲਿਆ ਕਿ ਅੱਧ ਜਿਉਂਦਾ ਹੈ, ਮਾਸ ਖਾ ਲਿਆ।

ਸੋ ਸਾਧਸੰਗਤ ਜੀ! ਬਾਕੀ ਦਾ ਜੋ ਪ੍ਰਸੰਗ ਹੈ, ਗੁਰੂ ਦੀ ਲੋੜ ਉਤੇ ਮੈਂ ਬਚਨ ਕਰ ਰਿਹਾ ਸੀ। ਅਗਲੇ ਦੀਵਾਨ 'ਚ ਵੀਚਾਰ ਹੋਵੇਗੀ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# ਗੁਰ ਕੀ ਮੂਰਤਿ ਮਨ ਮਹਿ ਧਿਆਨੁ

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ, ਆਤਮ ਮਾਰਗ*

*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਹਰ ॥*
*ਕੀਨੇ ਰਾਮ ਨਾਮ ਇਕ ਆਖ੍ਹਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥*
*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥ ਅੰਗ - ੨੬੨*

ਪਰਮ ਸਤਿਕਾਰ ਯੋਗ ਗੁਰੂ ਪਿਆਰੀ ਸਾਧਸੰਗਤ ਜੀ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ 'ਸਤਿਨਾਮੁ ਸ੍ਰੀ ਵਾਹਿਗੁਰੂ।' ਸਤਿਸੰਗਤ ਦੀ ਨਿਸ਼ਾਨੀ ਕਿਹੋ ਜਿਹੀ ਹੁੰਦੀ ਹੈ? -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥ ਅੰਗ- ੭੨*

ਜਿਥੇ ਕੇਵਲ ਨਾਮ ਦੀ ਵਿਆਖਿਆ ਹੋਵੇ। ਨਾਮ ਨਾਲ ਜੁੜਨ ਦੀ ਜੁਗਤ ਮਿਲੇ। ਉਹ ਸਤਿਸੰਗ ਹੈ। ਸਤਿਸੰਗਤ ਭਾਗਾਂ ਤੋਂ ਬਗੈਰ ਨਹੀਂ ਮਿਲ ਸਕਦੀ ਭਾਵੇਂ ਅਸੀਂ ਸਤਿਗੁਰਾਂ ਦੇ ਚਰਨਾਂ ਦੇ ਵਿਚ ਆਉਂਦੇ ਹਾਂ, ਨਮਸ਼ਕਾਰ ਕਰਕੇ ਚਲੇ ਜਾਂਦੇ ਹਾਂ। ਗੁਰੂ ਚਰਨਾਂ ਦੇ ਵਿਚ ਬੈਠਦੇ ਨਹੀਂ। ਇਹਦੇ ਵਿਚ ਤੁਹਾਡਾ ਦੋਸ਼ ਨਹੀਂ, ਜਿਹੜੇ ਚਲੇ ਜਾਂਦੇ ਹਨ ਉਹਨਾਂ ਦਾ ਦੋਸ਼ ਨਹੀਂ, ਕਿਉਂਕਿ ਕਰਮ ਨਹੀਂ ਬਣੇ। ਜਦੋਂ ਤਕ ਕਰਮ ਨਾ ਹੋਣ, ਸਤਿਸੰਗਤ ਦੇ ਵਿਚ ਬੈਠ ਨਹੀਂ ਸਕਦੇ। ਸੰਚਿਤ ਕਰਮ, ਸ਼ੁਭ ਕਰਮ ਫਲ ਦੇਣ ਵਾਸਤੇ ਤਿਆਰ ਹੁੰਦੇ ਹਨ। ਸੋ ਇਸ ਤਰ੍ਹਾਂ ਦੇ ਨਾਲ ਬੈਠ ਕੇ ਸਤਿਸੰਗ ਕੀਤਾ ਜਾਂਦਾ ਹੈ। ਅੰਦਰ ਦੀ ਖੋਜ ਹੁੰਦੀ ਹੈ -

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ- ੨੯੩*

ਆਓ, ਆਪਾਂ ਇਕ ਵਿਚਾਰ ਸ਼ੁਰੂ ਕੀਤੀ ਹੈ ਕਿ ਜੇ ਅਸੀਂ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਹਾਂ, ਸਿੱਖ ਅਖਵਾਉਣ ਦੇ ਹੱਕਦਾਰ ਤਾਂ ਹਾਂ ਜੇ ਰਹਿਤ ਰਖਦੇ ਹਾਂ ਕਿਉਂਕਿ ਰਹਿਤ ਹੀ ਸਤਿਗੁਰੂ ਜੀ ਨੂੰ ਪਿਆਰੀ ਹੈ -

*ਰਹਿਤ ਪਿਆਰੀ ਮੁਝ ਕੋ।*
*ਸਿੱਖ ਪਿਆਰਾ ਨਾਹਿ।*
*ਰਹਿਣੀ ਰਹੇ ਸੋਈ ਸਿਖ ਮੇਰਾ।*
*ਓ ਸਾਹਿਬ ਮੈਂ ਉਸ ਕਾ ਚੇਰਾ।*

ਜੇ ਕੋਈ ਰਹਿਤ ਨਹੀਂ ਰੱਖੀ ਜਾਂਦੀ। ਫੇਰ -

*ਬਾਹਰਿ ਭੇਖ ਅੰਤਰਿ ਮਲੁ ਮਾਇਆ ॥*
*ਛਪਸਿ ਨਾਹਿ ਕਛੁ ਕਰੈ ਛਪਾਇਆ ॥ ਅੰਗ - ੨੬੭*

ਬਾਹਰ ਭੇਖ, ਧਿਆਨ, ਗਿਆਨ ਐਸੀਆਂ ਗੱਲਾਂ ਹੋ ਰਹੀਆਂ ਹਨ -

*ਬਾਹਰਿ ਗਿਆਨ ਧਿਆਨ ਇਸਨਾਨ ॥*
*ਅੰਤਰਿ ਬਿਆਪੈ ਲੋਭੁ ਸੁਆਨੁ ॥ ਅੰਗ- ੨੬੭*

*ਅਵਰ ਉਪਦੇਸੈ ਆਪਿ ਨ ਕਰੈ ॥*
*ਆਵਤ ਜਾਵਤ ਜਨਮੈ ਮਰੈ ॥ ਅੰਗ- ੨੬੯*

ਇਸ ਕਰਕੇ ਜਿਹੜੀ ਰਹਿਤ ਹੈ, ਉਹ ਸਤਿਗੁਰ ਜੀ ਕਹਿੰਦੇ ਹਨ ਕਿ ਪਿਆਰੀ ਲਗਦੀ ਹੈ। ਇਥੋਂ ਤਕ ਉੱਚਾ ਦਰਜਾ ਦਿਤਾ -

*ਰਹਿਣੀ ਰਹੈ ਸੋਈ ਸਿਖ ਮੇਰਾ।*
*ਉਹ ਸਾਹਿਬ ਮੈਂ ਉਸ ਕਾ ਚੇਰਾ।*

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਅੰਮ੍ਰਿਤ ਵੇਲੇ ਦਾ ਇਹ ਫੁਰਮਾਨ, ਅੰਮ੍ਰਿਤ ਵੇਲਾ ਸੰਭਾਲਣ ਵਾਸਤੇ ਸਤਿਗੁਰੂ ਜੀ ਦਾ ਇਹ ਹੁਕਮ ਕਿ ਤੁਸੀਂ ਸਿੱਖ ਅਖਵਾਉਂਦੇ ਹੋਂ ਤਾਂ ਧਿਆਨ 'ਚ ਜ਼ਰੂਰ ਬੈਠੋ। 'ਧਿਆਵੈ' ਹੁੰਦੈ ਕਿ ਧਿਆਨ 'ਚ ਬੈਠਣਾ। ਇਸ ਵਾਸਤੇ ਸ਼ੁੱਧ ਵਾਤਾਵਰਣ ਦੀ ਲੋੜ ਹੈ। ਸਾਫ ਵਾਤਾਵਰਣ ਹੋਵੇ, ਸਾਫ ਸੁਥਰੇ ਵਾਤਾਵਰਣ ਦੇ ਵਿਚ ਸਫਾਈ ਵਾਲੀ ਜਗ੍ਹਾ 'ਤੇ ਬੈਠ ਕੇ ਇਹ ਚਲਦਾ ਹੈ। ਇਸ ਕਰਕੇ ਕਾਇਕ ਕਰਮ ਹੁੰਦਾ ਹੈ, ਨਿਤਨੇਮ ਅਨੁਸਾਰ ਕਰਨਾ ਹੁੰਦਾ ਹੈ। ਜਿਹਦੇ ਵਿਚ ਬਾਹਰਲੀ ਪਵਿੱਤਰਤਾ ਵੀ ਜ਼ਰੂਰੀ ਹੈ। ਅੰਦਰ ਦੀ ਪਵਿੱਤਰਤਾ ਉਸ ਤੋਂ ਵੀ ਵੱਧ ਜ਼ਰੂਰੀ ਹੈ। ਇਸ ਵਾਸਤੇ ਇਸ਼ਨਾਨ ਕਰਕੇ, ਸੋਹਣੇ ਆਸਣ 'ਤੇ ਬੈਠ ਕੇ, ਜਿੱਥੇ ਬਾਹਰਲੀ ਹਵਾ ਆਵੇ, ਉਥੇ ਬੈਠ ਕੇ ਇਹ ਧਿਆਨ ਧਰੇ। ਧਿਆਨ ਕਿਸ ਦਾ ਧਰੇ? ਸਭ ਤੋਂ ਸ੍ਰੇਸ਼ਟ ਧਿਆਨ - 'ਗੁਰ ਮੂਰਤਿ ਗੁਰੁ ਸਬਦੁ ਹੈ' ਸ਼ਬਦ ਦਾ ਧਿਆਨ ਹੈ। ਕਿਉਂਕਿ ਜਿਹੜਾ ਸਬਦੁ ਹੈ ਉਹ ਧੁਨ ਹੈ। ਉਹਦੇ ਵਿਚ ਧਿਆਨ ਜਾਵੇ -

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*

*ਗੁਰਮੁਖਿ ਅਕਥ ਕਹਾਨੀ ॥ ਅੰਗ - ੮੭੯*

ਕਿਉਂਕਿ ਜਿਹੜਾ ਸ਼ਬਦ ਹੈ ਉਹ ਸ਼ਬਦ ਧੁਨ ਹੈ। ਆਵਾਜ਼ ਧੁਨ ਦੀ ਅੰਦਰੋਂ ਸੁਣਾਈ ਦਿੰਦੀ ਹੈ। ਸੁਰਤਿ ਉਸ ਪਾਸੇ ਵਲ ਨੂੰ ਜਾਂਦੀ ਹੈ ਜਿਧਰੋਂ ਆਵਾਜ਼ ਆਂਦੀ ਹੈ। ਸਾਡਾ ਮਾਰਗ ਹੈ -

*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ- ੯੩੮*

ਹੁਣ ਜਿਹੜਾ ਮੰਤਰ ਲਿਆ ਹੈ, ਉਸ ਨੂੰ ਮਨ ਹੀ ਮਨ ਵਿਚ ਅਰਾਧਨਾ ਹੈ। ਠੀਕ ਹੈ, ਪਹਿਲੀਆਂ ਅਵਸਥਾਵਾਂ ਹਨ। ਉਸ ਵਿਚ ਬੋਲ ਕੇ ਕੀਤਾ ਜਾਂਦਾ ਹੈ, ਫੇਰ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ। ਅੰਦਰ ਦਾ ਰਸਤਾ ਸੁਰਤਿ ਤੇ ਸਬਦਿ ਦਾ ਮਾਰਗ ਹੈ। ਮੰਤਰ ਦੀ ਕਮਾਈ ਕਰਕੇ ਉਹ ਐਸੀ ਸ਼ਬਦ ਦੀ ਧੁਨ ਸੁਣਾਈ ਦੇਵੇਗੀ ਜਿਹੜੀ ਨਿਰੰਤਰ ਚੱਲ ਰਹੀ ਹੈ। ਇਸ ਵਾਸਤੇ ਧਿਆਨ ਦੀ ਲੋੜ ਹੈ। ਸ੍ਰੇਸ਼ਟ ਧਿਆਨ ਗੁਰੂ ਮੂਰਤ, ਗੁਰ ਸ਼ਬਦ ਦਾ ਹੁੰਦਾ ਹੈ। ਇਸ ਵਾਸਤੇ ਇਕਾਗਰ ਮਨ ਕਰਕੇ ਸਤਿਸੰਗ ਕਰਨਾ ਹੈ -

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥*
*ਸਾਵਧਾਨ ਏਕਾਗਰ ਚੀਤ ॥ ਅੰਗ- ੨੯੫*

ਇਕਾਗਰਤਾ ਤੋਂ ਬਗੈਰ ਕੋਈ ਵੀ ਗੱਲ ਨਹੀਂ ਬਣਦੀ। ਅੰਦਰ ਦਾ ਰਸਤਾ ਤਹਿ ਨਹੀਂ ਹੋ ਸਕਦਾ। ਅੰਮ੍ਰਿਤ ਵੇਲਾ ਐਸਾ ਸਮਾਂ ਹੈ, ਜਦੋਂ ਕਿ ਬਾਹਰਲੀਆਂ ਅਵਾਜ਼ਾਂ ਵਿਘਨ ਪੈਦਾ ਨਹੀਂ ਕਰਦੀਆਂ। ਵਾਤਾਵਰਣ ਵਿਚ ਵੀ ਬਹੁਤ ਸ਼ੁਧੀਕਰਣ ਹੁੰਦਾ ਹੈ। ਇਹਦਾ ਫਲ ਵੀ ਬਹੁਤ ਜ਼ਿਆਦਾ ਹੁੰਦਾ ਹੈ -

*ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥*
*ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥ ਅੰਗ- ੧੩੮੪*

ਪਹਿਲੇ ਰਾਤ ਦਾ ਕੀਤਾ ਭਜਨ ਫੁੱਲ ਬਰਾਬਰ ਹੈ। ਪਿਛਲੀ ਰਾਤ ਦਾ ਜਿਹੜਾ ਜਾਗਣਾ ਹੈ, ਧਿਆਨ 'ਚ ਬੈਠਣਾ ਹੈ, ਜਿਵੇਂ ਫਲ ਲਗਦਾ ਹੈ ਉਸ ਨਾਲ ਕਿੰਨੀ ਪ੍ਰਾਪਤੀ ਹੋ ਜਾਂਦੀ ਹੈ। ਸਾਮ੍ਹਣੇ ਕੋਈ ਨਿਸ਼ਾਨਾ ਹੋਵੇ। ਜਿਵੇਂ ਕੋਈ ਕਿੱਲੀ ਹੈ ਉਸ ਉਤੇ ਕੱਪੜਾ ਟੰਗਿਆ ਜਾ ਸਕਦਾ ਹੈ। ਪਲੇਨ ਜਗ੍ਹਾ 'ਤੇ ਤਾਂ ਕੀੜੀ ਵੀ ਨਹੀਂ ਟਿਕਦੀ। ਕੁਝ ਨਾ ਕੁਝ ਟਿਕਾਣਾ ਹੋਵੇ ਟਿਕਣ ਦਾ। ਉਸ ਨੂੰ ਕਿਹਾ ਜਾਂਦਾ ਹੈ -

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥ ਅੰਗ- ੨੦੧*

ਓਸ ਘਰ ਦੇ ਵਿਚ ਸਥਿਰ ਹੋ ਜਾਓ, ਜਿਹੜਾ ਇਸ ਸਰੀਰ ਰੂਪੀ ਘਰ ਦੇ ਵਿਚ ਘਰ ਹੈ। ਉਸ ਘਰ ਦੇ ਵਿਚ ਟਿਕਣ ਵਾਸਤੇ ਬਾਣੀ ਦਸਦੀ ਹੈ -

*ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥*
*ਅੰਗ- ੧੨੯੧*

ਸੋ ਇਹ ਅੰਦਰ ਦਾ ਰਸਤਾ ਹੈ, ਸ਼ੁਰੂਆਤ ਪ੍ਰਤੀਕ ਮੰਨ ਕੇ ਚਲਦੇ ਹਾਂ। ਐਸੀਆਂ ਰੂਹਾਂ ਦਾ ਦੀਦਾਰ ਮੰਗਦੇ ਹਾਂ ਜਿਨ੍ਹਾਂ ਦੇ ਨਾਲ -

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਮਨ ਕੀ ਕਟੀਐ ਮੈਲੁ ਸਾਧਸੰਗਿ ਵੁਠਿਆ ॥*
*ਅੰਗ- ੫੨੦*

ਉਹ ਪਵਿੱਤਰ ਦਰਸ਼ਨ, ਗੁਰਮੁਖਾਂ ਦਾ ਦੀਦਾਰ, 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।' ਉਹ ਦਰਸ਼ਨ ਭਾਵੇਂ ਸੁਪਨ ਦਰਸ਼ਨ ਹੋਣ, ਚਿੱਤਰ ਦਰਸ਼ਨ ਹੋਣ, ਸਰੂਪ ਦਾ ਦਰਸ਼ਨ। ਉਹ ਪ੍ਰਤੀਕ ਧਿਆਨ ਹੈ। ਧਿਆਨ ਠਹਿਰਾਉਣ ਵਾਸਤੇ, ਇਸ ਸਾਕਾਰ ਮੰਡਲ 'ਚੋਂ ਨਿਕਲਣ ਵਾਸਤੇ। ਸਾਡਾ ਧਿਆਨ ਕੋਠੀਆਂ, ਕਾਰਾਂ, ਹੋਰ ਚੀਜ਼ਾਂ ਵਿਚ ਪੈ ਗਿਆ। ਪੁੱਤਰਾਂ, ਧੀਆਂ 'ਚ ਗ੍ਰਸਤ ਹੋ ਗਏ। ਐਨੇ ਗ੍ਰਸਤ ਹੋ ਗਏ ਕਿ ਇਹਦੇ 'ਚੋਂ ਨਿਕਲਣਾ ਹੀ ਬਹੁਤ ਮੁਸ਼ਕਲ ਹੈ। ਇਸ ਵਾਸਤੇ ਕੋਈ ਸਾਮ੍ਹਣੇ ਧਿਆਨ ਤਾਂ ਹੋਵੇ -

*ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ ॥*
*ਅੰਗ- ੫੩੧*

ਫੇਰ ਇਹ ਨਹੀਂ ਕਿ ਇਥੇ ਹੀ ਰੁਕ ਜਾਣਾ ਹੈ। ਕਿਉਂਕਿ -

*ਸੋ ਹਰਿ ਭਜਨੁ ਸਾਧ ਕੈ ਸੰਗਿ ॥ ਅੰਗ- ੮੯੧*

ਇਹ ਜਿਹੜਾ ਅੰਦਰ ਦਾ ਰਸਤਾ ਹੁੰਦਾ ਹੈ -

*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥ ਅੰਗ- ੨੮੩*

ਇਹ ਜਿਹੜੇ ਬਾਕੀ ਬਿਖਿਆ, ਬਿਹੁ ਵਰਗੇ ਜੰਜਾਲ ਗਲ ਪੈ ਗਏ। ਇਹਨਾਂ 'ਚੋਂ ਨਿਕਲਣ ਵਾਸਤੇ, ਸਾਕਾਰ ਧਿਆਨ ਤੋਂ ਅੱਗੇ ਚਲਦੇ ਹਾਂ ਤਾਂ ਇਹ **ਸੰਪਤ ਧਿਆਨ** ਬਣ ਜਾਦਾ ਹੈ। ਸੰਪਤ ਧਿਆਨ ਦੇ ਵਿਚ ਸਾਡੇ ਅੰਦਰ ਗੁਣ ਆਉਣੇ ਸ਼ੁਰੂ ਹੁੰਦੇ ਹਨ। ਕਿਉਂਕਿ ਗੁਣਾਂ ਤੋਂ ਬਗੈਰ–

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥ ਅੰਗ- ੪*

ਭਗਤੀ ਹੋ ਨਹੀਂ ਸਕਦੀ ਕਿਉਂਕਿ ਸਾਡਾ ਔਗੁਣੀ ਭਰਿਆ ਸਰੀਰ ਹੈ -

*ਅਉਗਣੀ ਭਰਿਆ ਸਰੀਰੁ ਹੈ*
*ਕਿਉ ਸੰਤਹੁ ਨਿਰਮਲੁ ਹੋਇ ॥ ਅੰਗ- ੩੧੧*

ਕਿਸ ਤਰ੍ਹਾਂ ਦੇ ਨਾਲ ਇਹ ਨਿਰਮਲ ਹੋਵੇਗਾ -

*ਪਵਿਤ੍ਰੁ ਪਵਿਤ੍ਰੁ ਪਵਿਤ੍ਰੁ ਪੁਨੀਤ ॥*
*ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥ ਅੰਗ- ੨੭੯*

ਕਿਸ ਤਰ੍ਹਾਂ ਦੇ ਨਾਲ ਇਹ ਪਲੀਤ ਹੋਇਆ। ਪੁਨੀਤ ਹੋਵੇਗਾ। ਇਸ ਵਾਸਤੇ -

*ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥*
*ਅੰਗ- ੭੬੬*

ਅਵਗੁਣ ਛੱਡ ਕੇ ਗੁਣਾਂ ਦੀ ਸਾਂਝ ਕੀਤੀ ਜਾਂਦੀ ਹੈ ਤੇ ਫੇਰ ਸਾਡੇ ਅੰਦਰ ਗੁਣ ਪ੍ਰਵੇਸ਼ ਹੋ ਜਾਂਦੇ ਨੇ -

*ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥*
*ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥*
*ਅੰਗ- ੧੩੬੫*

ਚੰਦਨ ਦਾ ਦਰਖਤ ਸਾਰਿਆਂ 'ਚ ਸੁਗੰਧੀ ਭਰ ਦਿੰਦਾ ਹੈ।

ਅਗਲਾ ਧਿਆਨ ਹੈ ਅਹੰਗ੍ਰਹਿ ਧਿਆਨ। ਇਥੇ ਗੁਰ ਮੂਰਤਿ ਗੁਰ ਸਬਦਿ ਹੈ। ਇਸ ਨੂੰ ਅਸੀਂ ਕਹਿੰਦੇ ਹਾਂ, ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ। ਪਰਚਾ ਸ਼ਬਦ ਕਾ। ਮਨ ਨੂੰ ਪਰਚਾਈ ਰੱਖਣਾ, ਇਸ ਪਾਸੇ ਵਲ ਲਾਉਣਾ। ਉਥੇ ਫੇਰ ਦੂਜਾ ਨਜ਼ਰ ਨਹੀਂ ਆਉਂਦਾ। ਐਸਾ ਇਹ ਬ੍ਰਹਮਗਿਆਨ ਅਵਸਥਾ ਦਾ ਉਪਦੇਸ਼ ਫੇਰ ਸਤਿਗੁਰੂ ਦਇਆਲ ਹੋ ਕੇ ਸੁਣਾਉਂਦੇ ਹਨ -

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ- ੩੦੬*

ਉਹ ਅਹੰਗ੍ਰਹਿ ਧਿਆਨ ਹੈ। ਇਕ ਗਿਆਨ ਹੈ। ਬ੍ਰਹਮ ਦਾ ਗਿਆਨ ਹੈ। ਇਸ ਵਾਸਤੇ -

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥ ਅੰਗ- ੩੦੫*

ਅੰਦਰ ਦਾ ਰਸਤਾ ਫੇਰ ਸ਼ੁਰੂ ਹੁੰਦਾ ਹੈ ਜਦੋਂ ਧਿਆਨ 'ਚ ਬੈਠਦੇ ਹਾਂ। ਨਹੀਂ ਤਾਂ ਅਸੀਂ ਬਾਹਰ-ਬਾਹਰ ਹੀ ਤੁਰੇ ਫਿਰਦੇ ਹਾਂ। ਬਾਹਰਲੀਆਂ ਗੱਲਾਂ 'ਚ ਪਏ ਹੋਏ ਹਾਂ। ਪਰ ਸਤਿਸੰਗ ਅੰਤਰੰਗ ਸਾਧਨ ਦਸਦੀ ਹੈ ਕਿ ਅੰਦਰ ਦਾ ਰਸਤਾ ਅਖਤਿਆਰ ਕਰੋ। ਉਸ ਧੁਨ ਨੂੰ ਸੁਣ।

*ਸਾਧ ਕੀ ਧੂਰਿ ਕਰਹੁ ਇਸਨਾਨੁ ॥*
*ਸਾਧ ਊਪਰਿ ਜਾਈਐ ਕੁਰਬਾਨੁ ॥ ਅੰਗ- ੨੮੩*

ਉਹ ਧੂੜ ਕਿਹੜੀ ਹੈ? ਇਕ ਤਾਂ 'ਆਸਾ ਦੀ ਵਾਰ' ਵਿਚ ਪਉੜੀ ਸੁਣਦੇ ਹਾਂ। ਉਹ ਚਰਨਾਂ ਦੀ ਧੂੜ ਬਾਰੇ-

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥*
*ਕੂੜਾ ਲਾਲਚੁ ਛਡੀਐ*
*ਹੋਇ ਇਕ ਮਨਿ ਅਲਖੁ ਧਿਆਈਐ ॥*
*ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥*
*ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨ੍ਹਾ ਦੀ ਪਾਈਐ ॥*
*ਮਤਿ ਥੋੜੀ ਸੇਵ ਗਵਾਈਐ ॥ ਅੰਗ- ੪੬੮*

ਇਸ ਦਰ 'ਤੇ ਸੰਗਤਾਂ ਦੀ ਚਰਨ ਧੂੜ ਮਿਲਦੀ ਹੈ। ਮੰਗ ਵੀ ਇਹੀ ਕੀਤੀ ਜਾਂਦੀ ਹੈ।

*ਅੰਤਰਜਾਮੀ ਸੋ ਪ੍ਰਭੁ ਪੂਰਾ ॥*
*ਦਾਨੁ ਦੇਇ ਸਾਧੂ ਕੀ ਧੂਰਾ ॥ ਅੰਗ- ੫੬੩*

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥*
*ਅੰਗ- ੧੩੫*

ਅੰਦਰਲੇ ਇਸ਼ਨਾਨ ਮੁਖ ਧੂੜੀ ਨਾਲ ਹੋਣੇ ਨੇ -

*ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥*
*ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥ ਅੰਗ- ੩੦੬*

ਅੰਦਰ ਉਸ ਧੁਨ ਨੂੰ ਸੁਣ, ਸੁਣਨ ਦੇ ਨਾਲ -

*ਸੁਣਿਐ ਸਿਧ ਪੀਰ ਸੁਰਿ ਨਾਥ ॥*
*ਸੁਣਿਐ ਧਰਤਿ ਧਵਲ ਆਕਾਸ ॥*
*ਸੁਣਿਐ ਦੀਪ ਲੋਅ ਪਾਤਾਲ ॥*
*ਸੁਣਿਐ ਪੋਹਿ ਨ ਸਕੈ ਕਾਲੁ ॥*
*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ- ੨*

ਕਿੱਡੀਆਂ ਅਵਸਥਾਵਾਂ ਪ੍ਰਾਪਤ ਕੀਤੀਆਂ ਵੱਡੇ-ਵੱਡੇ ਸਿੱਧ, ਪੀਰ, ਯੋਗੀ ਬਣ ਗਏ।

*ਪ੍ਰਥਮ ਓਅੰਕਾਰ ਤਿਨ ਕਹਾ॥ ਸੋ ਧੁਨ ਪੂਰ ਜਗਤ ਮੋ ਰਹਾ।*

ਇਕ ਸਾਇੰਸਦਾਨ ਨੇ ਖੋਜ ਕਰੀ ਕਿ ਸੰਸਾਰ ਦੇ ਵਿਚ ਇਕ ਬਹੁਤ ਵੱਡਾ ਧਮਾਕਾ ਹੋਇਆ ਤਾਂ ਸੰਸਾਰ ਦੀ ਉਤਪਤੀ ਹੋਈ। ਪਾਤਸ਼ਾਹ ਕਹਿੰਦੇ ਨੇ ਸ਼ਬਦ ਤੋਂ ਹੀ ਸਾਰੀ ਉਤਪਤੀ ਹੋਈ ਹੈ। 'ਸੋ ਧੁਨ ਪੂਰ ਜਗਤ ਮੋ ਰਹਾ।' ਉਸ ਧੁਨ ਵਿਚ ਧਿਆਨ ਜਾਵੇ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਇਹ ਜਿਹੜੀ ਮੁਖ ਧੂੜ, ਬਾਣੀ ਸੁਣਦੇ ਹਾਂ, ਇਹ ਸੁਣ ਕੇ ਅੰਦਰ ਨੂੰ ਧਿਆਨ ਜਾਵੇ। ਇਹ ਮੁਖ ਧੂੜੀ ਇਸ਼ਨਾਨ ਬਣ ਜਾਵੇ। ਫੇਰ -

*ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਅੰਗ- ੨੮੯*

*(ਬਾਕੀ ਪੰਨਾ 42 'ਤੇ)*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-46)*

**ਸਿਰੀਰਾਗੁ ਮਹਲਾ ੧ ॥**
**ਮਨਮੁਖਿ ਭੁਲੈ ਭੁਲਾਈਐ**
**ਭੂਲੀ ਠਉਰ ਨ ਕਾਇ ॥**

ਜਿਨ੍ਹਾਂ ਨੇ ਆਪਣੇ ਮਨ ਨੂੰ ਮੁੱਖ ਸਮਝਿਆ ਹੈ, ਗੁਰੂ ਸਾਹਿਬ ਜੀ ਦੇ ਉਪਦੇਸ਼ ਨੂੰ ਮੰਨ ਕੇ ਗੁਰਮੁਖ ਨਹੀਨ ਬਣੇ, ਉਹ ਮਨਮੁਖ ਮਾਇਆ ਵਾ: ਅਗਿਆਨ ਦੇ ਭੁਲਾਏ ਹੋਏ ਆਪਣੇ ਸਰੂਪ ਵਲੋਂ ਭੁੱਲ ਗਏ ਹਨ ਵਾ: ਉਨ੍ਹਾਂ ਨੂੰ ਮਾਇਆ ਨੇ ਅਗਿਆਨ ਦੀ ਭੁੱਲ ਪਾ ਕੇ ਭੁਲਾ ਛੱਡਿਆ ਹੈ। ਜਿਹੜੀ ਸਰੂਪ ਤੋਂ ਭੂਲੀ=ਭੁੱਲੀ ਹੋਈ ਸ੍ਰਿਸ਼ਟੀ ਹੈ, ਉਸ ਨੂੰ ਲੋਕ ਪਰਲੋਕ ਵਿਚ ਕਾਇ=ਕੋਈ ਠਉਰ=ਥਾਂ ਨਹੀਂ। ਇਸ ਲੋਕ ਵਿਚ ਸਤਿਸੰਗ ਰੂਪ ਅਤੇ ਪਰਲੋਕ ਵਿਚ ਸੱਚਖੰਡ ਰੂਪ ਕੋਈ ਥਾਂ ਨਹੀਂ ਪ੍ਰਾਪਤ ਹੁੰਦਾ ਵਾ: ਜੋ ਜੀਵ ਰੂਪ ਇਸਤ੍ਰੀ ਅਗਿਆਨ ਦੀ ਭੁਲਾਈ ਹੋਈ ਸਰੂਪ ਤੋਂ ਭੁੱਲੀ ਹੈ, ਉਸ ਨੂੰ ਤੁਰੀਆ ਪਦ ਰੂਪ, ਸਤਿ ਸਰੂਪ ਰੂਪੀ ਥਾਂ ਪ੍ਰਾਪਤ ਨਹੀਂ ਹੁੰਦਾ।

**ਗੁਰ ਬਿਨੁ ਕੋ ਨ ਦਿਖਾਵਈ**
**ਅੰਧੀ ਆਵੈ ਜਾਇ॥**

ਸਤਿਗੁਰਾਂ ਤੋਂ ਬਿਨਾਂ ਅਕਾਲ ਪੁਰਖ ਵਾਹਿਗੁਰੂ ਦਾ ਸਰੂਪ ਪ੍ਰਗਟ ਕਰ ਕੇ ਕੋਈ ਨਹੀਂ ਦਿਖਾ ਸਕਦਾ। ਜੋ ਅਗਿਆਨ ਸਹਿਤ ਅੰਧੀ ਸ੍ਰਿਸ਼ਟੀ ਹੈ, ਉਹ ਆਵੈ ਜਾਇ=ਜੰਮਦੀ ਮਰਦੀ ਹੈ ਭਾਵ ਜਿਸ ਦੇ ਮਨ, ਬੁੱਧ ਰੂਪ ਨੇਤਰਾਂ ਵਿਚ ਗਿਆਨ ਰੂਪ ਨਿਗਾਹ ਨਹੀਂ ਹੈ ਵਾ: ਜੋ ਵੈਰਾਗ ਬਿਬੇਕ ਰੂਪ ਨੇਤਰਾਂ ਤੋਂ ਹੀਣੇ ਹਨ। ਉਹ ਸ੍ਰਿਸ਼ਟੀ ਵਿਚ ਜਨਮ ਧਾਰ ਕੇ ਆਉਂਦੇ ਹਨ ਤੇ ਮਰ ਕੇ ਚਲੇ ਜਾਂਦੇ ਹਨ। ਇਉਂ ਵਾਰ-ਵਾਰ ਖੂਹ ਦੀਆਂ ਟਿੰਡਾਂ ਦੀ ਨਿਆਈਂ ਜੰਮਣ ਮਰਣ ਦੇ ਗੇੜ ਵਿਚ ਪਏ ਰਹਿੰਦੇ ਹਨ।

**ਗਿਆਨ ਪਦਾਰਥੁ ਖੋਇਆ**
**ਠਗਿਆ ਮੁਠਾ ਜਾਇ ॥ ੧ ॥**

ਉਨ੍ਹਾਂ ਨੇ ਅਪਰੋਖ ਗਿਆਨ ਰੂਪ ਪਦਾਰਥ ਜੋ ਗੁਰਾਂ ਦੁਆਰਾ ਪ੍ਰਗਟ ਹੋਣਾ ਸੀ, ਉਹ ਵਿਸ਼ਿਆਂ ਦੀ ਸੰਗਤ ਕਰ ਕੇ ਖੋਇਆਂ ਭਾਵ ਗਵਾ ਲਿਆ ਹੈ। 'ਸ਼ਰਧਾਵਾਨੰ ਲਭਤੇ ਗਿਆਨੰ' ਜੋ ਸਤਿਗੁਰਾਂ 'ਤੇ ਸ਼ਰਧਾ ਕਰਦੇ ਹਨ, ਉਨ੍ਹਾਂ ਨੂੰ ਸਤਿਗੁਰਾਂ ਪਾਸੋਂ ਗਿਆਨ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, ਪਰ ਮਨਮੁਖ ਇਸ ਪਦਾਰਥ ਨੂੰ ਗਵਾ ਲੈਂਦੇ ਹਨ। ਫਿਰ ਉਹ ਮਨਮੁਖ ਕਾਮ, ਕ੍ਰੋਧ ਆਦਿ ਦਾ ਠਗਿਆ ਹੋਇਆ ਆਪਣੇ ਸ਼ੁਭ ਗੁਣਾਂ ਨੂੰ ਮੁਠਾ=ਲੁਟਾ ਕੇ ਦੁਨੀਆਂ ਤੋਂ ਚਲਿਆ ਜਾਂਦਾ ਹੈ ਵਾ: ਕਾਮ, ਕ੍ਰੋਧਾਦਿ ਠੱਗਾਂ ਦਾ ਠੱਗਿਆ ਹੋਇਆ ਆਪਣੇ ਸ਼ੁਭ ਗੁਣਾਂ ਨੂੰ ਮੁਠਾ=ਲੁਟਾ ਕੇ ਦੁਨੀਆਂ ਤੋਂ ਚਲਿਆ ਜਾਂਦਾ ਹੈ ਵਾ: ਕਾਮ, ਕ੍ਰੋਧਾਦਿ ਠੱਗਾਂ ਦਾ ਠੱਗਿਆ ਹੋਇਆ ਪਰਲੋਕ ਨੂੰ ਜਾਂਦਾ ਹੈ

**ਬਾਬਾ ਮਾਇਆ ਭਰਮਿ ਭੁਲਾਇ ॥**

ਬਾਬਾ=ਹੇ ਭਾਈ! ਮਾਇਆ ਨੇ ਜੀਵਾਂ ਤਾਈਂ ਭਰਮ ਵਿਚ ਪਾ ਕੇ ਨਿੱਜ ਸਰੂਪ ਤੋਂ ਭੁਲਾ ਛੱਡਿਆ ਹੈ। ਜਿਸ ਤਰ੍ਹਾਂ ਸੱਪਣੀ ਆਪਣੇ ਕੁੰਡਲ ਵਿਚ ਆਏ ਹੋਏ ਆਪਣੇ ਬੱਚਿਆਂ ਨੂੰ ਖਾ ਜਾਂਦੀ ਹੈ, ਇਸੇ ਪ੍ਰਕਾਰ ਮਾਇਆ ਆਪਣੇ ਕੁੰਡਲ ਵਿਚ ਫਸੇ ਜੀਵਾਂ ਨੂੰ ਆਪਣਾ ਆਹਾਰ ਬਣਾਉਂਦੀ ਹੈ। ਮਾਇਆ ਵਿਚ ਫਸਿਆ ਜੀਵ ਭਰਮ ਕਰਕੇ ਆਪਣੇ ਸਰੂਪ ਨੂੰ ਭੁੱਲ ਜਾਂਦਾ ਹੈ।

**ਭਰਮਿ ਭੁਲੀ ਡੋਹਾਗਣੀ**
**ਨਾ ਪਿਰ ਅੰਕਿ ਸਮਾਇ ॥ ੧ ॥ ਰਹਾਉ ॥**

ਜੋ ਆਪਣੇ ਪਤੀ ਨੂੰ ਛੱਡ ਕੇ ਭਰਮ ਵਿਚ ਭੁੱਲ ਜਾਂਦੀ ਹੈ, ਉਹ ਪਤੀ ਤੋਂ ਡੋਹਾਗਣੀ=ਛੁੱਟੜ ਹੋ ਜਾਂਦੀ ਹੈ, ਫਿਰ ਉਹ ਪਿਰ=ਪਤੀ ਪਰਮੇਸ਼ਰ ਦੇ ਪ੍ਰੇਮ ਰੂਪੀ ਅੰਕਿ=ਸਰੂਪ ਵਿਚ ਸਮਾਇ=ਮਿਲ ਨਹੀਂ ਸਕਦੀ।

**ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹੁ ਤਜਿ ਜਾਇ ॥**

ਪਰਮੇਸ਼ਰ ਦੇ ਨਾਮ ਤੋਂ ਭੁੱਲੀ ਹੋਈ ਜੀਵ ਰੂਪ ਇਸਤਰੀ ਵਾ: ਸ੍ਰਿਸ਼ਟੀ ਪ੍ਰਮਾਤਮਾ ਨੂੰ ਲੱਭਣ ਲਈ ਦਿਸੰਤਰੀ=ਚਾਰ ਦਿਸ਼ਾਂਵਾਂ ਵਿਚ ਭਟਕਦੀ ਫਿਰਦੀ ਹੈ। ਕੋਈ ਦੱਖਣ ਦੇਸ਼ ਵਿਚ ਤੇ ਕੋਈ ਪੱਛਮ ਵਿਚ ਰੱਬ ਨੂੰ ਲੱਭਦਾ ਹੈ।

**ਭੂਲੀ ਡੂੰਗਰਿ ਥਲਿ ਚੜੈ**
**ਭਰਮੈ ਮਨੁ ਡੋਲਾਇ ॥**

ਭੁੱਲੀ ਹੋਈ ਜੀਵ ਰੂਪ ਇਸਤਰੀ ਵਾ: ਸ੍ਰਿਸ਼ਟੀ ਕਦੇ ਡੂੰਗਰਿ=ਪਹਾੜਾਂ 'ਤੇ ਅਤੇ ਕਦੇ ਥਲਿ=ਮਾਰੂਥਲਾਂ ਦੇ ਟਿੱਬਿਆਂ 'ਤੇ ਜਾ ਚੜ੍ਹਦੀ ਹੈ ਭਾਵ ਪਰਮੇਸ਼ਰ ਨੂੰ ਲੱਭਣ ਲਈ ਕਈ ਉੱਚੇ-ਉੱਚੇ ਪਰਬਤਾਂ, ਕੈਲਾਸ਼, ਸੁਮੇਰ ਆਦਿ 'ਤੇ ਜਾ ਚੜ੍ਹੇ ਕਿ ਇਥੋਂ ਪਰਮੇਸ਼ਰ ਨੂੰ ਪ੍ਰਾਪਤ ਕਰ ਲਵਾਂਗੇ। ਕੋਈ ਮਾਰੂਥਲ ਦੇ ਤੱਤੇ ਰੇਤਿਆਂ ਵਿਚ ਆਪਣਾ ਜੀਵਨ ਬਰਬਾਦ ਕਰ ਦਿੰਦੇ ਹਨ ਅਥਵਾ ਭੁੱਲੀ ਹੋਈ ਸ੍ਰਿਸ਼ਟੀ ਡੂੰਗਰਿ=ਸਵਰਗ ਰੂਪ ਪਹਾੜਾਂ 'ਤੇ ਚੜ੍ਹਨ ਦੀ ਇੱਛਾ ਨਾਲ ਅਨੇਕਾਂ ਕਰਮ ਕਰਦੀ ਹੈ ਤੇ ਕਈ ਪਰਮੇਸ਼ਰ ਤੋਂ ਨਿਸ਼ਰਧਕਪੁਣੇ ਵਿਚ ਮਾਰੂਥਲ ਦੀ ਨਿਆਈਂ ਭੂਤਾਂ-ਪ੍ਰੇਤਾਂ ਦੀ ਉਪਾਸ਼ਨਾ ਵਿਚ ਭੁੱਲੇ ਫਿਰਦੇ ਹਨ -

**ਧੁਰਹੁ ਵਿਛੁੰਨੀ ਕਿਉ ਮਿਲੈ**

## ਗਰਬਿ ਮੁਠੀ ਬਿਲਲਾਇ ॥ ੨ ॥

ਜਿਹੜੀ ਰੂਹ ਧੁਰਹੁ=ਆਦਿ ਤੋਂ ਆਪਣੇ ਧੁਰੇ ਭਾਵ ਪਰਮੇਸ਼ਰ ਦੀ ਲਿਵ ਵੱਲੋਂ ਵਿਛੁੰਨੀ=ਵਿਛੜ ਚੁੱਕੀ ਹੈ, ਉਹ ਅੰਤਰਮੁਖ ਹੋ ਕੇ ਪਰਮੇਸ਼ਰ ਨਾਲ ਕਿਉ=ਕਿਵੇਂ ਮਿਲ ਸਕਦੀ ਹੈ। ਇਹ ਜੀਵ ਰੂਪ ਇਸਤ੍ਰੀ ਐਵੇਂ ਹੀ ਹੰਕਾਰ ਕਰਦੀ ਹੈ ਕਿ ਮੈਂ ਇਤਨੇ ਸਾਧਨ ਕੀਤੇ ਹਨ, ਧੂਣੀਆਂ ਤਾਪੀਆਂ, ਜਲਧਾਰੇ ਕੀਤੇ, ਤੀਰਥਾਂ ਦੇ ਇਸ਼ਨਾਨ ਕਰ ਕੇ ਆਈ ਹਾਂ। ਇਉਂ ਆਪਣੇ ਸਾਧਨਾਂ ਦੇ, ਗੁਣਾਂ ਦੇ ਅਹੰਕਾਰ ਵਿਚ ਲੁੱਟੀ ਹੋਈ ਫਿਰ ਅੰਤ ਨੂੰ ਵਿਰਲਾਪ ਕਰਦੀ ਹੈ, ਪੱਲੇ ਕੁਝ ਵੀ ਨਹੀਂ ਰਹਿੰਦਾ।

## ਵਿਛੁੜਿਆ ਗੁਰੁ ਮੇਲਸੀ
## ਹਰਿ ਰਸਿ ਨਾਮ ਪਿਆਰਿ ॥

ਹੇ ਭਾਈ! ਸਤਿਗੁਰੂ ਨਾਨਕ ਸਾਹਿਬ ਜੀ ਧੰਨ ਹਨ ਜੋ ਵਿਛੁੜਿਆ=ਵਿਛੁੜੇ ਹੋਏ ਜੀਵਾਂ ਨੂੰ ਹਰੀ ਵਾਹਿਗੁਰੂ ਦੇ ਨਾਲ ਮੇਲਸੀ=ਮੇਲਦੇ ਸੀ, ਹੁਣ ਵੀ ਮੇਲਦੇ ਹਨ ਅਤੇ ਅੱਗੇ ਨੂੰ ਵੀ ਮੇਲਣਗੇ। ਜਿਨ੍ਹਾਂ ਨੂੰ ਅੰਦਰੋਂ ਨਾਮ ਦੇ ਪਿਆਰ ਕਰਕੇ ਹਰੀ ਦਾ ਰਸ ਪ੍ਰਾਪਤ ਹੋ ਗਿਆ, ਉਹਨਾਂ ਨੂੰ ਗੁਰੂ ਸਾਹਿਬ ਜੀ ਜਨਮਾਂ ਜਨਮਾਤਰਾਂ ਦੇ ਵਿਛੁੜਿਆਂ ਹੋਇਆਂ ਨੂੰ ਵਾਹਿਗੁਰੂ ਦੇ ਨਾਲ ਮੇਲਸੀ=ਮੇਲਦੇ ਹਨ ਭਾਵ ਪਹਿਲਾਂ ਵੀ ਮੇਲਦੇ ਹਨ ਅਤੇ ਅੱਗੇ ਨੂੰ ਵੀ ਮੇਲਣਗੇ, ਨਾਮ ਰੂਪੀ ਅੰਮ੍ਰਿਤ ਨੂੰ ਪਿਆਰਿ=ਪਿਲਾ ਕੇ ਹਰੀ ਦਾ ਰਸਿ=ਆਨੰਦ ਬਖਸ਼ਦੇ ਹਨ।

## ਸਾਚਿ ਸਹਜਿ ਸੋਭਾ ਘਣੀ
## ਹਰਿ ਗੁਣ ਨਾਮ ਅਧਾਰਿ॥

ਜਿਨ੍ਹਾਂ ਨੇ ਹਰਿ=ਪਰਮੇਸ਼ਰ ਦੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰ ਕੇ ਨਾਮ ਦਾ ਅਧਾਰਿ=ਆਸਰਾ ਲਿਆ ਹੈ, ਉਨ੍ਹਾਂ ਨੂੰ ਸਹਜਿ=ਸ਼ਾਂਤੀ, ਗਿਆਨ ਅਵਸਥਾ ਪ੍ਰਾਪਤ ਹੋਈ ਹੈ ਅਤੇ ਸਾਚਿ=ਸੱਚਾ ਨਾਮ ਜਪਣੇ ਕਰਕੇ ਲੋਕ ਪ੍ਰਲੋਕ ਵਿਚ ਘਣੀ=ਬਹੁਤੀ ਸੋਭਾ=ਵਡਿਆਈ ਪ੍ਰਾਪਤ ਹੋਈ ਹੈ ਵਾ: ਸਾਚਿ=ਨਿਸਚੇ ਕਰਕੇ ਘਣੀ ਸ਼ੋਭਾ ਹੁੰਦੀ ਹੈ।

## ਜਿਉ ਭਾਵੈ ਤਿਉ ਰਖੁ ਤੂੰ
## ਮੈ ਤੁਝ ਬਿਨੁ ਕਵਨੁ ਭਤਾਰੁ ॥ ੩ ॥

ਉਹ ਗੁਣਾਂ ਦੇ ਸਹਿਤ ਹੋ ਕੇ ਗੁਣਾਂ ਦਾ ਮਾਣ ਛੱਡ ਕੇ ਇਉਂ ਕਹਿੰਦੇ ਹਨ, ਹੇ ਪਰਮੇਸ਼ਰ! ਜਿਵੇਂ ਆਪ ਜੀ ਨੂੰ ਭਾਵੈ=ਭਾਉਂਦਾ ਹੈ, ਤਿਉਂ=ਉਵੇਂ ਹੀ ਤੂੰ ਸਾਡੀ ਰਖੁ=ਰੱਖਿਆ ਕਰ। ਹੇ ਪਰਮੇਸ਼ਰ! ਸਾਡਾ ਤੇਰੇ ਬਿਨਾਂ ਕਵਨ=ਕੌਣ ਭਤਾਰ=ਪਤੀ ਹੈ ਭਾਵ ਕੋਈ ਨਹੀਂ ਹੈ। ਅੰਨ ਬਸਤਰਾਂ ਕਰਕੇ, ਪਦਾਰਥਾਂ ਕਰਕੇ ਪੂਰਤੀ ਕਰਨ ਵਾਲਾ ਤੂੰ ਹੀ ਹੈਂ। ਗਰਭ ਵਿਚ ਰੱਖਿਆ ਵੀ ਤੂੰ ਹੀ ਕੀਤੀ ਹੈ। ਆਪ ਤੋਂ ਬਿਨਾਂ ਮੁਕਤੀ ਰੁਪ ਸੁਖ ਦੇਣ ਵਾਲਾ ਕੌਣ ਭਤਾਰੁ=ਪਤੀ ਹੈ? ਭਾਵ ਕੋਈ ਨਹੀਂ ਹੈ। ਅੰਨ ਬਣਤਰਾਂ ਕਰਕੇ, ਪਦਾਰਥਾਂ ਕਰਕੇ ਪੂਰਤੀ ਕਰਨ ਵਾਲਾ ਤੂੰ ਹੀ ਹੈਂ। ਗਰਭ ਵਿਚ ਰੱਖਿਆ ਵੀ ਤੂੰ ਹੀ ਕੀਤੀ ਹੈ। ਆਪ ਤੋਂ ਬਿਨਾਂ ਮੁਕਤੀ ਰੂਪ ਸੁਖ ਦੇਣ ਵਾਲਾ ਕੌਣ ਭਤਾਰੁ=ਪਤੀ ਹੈ? ਭਾਵ ਕੋਈ ਨਹੀਂ ਹੈ।

## ਅਖਰ ਪੜਿ ਪੜਿ ਭੁਲੀਐ
## ਭੇਖੀ ਬਹੁਤੁ ਅਭਿਮਾਨੁ ॥

ਪਰਮੇਸ਼ਰ ਦੀ ਪ੍ਰੇਮਾ-ਭਗਤੀ ਤੋਂ ਬਗੈਰ ਵੇਦ-ਸ਼ਾਸਤ੍ਰਾਂ ਦੇ ਅੱਖਰਾਂ ਨੂੰ ਪੜ੍ਹ-ਪੜ੍ਹ ਕੇ ਪੰਡਤ, ਵਿਦਵਾਨ ਲੋਕ ਮਾਇਆ, ਅਗਿਆਨ ਦੀ ਭੁੱਲ ਵਿਚ ਭੁਲੀਐ=ਭੁੱਲੇ ਫਿਰਦੇ ਹਨ ਵਾ: ਵੇਦਾਂ ਸ਼ਾਸਤ੍ਰਾਂ ਦੇ ਅੱਖਰਾਂ ਨੂੰ ਪੜ੍ਹ-ਪੜ੍ਹ ਕੇ ਭੁਲੇਖੇ ਵਿਚ ਪੈ ਜਾਂਦੇ ਹਨ ਅਤੇ ਭੇਖੀ=ਪਾਖੰਡੀ ਵਾ: ਭੇਖਧਾਰੀ ਆਪਣੇ ਵਿਰੱਕਤਪੁਣੇ ਦਾ ਬਹੁਤੁ=ਅਤਿਅੰਤ ਅਭਿਮਾਨੁ=ਹੰਕਾਰ ਕਰਦੇ ਹਨ ਵਾ: ਬਹੁਤ ਸਾਰੇ ਭੇਖ ਧਾਰਨ ਕਰਨ ਨਾਲ ਮਨ ਵਿਚ ਹੰਕਾਰ ਹੀ ਆਉਂਦਾ ਹੈ।

## ਤੀਰਥ ਨਾਤਾ ਕਿਆ ਕਰੇ
## ਮਨ ਮਹਿ ਮੈਲੁ ਗੁਮਾਨੁ ॥

ਫੇਰ ਤੀਰਥਾਂ 'ਤੇ ਨਾਤਾ=ਇਸ਼ਨਾਨ ਕੀਤਾ ਹੋਇਆ ਕਿਆ=ਕੀ ਕਰੇਗਾ ਭਾਵ ਕੀ ਫਲ ਹੋਵੇਗਾ, ਜਦੋਂ ਮਨ=ਹਿਰਦੇ ਦੇ ਮਹਿ=ਵਿਚ ਗੁਮਾਨੁ=ਹੰਕਾਰ ਦੀ ਮੈਲੁ=ਮਲੀਨਤਾ ਭਰੀ ਹੋਈ ਹੈ।

## ਗੁਰ ਬਿਨੁ ਕਿਨਿ ਸਮਝਾਈਐ
## ਮਨੁ ਰਾਜਾ ਸੁਲਤਾਨੁ ॥ ੪ ॥

ਹੇ ਭਾਈ! ਸਤਿਗੁਰੂ ਸਾਹਿਬ ਤੋਂ ਬਿਨਾਂ ਹੋਰ ਕਿਨਿ=ਕੋਈ ਵੀ ਨਹੀ ਸਮਝਾਈਐ=ਸਮਝਾ ਸਕਦਾ। ਜਿਹੜੇ ਰਾਜੇ ਰਜਵਾੜਿਆਂ ਦੇ ਮਾਲਕ ਹਨ, ਮਨ ਤਾਂ ਉਹਨਾਂ ਦਾ ਵੀ ਸੁਲਤਾਨੁ=ਚੱਕਰਵਰਤੀ ਬਾਦਸ਼ਾਹ ਬਣਿਆ ਬੈਠਾ ਹੈ। ਮਨ ਕਹਿੰਦਾ ਹੈ ਕਿ ਮੇਰੇ ਵਰਗਾ ਕੋਈ ਨਹੀਂ ਹੈ, ਮੈਂ ਪਾਤਸ਼ਾਹਾਂ ਦਾ ਪਾਤਸ਼ਾਹ ਹਾਂ। ਇੰਦਰੀਆਂ ਦਾ, ਪੁਰਾਣਾਂ ਦਾ ਮਨ ਚੱਕਰਵਰਤੀ ਬਾਦਸ਼ਾਹ ਬਣਿਆ ਬੈਠਾ ਹੈ। ਮਨ ਹੰਕਾਰ ਦੇ ਟਿੱਬੇ ਤੋਂ ਉਤਰਦਾ ਹੀ ਨਹੀਂ। ਮਨ ਅੰਤਹਕਰਣ ਦੇ ਅੰਦਰ ਹੰਕਾਰ ਰੂਪੀ ਤਖਤ ਬਣਾ ਕੇ ਬੈਠਾ ਹੈ, ਇਸ ਨੂੰ ਕਿੰਝ ਸਮਝਾਇਆ ਜਾਵੇ? ਜਿਹੜੀ ਅਸੁਰੀ ਸੰਪਦਾ ਇਸ ਨੂੰ ਵਿਗਾੜਨ ਵਾਲੀ ਹੈ, ਉਸ ਨੂੰ ਆਪਣੀ ਪਰਜਾ ਸਮਝੀਂ ਬੈਠਾ ਹੈ, ਦੈਵੀ ਸੰਪਦਾ ਨੂੰ ਗਵਾਈ ਬੈਠਾ ਹੈ। ਗੁਰੂ ਸਾਹਿਬ ਤੋਂ ਬਗੈਰ ਕਿਸੇ ਨੂੰ ਵੀ ਸਮਝ ਨਹੀਂ ਆਈ। ਮਨ ਰਾਜਿਆਂ ਦਾ ਰਾਜਾ ਤੇ ਸੁਲਤਾਨੁ=ਚੱਕਰਵਰਤੀ ਬਾਦਸ਼ਾਹ ਬਣਿਆ ਬੈਠਾ ਹੈ।

## ਪ੍ਰੇਮ ਪਦਾਰਥੁ ਪਾਈਐ
## ਗੁਰਮੁਖਿ ਤਤੁ ਵੀਚਾਰੁ ॥

ਜੋ ਗੁਰਾਂ ਪਾਸੋਂ ਪ੍ਰੇਮ ਰੂਪੀ ਪਦਾਰਥ ਪਾਈਐ=ਪ੍ਰਾਪਤ ਕਰਦੇ ਹਨ, ਉਹ ਗੁਰਮੁਖ ਜਨ ਤਤੁ=ਸਾਰ ਰੂਪ ਬ੍ਰਹਮ ਦਾ ਵੀਚਾਰੁ=ਨਿਰਣਾ ਕਰਦੇ ਹਨ।

## ਸਾ ਧਨ ਆਪੁ ਗਵਾਇਆ
## ਗੁਰ ਕੈ ਸਬਦਿ ਸੀਗਾਰੁ ॥

ਜਿਸ ਜਗਿਆਸੂ ਰੂਪ ਇਸਤਰੀ ਨੇ ਗੁਰਾਂ ਕੈ=ਦੇ ਸਬਦਿ=ਉਪਦੇਸ਼ ਨੂੰ ਕਮਾਉਣ ਰੂਪ ਸ਼ਿੰਗਾਰ ਕੀਤਾ ਹੈ, ਸਾ=ਉਸ ਜਗਿਆਸੂ ਰੂਪ=ਧਨ ਇਸਤਰੀ ਨੇ ਹੀ ਆਪੁ=ਆਪਾ-ਭਾਵ (ਹੰਕਾਰ) ਗਵਾਇਆ=ਗਵਾਉਣਾ ਕੀਤਾ ਹੈ।

**ਘਰ ਹੀ ਸੋ ਪਿਰੁ ਪਾਇਆ**
**ਗੁਰ ਕੈ ਹੇਤਿ ਅਪਾਰੁ ॥ ੫ ॥**

ਉਹਨਾਂ ਨੇ ਮਨੁੱਖਾ ਜਨਮ ਰੂਪੀ ਸਰੀਰ, ਸਤਿਸੰਗਤ ਰੂਪੀ, ਅੰਤਹਕਰਣ ਰੂਪੀ ਘਰ ਦੇ ਅੰਦਰੋਂ ਹੀ ਸੋ=ਉਸ ਪਿਰੁ=ਪਤੀ ਪਰਮੇਸਰ ਨੂੰ ਪਾਇਆ=ਪ੍ਰਾਪਤ ਕਰ ਲਿਆ ਹੈ। ਜਿਨ੍ਹਾਂ ਨੇ ਗੁਰੂ ਸਾਹਿਬ ਜੀ ਨਾਲ ਅਪਾਰੁ=ਬੇਅੰਤ ਹੇਤਿ=ਪ੍ਰੇਮ ਕੀਤਾ ਹੈ।

**ਗੁਰ ਕੀ ਸੇਵਾ ਚਾਕਰੀ**
**ਮਨੁ ਨਿਰਮਲੁ ਸੁਖੁ ਹੋਇ ॥**

ਗੁਰ=ਸਤਿਗੁਰਾਂ ਕੀ=ਦੀ ਸੇਵਾ=ਟਹਿਲ ਰੂਪ ਚਾਕਰੀ=ਨੌਕਰੀ ਕਰਨ ਨਾਲ ਮਨੁ=ਹਿਰਦਾ ਨਿਰਮਲੁ=ਮੈਲ ਤੋਂ ਰਹਿਤ ਉੱਜਲ ਹੋ ਜਾਂਦਾ ਹੈ ਅਤੇ ਸੁਖ ਸਰੂਪ ਦੀ ਪ੍ਰਾਪਤੀ ਹੁੰਦੀ ਹੈ ਅਥਵਾ ਗੁਰੂ ਸਾਹਿਬ ਜੀ ਦੀ ਜਿਹੜੀ ਚਾਅ ਨਾਲ ਭਾਵਨਾ ਸਹਿਤ ਹੋ ਕੇ ਸੇਵਾ ਕਰਨੀ ਹੈ, ਇਹ ਚਾਕਰੀ=ਨੌਕਰੀ ਹੈ, ਗੁਰੂ ਸਾਹਿਬ ਜੀ ਦੀ ਸੇਵਾ, ਜਿਸ ਪ੍ਰਕਾਰ ਨੌਕਰ, ਨੌਕਰੀ ਕਰਦਾ ਹੈ, ਜੇ ਬਹੁਤੀ ਤੇਜ਼ ਮੂਲੇਧਾਰ ਵਰਖਾ ਹੋਵੇ ਤਾਂ ਵੀ ਸਿਪਾਹੀ ਡਿਊਟੀ ਛੱਡ ਕੇ ਨਹੀਂ ਜਾਂਦਾ, ਉਥੇ ਹੀ ਆਪਣੀ ਡਿਊਟੀ 'ਤੇ ਹਾਜ਼ਰ ਰਹਿੰਦਾ ਹੈ, ਜਿਵੇਂ ਨੌਕਰ ਰਹਿੰਦਾ ਹੈ ਕਿ ਜੇ ਮੈਂ ਆਪਣੀ ਡਿਊਟੀ ਛੱਡ ਗਿਆ ਤਾਂ ਮੇਰੀ ਨੌਕਰੀ ਮਾਰੀ ਜਾਊ, ਜੁਰਮਾਨਾ ਹੋਵੇਗਾ, ਕੈਦ ਹੋਵੇਗੀ, ਇਉਂ ਸਮਝਦੇ ਹਨ, ਇਸੇ ਪ੍ਰਕਾਰ ਜੇ ਮਹਾਰਾਜ ਸਾਹਿਬ ਤੋਂ ਬੇਮੁੱਖ ਹੋ ਗਏ ਤਾਂ ਜੂਨਾਂ ਵਿਚ ਭਰਮਦੇ ਫਿਰਾਂਗੇ, ਇਸੇ ਪ੍ਰਕਾਰ ਗੁਰੂ ਸਾਹਿਬ ਜੀ ਦੀ ਸੇਵਾ ਨੌਕਰੀ ਦੀ ਨਿਆਈਂ ਕਰਨੀ ਚਾਹੀਦੀ ਹੈ, ਇਕ-ਰਸ ਸੇਵਾ ਵਿਚ ਜੁੜੇ ਰਹਿਣਾ ਚਾਹੀਦਾ ਹੈ।

**ਗੁਰ ਕਾ ਸਬਦੁ ਮਨਿ ਵਸਿਆ**
**ਹਉਮੈ ਵਿਚਹੁ ਖੋਇ ॥**

ਗੁਰੂ ਸਾਹਿਬ ਜੀ ਦਾ ਸਬਦੁ=ਉਪਦੇਸ਼ ਜਿਨ੍ਹਾਂ ਦੇ ਮਨ ਵਿਚ ਵਸਿਆ=ਵਸ ਗਿਆ ਹੈ, ਉਸ ਦੇ ਵਸਣ ਦੀ ਨਿਸ਼ਾਨੀ ਹੈ ਕਿ ਉਹਨਾਂ ਦੇ ਵਿਚਹੁ=ਅੰਦਰੋਂ ਹਉਮੈ=ਹੰਗਤਾ ਖੋਇ=ਗਵਾ ਦਿਤੀ ਹੈ।

**ਨਾਮੁ ਪਦਾਰਥੁ ਪਾਇਆ**
**ਲਾਭੁ ਸਦਾ ਮਨਿ ਹੋਇ ॥ ੬ ॥**

ਜਿਨ੍ਹਾਂ ਨੇ ਸਤਿਗੁਰਾਂ ਦੇ ਪਾਸੋਂ ਨਾਮ ਰੂਪੀ ਪਦਾਰਥ ਪਾਇਆ=ਪ੍ਰਾਪਤ ਕੀਤਾ ਹੈ, ਉਹਨਾਂ ਦੇ ਮਨ ਤਾਈਂ ਸਦਾ ਲੋਕ ਪਰਲੋਕ ਦਾ ਆਤਮਿਕ ਲਾਭ ਪ੍ਰਾਪਤ ਹੁੰਦਾ ਹੈ।

**ਕਰਮਿ ਮਿਲੈ ਤਾ ਪਾਈਐ**
**ਆਪਿ ਨ ਲਇਆ ਜਾਇ ॥**

ਜੇ ਨਿਸ਼ਕਾਮ ਕਰਮ ਕੀਤੇ ਹੋਣ ਤਾਂ ਸਤਿਗੁਰੂ ਜੀ ਮਿਲੈ=ਮਿਲਦੇ ਹਨ, ਗੁਰੂ ਸਾਹਿਬ ਜੀ ਦੀ ਕ੍ਰਿਪਾ ਕਰਕੇ ਹਰੀ ਵਾਹਿਗੁਰੂ ਦਾ ਨਾਮ ਪਾਈਐ=ਪ੍ਰਾਪਤ ਹੁੰਦਾ ਹੈ ਵਾ: ਗੁਰਾਂ ਦੀ ਦੀ ਕਰਮਿ=ਬਖਸ਼ਿਸ਼ ਮਿਲੇ ਤਾਂ ਨਾਮ ਪਾਈਦਾ ਹੈ। ਨਾਮ ਆਪ ਨਹੀਂ ਲਇਆ ਜਾਂਦਾ, ਜਪਿਆ ਜਾਂਦਾ, ਸਤਿਗੁਰਾਂ ਦੀ ਕ੍ਰਿਪਾ ਕਰਕੇ ਹੀ ਪ੍ਰਾਪਤ ਹੁੰਦਾ ਹੈ।

**ਗੁਰ ਕੀ ਚਰਣੀ ਲਗਿ ਰਹੁ**
**ਵਿਚਹੁ ਆਪੁ ਗਵਾਇ ॥**

ਹੇ ਭਾਈ! ਆਪਣੇ ਅੰਤਹਕਰਣ ਦੇ ਵਿਚਹੁ=ਅੰਦਰੋਂ ਆਪੁ=ਆਪਾ ਭਾਵ ਗਵਾਇ=ਗਵਾ ਕੇ ਭਾਵ ਮੇਟ ਕੇ ਸਤਿਗੁਰਾਂ ਕੀ=ਦੀ ਚਰਨੀ ਲੱਗੇ ਰਹੋ।

**ਸਚੇ ਸੇਤੀ ਰਤਿਆ**
**ਸਚੋ ਪਲੈ ਪਾਇ ॥ ੭ ॥**

ਇਸ ਪ੍ਰਕਾਰ ਸਚੇ=ਸੱਚ ਸਰੂਪ ਸੇਤੀ=ਨਾਲ ਰਤਿਆ=ਰੰਗੇ ਹੋਇਆਂ ਸੱਚਾ ਨਾਮ ਹਿਰਦੇ ਰੂਪੀ ਪਲੈ=ਝੋਲੀ ਵਿਚ ਪਾਇ=ਪੈ ਜਾਂਦਾ ਹੈ।

**ਭੁਲਣ ਅੰਦਰਿ ਸਭੁ ਕੋ**
**ਅਭੁਲੁ ਗੁਰੂ ਕਰਤਾਰੁ ॥**

ਜੇ ਕਹੋ ਕਿ ਮੈਥੋਂ ਭੁੱਲ ਹੋ ਗਈ ਹੈ ਤਾਂ ਮਹਾਰਾਜ ਫੁਰਮਾਉਂਦੇ ਹਨ ਕਿ ਭੁੱਲਣ ਅੰਦਰ ਤਾਂ ਸਾਰਾ ਸੰਸਾਰ ਹੀ ਹੈ। ਜਿਥੇ-ਜਿਥੇ ਅਗਿਆਨ ਹੈ, ਉਥੇ-ਉਥੇ ਭੁੱਲ ਬਣੀ ਹੋਈ ਹੈ, ਅਭੁੱਲ=ਨਾ ਭੁੱਲਣ ਵਾਲਾ ਤਾਂ ਗੁਰੂ ਅਤੇ ਕਰਤਾਰੁ=ਅਕਾਲ ਪੁਰਖ ਹੀ ਹੈ ਵਾ: ਹੋਰ ਸਾਰੀ ਸ੍ਰਿਸ਼ਟੀ ਭੁੱਲਣ ਦੇ ਅੰਦਰ ਹੈ, ਅਭੁੱਲ ਤਾਂ ਗੁਰੂ ਸਾਹਿਬ ਜੀ ਹਨ ਜੋ ਅਕਾਲ ਪੁਰਖ ਦਾ ਸਰੂਪ ਹਨ।

**ਗੁਰਮਤਿ ਮਨੁ ਸਮਝਾਇਆ**
**ਲਾਗਾ ਤਿਸੈ ਪਿਆਰੁ॥**

ਜਿਨ੍ਹਾਂ ਨੇ ਗੁਰਮਤ ਦੁਆਰਾ ਆਪਣੇ ਮਨ ਨੂੰ ਸਮਝਾਉਣਾ ਕੀਤਾ ਹੈ, ਤਿਸੈ=ਉਹਨਾਂ ਨੂੰ ਪਰਮੇਸ਼ਰ ਦੇ ਸਰੂਪ ਦਾ ਪਿਆਰੁ=ਸਨੇਹ ਲੱਗਾ ਹੈ।

**ਨਾਨਕ ਸਾਚੁ ਨ ਵੀਸਰੈ**
**ਮੇਲੇ ਸਬਦੁ ਅਪਾਰੁ ॥ ੮ ॥ ੧੨ ॥**

ਸਤਿਗੁਰੂ ਜੀ ਉਚਾਰਨ ਕਰਦੇ ਹਨ ਕਿ ਜਿਨ੍ਹਾਂ ਨੂੰ ਸਾਚੁ=ਸੱਚੇ ਪਰਮੇਸ਼ਰ ਦਾ ਨਾਮ ਕਦੇ ਵੀ ਵੀਸਰੇ=ਭੁੱਲਦਾ ਨਹੀਂ ਹੈ, ਜਿਨ੍ਹਾਂ ਨੂੰ ਗੁਰੂ ਮਹਾਰਾਜ ਜੀ ਨੇ ਅਪਾਰੁ=ਪਾਰਾਵਾਰ ਤੋਂ ਰਹਿਤ ਸ਼ਬਦ ਦੀ ਕਮਾਈ ਬਖਸ਼ੀ ਹੈ, ਉਹਨਾਂ ਨੂੰ ਸਬਦੁ=ਬ੍ਰਹਮ ਜੋ ਪ੍ਰਕ੍ਰਿਤੀ ਅਤੇ ਪਾਰਾਵਾਰ ਤੋਂ ਰਹਿਤ ਹੈ, ਉਸ ਦੇ ਨਾਲ ਮੇਲ ਦੇਂਦੇ ਹਨ।

*ਚਲਦਾ..........।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-49)*

ਇਨ੍ਹਾਂ ਰੰਗਾਂ ਤੇ ਮੌਜਾਂ ਵਿਚ ਅਠਾਰ੍ਹਾਂ ਸਿਆਲ ਬੀਤ ਗਏ। ਨਾ ਪੁੰਨ ਤੇ ਨਾ ਪਾਪ ਦੀ ਮੈਨੂੰ ਸਾਰ ਪਈ, ਨਾ ਇਸਤ੍ਰੀ ਤੇ ਆਦਮੀ ਦਾ ਕੋਈ ਡੂੰਘਾ ਫਰਕ ਮੇਰੇ ਆਤਮਾ ਤੇ ਪਿਆ। ਮੇਰੇ ਜਾਣੇ ਦੁਨੀਆਂ ਸੁਖਾਂ, ਖੇਲ੍ਹਾਂ ਦਾ ਥਾਉਂ ਸੀ ਅਰ ਜੋ ਕੁਛ ਦਿਸਦਾ ਸੀ, ਸਭ ਮੇਰੇ ਆਰਾਮ ਲਈ ਬਣਿਆ ਦਿਸਦਾ ਸੀ। ਮੈਂ ਸਾਰਾ ਦਿਨ ਹੱਸਦੀ, ਹਰੇਕ ਸਖੀ ਨਾਲ ਚੁਹਲ ਕਰਦੀ ਤੇ ਇਸ ਤਰ੍ਹਾਂ ਫਿਰਦੀ ਸਾਂ ਕਿ ਜਿਸ ਤਰ੍ਹਾਂ ਬਨਾਂ ਵਿਚ ਹਰਨੋਟੇ ਚੌਂਕੜੀਆਂ ਭਰਦੇ ਹਨ। ਜਦੋਂ ਮੈਂ ਰਾਤ ਨੂੰ ਘਰ ਆਈ ਤਾਂ ਮਾਂ ਦੀ ਗੋਦ ਵਿਚ ਜਾ ਬੈਠੀ ਤੇ ਕੂਕੀ, ਅੰਮੀਏ ਟੁਕ ਖੁਆਲ। ਉਸ ਨੇ ਘੁੱਟ-ਘੁੱਟ ਕੇ ਛਾਤੀ ਨਾਲ ਲਾਉਣਾ ਤੇ ਨਿਆਣਿਆਂ ਵਾਂਗ ਆਪ ਗ੍ਰਾਹੀਆਂ ਮੇਰੇ ਮੂੰਹ ਦੇ-ਦੇ ਕੇ ਰੋਟੀ ਖੁਆਉਣੀ। ਓਥੋਂ ਉਠੀ ਦੁੱਧ ਦਾ ਛੰਨਾਂ ਪੀਤਾ ਤੇ ਚਣੀਓਟੀ ਪਲੰਘ ਤੇ ਧੜੰਮ ਛਾਲ ਮਾਰੀ, ਸਿਰਹਾਣੇ ਤੇ ਸਿਰ ਰੱਖਿਆ ਤੇ ਸੌਂ ਗਈ। ਰਾਤ ਭਰ ਪਾਸਾ ਨਹੀਂ ਕਦੇ ਲੀਤਾ, ਕਦੇ ਸੁਪਨਾ ਨਹੀਂ ਡਿੱਠਾ, ਸੂਰਜ ਨੂੰ ਮੈਂ ਕਦੇ ਆਪਣੇ ਤੋਂ ਪਿੱਛੋਂ ਨਹੀਂ ਜਾਗਣ ਦਿਤਾ। ਝੀਤਾਂ ਵਿਚੋਂ ਧੁੱਪ ਅੰਦਰ ਆਈ ਤਾਂ ਮੈਂ ਜਾਗੀ, ਜਾਗੀ ਤਾਂ ਛਾਲ ਮਾਰ ਕੇ ਉੱਠੀ, ਝੱਟ ਲੀੜੇ ਪਾਏ ਤਾਂ ਬਾਹਰ ਘੋੜੇ ਚੜ੍ਹੀ, ਸਖੀਆਂ ਦਾ ਸਮਾਜ ਨਾਲ ਲਿਆ ਤੇ ਜੂਹਾਂ ਬਨਾਂ ਨੂੰ ਉਡ ਗਈ। ਬਨਾਂ ਵਿਚ ਹੀ ਇਸ਼ਨਾਨ, ਓਥੇ ਹੀ ਖੇਡਾਂ, ਦੁਪਹਿਰ ਖਿੜ-ਖਿੜ ਹਸਦੀ ਖੁਸ਼ੀ ਦੇ ਖੰਭਾਂ ਤੇ ਉਡਦੀ ਘਰ ਆਈ ਤੇ ਓਸੇ ਤਰ੍ਹਾਂ ਖਾਂਦੀ ਪੀਂਦੀ ਹਸਦੀ ਬੋਲਦੀ ਸੌਂ ਗਈ। ਲੌਢੇ ਪਹਿਰ ਪਿਤਾ ਨਾਲ ਪਿਆਰ ਕਰਦੀ। ਉਹਨਾਂ ਦੇ ਸਾਹਮਣੇ ਘੋੜੇ ਤੇ ਚੜ੍ਹ ਕੇ ਫੇਰ ਖੇਡਾਂ ਦੇ ਪਿੜ ਵਿਚ ਜਾ ਪਹੁੰਚੀ। ਰਾਤ ਪਈ ਉਸੇ ਤਰ੍ਹਾਂ ਕਬੂਤਰ ਵਾਂਗ ਗੁਟਕਦੀ ਘਰ ਆ ਗਈ। ਝਨਾਂ ਸਾਥੋਂ ਜ਼ਰਾ ਵਿੱਥ ਤੇ ਸੀ, ਪਰ ਮੇਰਾ ਬੇੜਾ ਉਥੇ ਬੀ ਸੀ। ਮੇਰੇ ਪਿਤਾ ਨੂੰ ਲੋਕੀਂ 'ਭੂਈਂ ਨਈਂ ਦਾ ਸਾਂਈ' ਕਹਿੰਦੇ ਸਨ ਕਿਉਂਕਿ ਦਰਿਆ ਵਿਚ ਬੀ ਕੋਈ ਉਸ ਦੇ ਅੱਗੇ ਹੁਤ ਨਹੀਂ ਸੀ ਕਰਦਾ।

ਇਕ ਦਿਨ ਮੈਂ ਸ਼ਿਕਾਰ ਨੂੰ ਗਈ। ਬਹੁਤ ਦੂਰੋਂ ਜੋ ਮੈਂ ਡਿੱਠਾ, ਤਾਂ ਮੈਨੂੰ ਭੁਲਾਵਾ ਪਿਆ ਕਿ ਇਕ ਚਿੱਤਰਾ ਬੈਠਾ ਹੈ। ਸਖੀਆਂ ਨੂੰ ਮੈਂ ਕਿਹਾ, ਤੱਕੋ ਖਾਂ ਕੀਹ ਹੈ? ਕਿੰਨੀਆਂ ਨੇ ਕਿਹਾ ਚਿੱਤਰਾ ਹੈ। ਕਿੰਨੀਆਂ ਨੇ ਕਿਹਾ ਐਵੇਂ ਪੱਥਰ ਪਿਆ ਹੈ। ਇਕ ਨੇ ਕਿਹਾ, ਪਾੜ੍ਹਾ ਨਾਮੇ ਹਰਨ ਹੈ। ਇਕ ਨੇ ਕਿਹਾ, ਜ਼ਰਾ ਅੱਗੇ ਹੋ ਚਲੋ ਤੇ ਹੋਰ ਪਛਾਣ ਕਰ ਲਵੋ। ਪਰ ਮੇਰੇ ਸਰੀਰ ਵਿਚ ਜੋ ਜ਼ਿੰਦਗੀ ਦੇ ਚਾ ਮਲ੍ਹਾਰਾਂ ਤੇ ਖੁਸ਼ੀਆਂ ਦੇ ਉਛਾਲਿਆਂ ਨਾਲ ਭਰੇ ਹੁਲਾਰੇ ਅਝੱਲਵੇਂ ਉਠਦੇ ਸਨ ਉਹ ਇਨ੍ਹਾਂ ਗੱਲਾਂ ਦੀ ਕੀਹ ਪ੍ਰਵਾਹ ਕਰਦੇ ਸਨ, ਮੈਂ ਨਿਸ਼ਾਨਾ ਜਮਾ ਕੇ ਤੀਰ ਸੇਧਿਆ। ਜਦ ਮੈਂ ਚਲਾਉਣ ਲੱਗੀ ਤਾਂ ਅੱਜ ਪਹਿਲਾ ਦਿਨ ਸੀ ਕਿ ਮੇਰੇ ਜੀ ਵਿਚ ਕੁਛ ਹੋਇਆ, ਜਿਸ ਨੂੰ ਮੈਂ ਓਦੋਂ ਤਾਂ ਨਹੀਂ ਜਾਣਦੀ ਸਾਂ ਪਰ ਪਿੱਛੋਂ ਪਤਾ ਲੱਗਾ ਕਿ ਉਹ ਡਰ ਸੀ। ਤੀਰ ਚੱਲ ਗਿਆ ਤੇ ਐਨ ਨਿਸ਼ਾਨੇ ਵਿਚ ਬੈਠਾ। ਉਹ ਜੀਵ ਉਠਿਆ ਨਹੀਂ, ਨੱਠਾ ਨਹੀਂ, ਉਥੇ ਹੀ ਦੋ ਕੁ ਭੁਆਟੜੀਆਂ ਲੈ ਕੇ ਬੇਹਿੱਲ ਹੋ ਗਿਆ। ਜਾਂ ਅਸੀਂ ਭੱਜ ਕੇ ਉਥੇ ਪਹੁੰਚੀਆਂ ਤਾਂ ਹਾਇ ਰੱਬਾ! ਮੈਂ ਕੀ ਡਿੱਠਾ ਕਿ ਉਹ ਬਨ ਪਸ਼ੂ ਨਹੀਂ ਸੀ, ਉਹ ਤਾਂ ਇਕ ਆਦਮੀ ਸੀ। ਆਦਮੀ ਬੀ ਉਹ ਸੀ ਕਿ ਜਿਸ ਜੇਹੀ ਸੂਰਤ ਮੈਂ ਅੱਗੇ ਕਦੇ ਨਹੀਂ ਸੀ ਡਿੱਠੀ। ਉਹ ਜੁਆਨ ਤਾਂ ਚੰਗਾ ਸੀ, ਜੁਆਨ ਚੰਗੇ ਤੋਂ ਚੰਗੇ ਸਾਡੇ ਦਲ ਵਿਚ ਬੀ ਸਨ, ਪਰ ਉਹ ਕੁਛ ਹੋਰ ਵੀ ਸੀ ਤੇ ਪਤਾ ਨਹੀਂ ਕਿ ਉਹ ਹੋਰ ਕੀਹ ਸੀ? ਉਹ ਕੁਛ ਐਸਾ ਚੰਗਾ ਸੀ ਕਿ ਮੈਨੂੰ ਐਉਂ ਜਾਪੇ ਜੋ ਤੀਰ ਤਾਂ ਮੈਂ ਮਾਰਿਆ ਹੈ ਇਸ ਨੂੰ, ਪਰ ਵਿੰਨ੍ਹੀ ਮੈਂ ਆਪ ਗਈ ਹਾਂ। ਕਦੇ ਪਿਤਾ ਤੇ ਮਾਂ ਐਡੇ ਚੰਗੇ ਨਹੀਂ ਸੀ ਲੱਗੇ, ਕਦੇ ਖੇਡਾਂ ਤੇ ਸ਼ਿਕਾਰ ਐਡੇ ਚੰਗੇ ਨਹੀਂ ਸਨ ਲੱਗੇ, ਨਾ ਹੀ ਕਦੇ ਸਹੇਲੀਆਂ ਇੰਨੀਆਂ ਮਿੱਠੀਆਂ ਲੱਗੀਆਂ ਸਨ ਕਿ ਜਿੱਡਾ ਚੰਗਾ ਉਹ ਲੱਗਾ, ਮੇਰੇ ਵਸ ਨਹੀਂ ਰਿਹਾ, ਮੈਂ ਜੋ ਸਭ ਤੋਂ ਉਚੀ ਆਪ ਨੂੰ ਜਾਣਦੀ ਸਾਂ, ਬੇਵਸ ਉਸ ਦੇ ਅੱਗੇ ਚੁਫਾਲ ਡਿੱਗ ਪਈ। ਹਾਂ ਮੇਰਾ ਅਝੁਕ ਸਿਰ ਝੁਕ ਗਿਆ, ਮੇਰੇ ਅਜੁੜੇ ਹੱਥ ਜੁੜ ਗਏ ਅਰ ਜੋ ਗਲ ਮੇਰੇ ਤੇ ਅੱਗੇ ਕਦੇ ਨਾ ਸੀ ਵਰਤੀ ਉਹ ਅੱਜ ਆ ਵਰਤੀ। ਮੇਰੀਆਂ ਅੱਖਾਂ ਵਿਚੋਂ ਪਾਣੀ ਦੇ ਟੇਪੇ ਕਿਰਨ ਲਗ ਪਏ। ਉਸ ਮੋਹਿਨੀ ਮੂਰਤ ਦੇ ਸਰੀਰ ਵਿਚ ਤੀਰ ਖੁੱਭ ਰਿਹਾ ਸੀ ਤੇ ਉਸ ਤੀਰ ਦੀ ਜੜ੍ਹ ਵਿਚੋਂ ਲਹੂ ਦੀ ਧਾਰ ਵਹਿ ਰਹੀ ਸੀ। ਮੈਂ ਰੋਈ, ਕੰਬੀ। ਮੈਂ ਆਪਣੇ ਹੱਥਾਂ ਨਾਲ ਉਸ ਤੀਰ ਨੂੰ ਕੱਢਿਆ ਅਰ ਉਸ ਛੇਕ ਨੂੰ, ਜੋ ਮੇਰੇ ਹੀ ਮੂਰਖ ਹੱਥਾਂ ਨੇ ਪਾਇਆ ਸੀ, ਬੰਦ ਕਰਨ ਲਈ ਘੁੱਟ ਕੇ ਫੜਿਆ। ਸਖੀਆਂ ਮੇਰੇ ਵਿਚ ਇਹ ਰੰਗ ਦੇਖ ਕੇ ਜੋ ਅੱਗੇ ਕਦੇ ਨਹੀਂ ਸਾਨੇ ਡਿੱਠਾ, ਮਾੜੀ ਨੂੰ ਦੌੜੀਆਂ। ਮੈਂ ਇਕੱਲੀ ਰਹਿ ਗਈ। ਉਸ ਸੂਰਤ ਨੂੰ ਇਸ ਹਾਲ ਵਿਚ ਦੇਖ ਕੇ ਮੇਰਾ ਕਲੇਜਾ ਵਸ ਵਿਚ ਨਹੀਂ ਸੀ। ਮੈਨੂੰ ਸਮਝ ਨਹੀਂ ਸੀ ਪੈਂਦੀ, ਪਰ ਮੇਰੇ ਨੈਣਾਂ ਵਿਚੋਂ ਪਾਣੀ ਦੀ ਧਾਰ ਨਹੀਂ ਖੜੋਂਦੀ ਸੀ। ਮੈਂ ਚਾਹੁੰਦੀ ਸਾਂ ਜੋ ਇਹ ਇਕ ਵੇਰ ਅੱਖਾਂ ਖੋਹਲੇ, ਪਰ ਮੇਰਾ ਹੀਆ ਨਹੀਂ ਪੈਂਦਾ ਸੀ

ਕਿ ਮੈਂ ਉਸ ਨੂੰ ਹਿਲਾਵਾਂ, ਡਰ ਆਵੇ ਜੋ ਮਤਾ ਨੀਂਦ ਵਿਚ ਹੋਵੇ ਤੇ ਮੇਰੇ ਬੁਲਾਇਆ ਜਾਗ ਉਠੇ ਤੇ ਇਸ ਨੂੰ ਫੇਰ ਪੀੜ ਹੋਵੇ। ਇਸ ਵੇਲੇ ਮੇਰਾ ਜੀ ਕਰੇ ਕਿ ਇਸ ਦੀ ਪੀੜ ਮੈਨੂੰ ਆ ਜਾਵੇ, ਇਸ ਦਾ ਲਹੂ ਬੰਦ ਹੋ ਜਾਵੇ ਤੇ ਇਹ ਉਠ ਕੇ ਬੈਠ ਜਾਵੇ ਤੇ ਮੇਰੇ ਵਲ ਤੱਕੇ ਤੇ ਆਖੇ, ਹੇ ਮੁਟਿਆਰੇ! ਤੇਰੇ ਅਪਰਾਧ ਦੀ ਮੈਂ ਤੈਨੂੰ ਇਹ ਸਜ਼ਾ ਦੇਂਦਾ ਹਾਂ ਕਿ ਸਾਰੀ ਉਮਰ ਲਈ ਤੈਨੂੰ ਆਪਣਾ ਗੋਲਾ ਬਨਾਵਾਂਗਾ। ਮੈਂ ਸੋਚਾਂ ਕਿ ਜੇ ਮੇਰਾ ਪਿਤਾ ਇਹ ਗੱਲ ਨਾ ਮੰਨੇਗਾ ਤਾਂ ਮੈਂ ਉਸ ਨੂੰ ਗਲਵਕੜੀ ਪਾ ਕੇ ਉਸ ਦੀ ਛਾਤੀ ਤੇ ਸਿਰ ਰੱਖ ਕੇ ਰੋ-ਰੋ ਕੇ ਮਨਾ ਲਵਾਂਗੀ ਕਿ ਹੇ ਪਿਤਾ ਜੀ ਮੈਂ ਇਸ ਦੀ ਬਾਂਦੀ ਹੋ ਗਈ ਹਾਂ, ਮੇਰੇ ਅਪਰਾਧ ਨੇ ਮੈਨੂੰ ਇਸ ਪਾਸ ਵੇਚ ਦਿਤਾ ਹੈ, ਤੁਸੀਂ ਜੇ ਰਾਜ ਭਾਗ ਸਮੇਤ ਮੈਨੂੰ ਇਸ ਦਾ ਗੋਲਾ ਬਣਾ ਦਿਓ ਤਾਂ ਬੀ ਮੇਰੀ ਭੁੱਲ ਦਾ ਬਦਲਾ ਨਹੀਂ ਮੁਕਦਾ ਹੇ। ਇਹ ਅੰਮੀ ਤੇ ਬਾਪੂ ਨੂੰ ਦਸ ਦਿਆਂਗੀ ਕਿ ਇਸ ਦੀ ਕੈਦ ਵਿਚ ਖਿੜੀ ਹੋਈ ਖੁਸ਼ ਤੇ ਖੁਲ੍ਹਾਂ ਵਾਲੀ ਆਪ ਨੂੰ ਜਾਣਾਂਗੀ। ਇਸ ਵੇਲੇ ਕਲੇਜਾ ਉਛਲ ਰਿਹਾ ਸੀ ਤੇ ਮੇਰਾ ਇਕ ਹੱਥ ਉਸ ਦੇ ਸਰੀਰ ਤੇ ਐਸ ਤਰ੍ਹਾਂ ਫਿਰਦਾ ਸੀ ਕਿ ਜਿਸ ਤਰ੍ਹਾਂ ਮੈਨੂੰ ਥੱਕੀ ਹੋਈ ਨੂੰ ਮੇਰੀਆਂ ਟਹਿਲਣਾ ਪਲੋਸਿਆ ਕਰਦੀਆਂ ਸਨ। ਕਿੰਨਾਂ ਚਿਰ ਐਉਂ ਲੰਘ ਗਿਆ। ਲਹੂ ਦੀ ਧਾਰ ਵਾਲੀ ਨਾੜ ਮੇਰੇ ਹੱਥ ਨੇ ਨੱਪੀ ਹੋਈ ਸੀ, ਮੇਰਾ ਦੂਸਰਾ ਹੱਥ ਉਸ ਦੇ ਪੈਰਾਂ ਨੂੰ ਘੁੱਟ ਰਿਹਾ ਸੀ ਕਿ ਬੇਵਸੇ ਫੇਰ ਮੇਰਾ ਸਿਰ ਉਹਨਾਂ ਪੈਰਾਂ ਤੇ ਜਾ ਪਿਆ ਅਰ ਮੇਰੇ ਝਨਾਂ ਵਾਂਗੂੰ ਉਛਲ ਰਹੇ ਨੈਣਾਂ ਨੇ ਉਹਨਾਂ ਨੂੰ ਚੰਗੀ ਤਰ੍ਹਾਂ ਧੋਤਾ, ਇਸ ਵੇਲੇ ਉਸ ਨੇ ਲੰਮਾ ਸਾਹ ਲੀਤਾ, ਮੈਂ ਸਿਰ ਚੁਕ ਕੇ ਦੇਖਿਆ ਤਾਂ ਉਸ ਨੇ ਅੱਖਾਂ ਖੋਲ੍ਹੀਆਂ ਸਨ। ਅੱਖਾਂ ਨੂੰ ਜਦ ਮੇਰੀਆਂ ਅੱਖਾਂ ਨੇ ਡਿੱਠਾ, ਮੇਰੇ ਸਾਰੇ ਸਰੀਰ ਵਿਚ ਝਰਨਾਟ ਛਿੜ ਗਈ, ਕਾਹਨੂੰ ਕਦੇ ਮੈਂ ਐਹੋ ਜਿਹੀਆਂ ਅੱਖਾਂ ਵੇਖੀਆਂ ਸਨ? ਮੈਂ ਚਾਹੁੰਦੀ ਸਾਂ ਕਿ ਆਖਾਂ, ਹੇ ਸਭ ਤੋਂ ਉੱਚੇ ਮਨੁੱਖ! ਮੈਂ ਅਨਜਾਣੇ ਤੈਨੂੰ ਵਿੰਨ੍ਹ ਬੈਠੀ ਹਾਂ, ਪਰ ਆਪਣਾ ਦੋਸ਼ ਆਪ ਮੰਨਦੀ ਹਾਂ। ਇਹ ਮੇਰਾ ਕਮਾਨ ਹੈ ਤੇ ਇਹ ਤੀਰ ਹੈ ਜਿਸ ਨਾਲ ਤੈਨੂੰ ਮੈਂ ਵਿੰਨ੍ਹਿਆ ਹੈ, ਉਠ ਅਰ ਮੇਰੀ ਛਾਤੀ ਇਸੇ ਨਾਲ ਵਿੰਨ੍ਹ ਘੱਤ ਤੇ ਜੇ ਜਾਨ ਬਖਸ਼ੀ ਕਰੇਂ ਤਾਂ ਮੇਰੇ ਕੰਨ ਚੀਰ ਕੇ ਵਾਲੀ ਪਾ ਅਰ ਮੈਨੂੰ ਗੁਲਾਮ ਬਣਾ ਕੇ ਨਾਲ ਲੈ ਚਲ। ਮੈਂ ਸਾਰੀ ਉਮਰ ਦੀ ਤੇਰੀ ਬਾਂਦੀ ਹੋਈ। ਪਰ ਹਾਇ ਮੇਰਾ ਸੰਘ ਰੁਕ ਗਿਆ, ਮੈਂ ਬੋਲ ਨਾ ਸਕੀ, ਮੇਰੀਆਂ ਅੱਖਾਂ ਨੇ ਜੋ ਕੁਛ ਆਖਿਆ ਸੋ ਆਖਿਆ ਅਰ ਉਸ ਦੀਆਂ ਅੱਖਾਂ ਨੇ ਜੋ ਵਾਚਿਆ ਸੋ ਵਾਚਿਆ। ਮੈਂ ਅਜੇ ਰੱਜ ਕੇ ਅੱਖੀਆਂ ਦੇਖੀਆਂ ਬੀ ਨਹੀਂ ਸਨ ਕਿ ਛੱਪਰ ਢਹਿ ਪਏ ਅਰ ਉਹ ਅੱਖਾਂ ਫੇਰ ਬੰਦ ਹੋ ਗਈਆਂ। ਮੇਰਾ ਪੈਰ ਘੁੱਟਣ ਵਾਲਾ ਹੱਥ ਹੁਣ ਉਸ ਦੇ ਚਿਹਰੇ ਤੇ ਪਹੁੰਚਾ, ਮਿੱਟੀ ਸਾਫ ਕੀਤੀ, ਪੂੰਝਿਆ, ਜਿਕੂੰ ਮਾਂ ਡਾਢੇ ਚਾਵਾਂ ਵੇਲੇ ਮੇਰੇ ਚਿਹਰੇ ਤੇ ਹੱਥ ਫੇਰਦੀ ਸੀ, ਕੁਛ ਉਸ ਤਰ੍ਹਾਂ ਤੇ ਕੁਛ ਸੰਗ ਜਿਹੀ ਵਿਚ ਮੈਂ ਚਿਹਰੇ ਤੇ ਹੱਥ ਫੇਰਾਂ ਤੇ ਚਾਹਾਂ ਕਿ ਇਹ ਇਕ ਵੇਰ ਫੇਰ ਅੱਖਾਂ ਖੋਹਲ ਦੇਵੇ। ਮੇਰੀ ਆਸ ਪੂਰੀ ਹੋ ਗਈ, ਅੱਖਾਂ ਖੁਲ੍ਹ ਗਈਆਂ ਅਰ ਖੁਲ੍ਹ ਕੇ ਮੇਰੀਆਂ ਅੱਖਾਂ ਵਿਚ ਗੱਡ ਗਈਆਂ, ਮੇਰੇ ਨੈਣ ਝਮਕਣਾ ਭੁੱਲ ਗਏ। ਉਹ ਸੁਆਦ ਇਸ ਰੰਗ ਵਿਚ ਆਇਆ ਕਿ ਮੈਂ ਕਦੇ ਅੱਗੇ ਨਹੀਂ ਡਿੱਠਾ ਸੀ, ਮੈਨੂੰ ਇਕ ਤਰ੍ਹਾਂ ਦੀ ਬੇਸੁਧੀ ਹੋ ਗਈ। ਕੁਛ ਚਿਰ ਲੰਘਿਆ ਤਾਂ ਮੈਨੂੰ ਮਲੂਮ ਹੋਇਆ ਕਿ ਬੁੱਲ੍ਹ ਖੁਲ੍ਹਣ ਲੱਗੇ ਹਨ ਅਰ ਆਖਣ ਲੱਗੇ ਹਨ ਕਿ ਤੂੰ ਮੇਰੀ ਗੋਲੀ ਹੈਂ। ਬੁੱਲ੍ਹ ਖੁੱਲ੍ਹੇ ਅਰ ਬੋਲੇ ਪਰ ਮੈਂ ਨਹੀਂ ਸਮਝੀ ਕੀਹ ਬੋਲੇ। ਹਾਂ ਮੈਨੂੰ ਜੋ ਬੋਲੇ ਉਹ ਚੇਤੇ ਹੋ ਗਿਆ, ਸਿਰੀ ਵਾਹਿਗੁਰੂ। ਇੰਨੀ ਗੱਲ ਸੀ ਜੋ ਉਸ ਨੇ ਆਖੀ ਪਰ ਮੈਂ ਉਸ ਵੇਲੇ ਨਹੀਂ ਸਮਝਦੀ ਸਾਂ ਕਿ ਇਹ ਕੀ ਆਖਦਾ ਹੈ।

ਹੁਣ ਕੁਛ ਮੇਰੇ ਡਾਢੇ ਜ਼ੋਰ ਲਾਉਣ ਨਾਲ ਮੇਰੇ ਬੁੱਲ੍ਹ ਬੀ ਖੁੱਲ੍ਹੇ ਤੇ ਮੈਂ ਆਖਿਆ, ਜੀਓ ਜੀ! ਕੀਹ ਹੁਕਮ ਹੈ? ਪਰ ਇਸ ਦੇ ਉਤਰ ਤੋਂ ਪਹਿਲੇ ਬੁਲ੍ਹ ਤੇ ਨੈਣ ਫੇਰ ਬੰਦ ਹੋ ਗਏ ਅਰ ਚਿਹਰੇ ਦੇ ਰੰਗ ਵਿਚ ਕੁਛ ਚਿਟਿਆਸ ਹੋ ਆ ਗਈ।

ਇੰਨੇ ਨੂੰ ਮੇਰੇ ਪਿਤਾ, ਮਾਤਾ ਤੇ ਹਕੀਮ ਵੈਦ ਤੇ ਕਈ ਦਾਸ ਆ ਗਏ। ਅੱਜ ਪਹਿਲਾ ਦਿਨ ਸੀ ਕਿ ਮੇਰੇ ਚਿਹਰੇ ਵੱਲ ਵੇਖ ਕੇ ਮੇਰੇ ਮਾਤਾ ਪਿਤਾ ਹੱਸੇ ਨਹੀਂ, ਉਦਾਸ ਹੋ ਗਏ ਤੇ ਮੈਂ ਬੀ ਰੋ ਪਈ। ਦੌੜ ਕੇ ਮੇਰੀ ਮਾਂ ਨੇ ਮੈਨੂੰ ਗੋਦ ਵਿਚ ਲੈ ਲਿਆ, ਉਸ ਦੀ ਕਾਹਲੀ ਦੀ ਖਿੱਚ ਨੇ ਮੇਰਾ ਹੱਥ ਛੁਟਕਾ ਦਿਤਾ ਤੇ ਰੁਕੇ ਹੋਏ ਲਹੂ ਦੀ ਧਾਰ ਫੁਹਾਰੇ ਦੀ ਤਰ੍ਹਾਂ ਮੇਰੇ ਚਿਹਰੇ ਤੇ ਵੱਜੀ। ਹਾਇ! ਅੱਜ ਪਹਿਲਾ ਦਿਨ ਸੀ ਕਿ ਮੈਂ ਆਪਣੇ ਆਪ ਨੂੰ ਮਾਂ ਦੀ ਪਿਆਰੀ ਕਲਾਈ ਤੋਂ ਛੁਡਾ ਕੇ ਉਸ ਨੂੰ ਧੱਕਾ ਦਿਤਾ ਅਰ ਛੇਤੀ ਨਾਲ ਉਸ ਲਹੂ ਦੀ ਨਾੜ ਨੂੰ ਫੇਰ ਨੱਪਿਆ, ਜਿਸ ਵਿਚ ਮੈਂ ਚਾਹੁੰਦੀ ਸਾਂ ਕਿ ਮੇਰਾ ਸਾਰਾ ਲਹੂ ਚਲਿਆ ਜਾਵੇ ਅਰ ਵਗ ਚੁਕੇ ਲਹੂ ਦਾ ਘਾਟਾ ਪੂਰਾ ਕਰ ਦੇਵੇ। ਮੈਂ ਫੇਰ ਢਿੱਲੀ ਹੋ ਕੇ ਐਸ ਤਰ੍ਹਾਂ ਲੇਟ ਜਾਵਾਂ ਕਿ ਇਹ ਜਿਵੇਂ ਪਿਆ ਹੈ ਤੇ ਇਹ ਮੇਰਾ ਸਿਰ ਚੁੱਕ ਕੇ ਆਪਣੀ ਗੋਦ ਵਿਚ ਰੱਖ ਕੇ ਚਿਹਰੇ ਤੋਂ ਮਿੱਟੀ ਪੂੰਝੇ।

ਵੈਦ ਤੇ ਹਕੀਮ ਹੁਣ ਦੌੜ ਕੇ ਆਏ ਅਰ ਫੱਟੀ ਹੋਈ ਥਾਂ ਮੇਰੇ ਹੱਥੋਂ ਫੜਨ ਲੱਗੇ, ਪਰ ਮੇਰਾ ਹੱਥ ਉਥੋਂ ਹਟਦਾ ਨਹੀਂ ਸੀ। ਪਿਤਾ ਨੇ ਆ ਕੇ ਛੇਤੀ ਨਾਲ ਮੇਰਾ ਹੱਥ ਛੁਡਾਇਆ ਤੇ ਜ਼ੋਰ ਨਾਲ ਮੈਨੂੰ ਆਪਣੀ ਗਲਵਕੜੀ ਵਿਚ ਲੈ ਕੇ ਆਪਣੇ ਕਮਰ ਬੰਦ ਨਾਲ ਮੇਰੇ ਚਿਹਰੇ ਤੋਂ ਲਹੂ ਪੂੰਝਿਆਂ ਤੇ ਕਿਹਾ, ਰਾਠ ਦੀਏ ਬੱਚੀਏ! ਇਹ ਕੀਹ ਹੋ ਗਿਆ ਹੈ? ਤੇਰਾ ਦਿਲ ਤਾਂ ਇਤਨਾ ਕਾਇਰ ਨਹੀਂ ਸੀ? ਪਰ ਮੇਰੇ ਤੇ ਕੀਹ ਅਸਰ ਹੁੰਦਾ ਸੀ, ਹੱਥ ਜੋੜ ਕੇ ਕਿਹਾ, ਬਾਪੂ ਜੀ! ਛੇਤੀ ਲਹੂ ਬੰਦ ਕਰਾਓ, ਮੈਂ ਬੇਦੋਸ਼ੇ ਨੂੰ ਮਾਰਿਆ ਹੈ। ਮੇਰੀ ਆਵਾਜ਼ ਵਿਚ ਕੁਛ ਬਹਾਦਰੀ ਨਹੀਂ ਸੀ, ਕੁਛ ਉਹ ਸੀ ਜਿਸ ਨੂੰ

ਨਿਆਣਪੁਣਾ ਆਖਦੇ ਹਨ, ਕੁਛ ਕਾਂਬਾ ਜਿਹਾ ਤੇ ਥਰਰ ਜੇਹੀ ਸੀ, ਜਿਸ ਨਾਲ ਰਾਠ ਬਾਪੂ ਦਾ ਦਿਲ ਵੀ ਘਬਰਾ ਗਿਆ। ਹੁਕਮ ਦਿਤਾ, ਛੇਤੀ ਜ਼ਖਮ ਨੂੰ ਸੀਵੋਂ। ਵੈਦ ਜੀ ਤੇ ਹਕੀਮ ਜੀ ਨੇ ਫੁਰਤੀ ਕੀਤੀ, ਮਮਿਆਈ ਤੇ ਹੋਰ ਦਵਾਈਆਂ ਅੰਦਰ ਦਿਤੀਆਂ, ਜ਼ਖਮ ਸੀਤਾ, ਬੰਨ੍ਹਿਆਂ। ਹੁਣ ਮੈਂ ਆਖਿਆ, ਬਾਪੂ ਜੀ, ਘਰ ਲੈ ਚੱਲੋ, ਓਥੇ ਸੇਵਾ ਕਰਾਂਗੇ। ਮੇਰਾ ਕਹਿਣਾ ਕੌਣ ਮੋੜ ਸਕਦਾ ਸੀ? ਡੋਲੇ ਵਿਚ ਪਾ ਕੇ ਮੈਂ ਉਸ ਸੂਰਤ ਨੂੰ - ਜਿਸ ਵਰਗਾ ਚੰਗਾ ਮੈਨੂੰ ਹੁਣ ਹੋਰ ਕੋਈ ਨਹੀਂ ਸੀ ਲਗਦਾ - ਮਾੜੀ ਨੂੰ ਲੈ ਟੁਰੀ। ਹੁਣ ਮੈਥੋਂ ਘੋੜੇ ਤੇ ਨਾ ਚੜ੍ਹਿਆ ਜਾਵੇ, ਜੀ ਕਰੇ ਜੋ ਮੈਂ ਡੋਲੇ ਦੇ ਨਾਲ ਨਾਲ ਤੁਰਾਂ ਅਰ ਉਸ ਮੁਖੜੇ ਨੂੰ ਪਲ ਭਰ ਨਜ਼ਰੋਂ ਉਹਲੇ ਨਾ ਹੋਣ ਦਿਆਂ, ਪਰ ਬਾਪੂ ਜੀ ਨੇ ਅੱਜ ਕੁਛ ਜ਼ੋਰ ਦੇ ਕੇ ਮੈਨੂੰ ਘੋੜੇ ਤੇ ਚੜ੍ਹਾਯਾ। ਅਸੀਂ ਘਰ ਆਏ, ਮੈਂ ਆਪਣੇ ਸੌਣ ਵਾਲੇ ਥਾਂ ਉਸ ਦਾ ਡੇਰਾ ਕਰਾਇਆ।

ਮਾਂ ਮੈਨੂੰ ਵੱਖ ਲਿਜਾ ਕੇ ਪੁੱਛਣ ਲੱਗੀ, ਬੱਚੀਏ! ਇਹ ਕੌਣ ਹੈ? ਕਦ ਦਾ ਤੇਰਾ ਜਾਣੂੰ ਹੈ? ਤੈਨੂੰ ਇਸ ਨਾਲ ਏਨੀ ਹੁੱਬ ਕਿਵੇਂ ਹੋ ਆਈ ਹੈ? ਹੈਂ, ਐਨਾਂ ਪ੍ਰੇਮ?

ਮੈਂ ਰੋ-ਰੋ ਕੇ ਕਿਹਾ, ਅੰਮੀ! ਅੱਜ ਤੋਂ ਪਹਿਲੇ ਮੈਂ ਇਸ ਨੂੰ ਕਦੇ ਨਹੀਂ ਡਿੱਠਾ। ਤੀਰ ਮਾਰਨ ਵੇਲੇ ਮੈਨੂੰ ਪਤਾ ਨਹੀਂ ਸੀ ਕਿ ਏਥੇ ਸਭ ਤੋਂ ਚੰਗਾ ਲੱਗਣ ਵਾਲਾ ਆਦਮੀ ਬੈਠਾ ਹੈ। ਮੈਂ ਤਾਂ ਚਿੱਤਰਾ ਜਾਣ ਕੇ ਤੀਰ ਮਾਰਿਆ ਤੇ ਖੁਸ਼ ਸਾਂ ਕਿ ਇਸ ਦੀ ਖੱਲ ਬਾਪੂ ਜੀ ਦੇ ਰਥ ਹੇਠ ਵਿਛਾਵਾਂਗੀ, ਪਰ ਅੰਮੀਏਂ! ਤੀਰ ਚਲਾਉਣ ਵੇਲੇ ਮੇਰੇ ਜੀ ਨੂੰ ਕੁਛ ਹੋਇਆ ਜ਼ਰੂਰ ਸੀ, ਪਤਾ ਨਹੀਂ ਉਹ ਕੀ ਸੀ! ਤੇ ਜਿਹੜਾ ਤੁਸੀਂ 'ਪ੍ਰੇਮ' ਆਖਦੇ ਹੋ, ਇਹ ਕੀ ਹੁੰਦਾ ਹੈ? ਮੈਨੂੰ ਤਾਂ ਇਸ ਦਾ ਪਤਾ ਬੀ ਨਹੀਂ।

ਮਾਂ ਨੇ ਹੱਸ ਕੇ ਕਿਹਾ, ਜੋ ਅਸੀਂ ਤੇਰੇ ਨਾਲ ਕਰਦੇ ਹਾਂ। ਮੈਂ ਕਿਹਾ - ਅੰਮੀਂ! ਉਹ ਤਾਂ ਲਾਡ ਪਿਆਰ ਹੈ। ਮੈਂ ਜਦ ਇਸ ਦੀ ਜਾਣੂ ਨਹੀਂ ਸਾਂ, ਮੈਂ ਇਸ ਨਾਲ ਲਾਡ ਪਿਆਰ ਕਦ ਕਰਨਾ ਸੀ? ਮੇਰਾ ਇਹ ਭੋਲਾਪਨ ਸੁਣ ਕੇ ਮਾਂ ਹੱਸ ਪਈ ਤੇ ਕਹਿਣ ਲੱਗੀ, ਜੋ ਕੁਛ ਸਲੂਕ ਤੂੰ ਇਸ ਨਾਲ ਕਰ ਰਹੀਂ ਹੈ, ਇਹ ਪ੍ਰੇਮ ਹੈ। ਮੈਂ ਕਿਹਾ, ਅੰਮੀ! ਮੈਂ ਤਾਂ ਇਸ ਨਾਲ ਹੁਣ ਬੀ ਲਾਡ ਪਿਆਰ ਨਹੀਂ ਕੀਤਾ। ਨਾੜ ਦੱਬੀ ਹੈ, ਪੈਰ ਘੁੱਟੇ ਹਨ ਤੇ ਚਿਹਰੇ ਤੋਂ ਗਰਦ ਝਾੜੀ ਹੈ, ਲਾਡ ਤਾਂ ਕੋਈ ਨਹੀਂ ਕੀਤਾ, ਉਹ ਤਾਂ ਬੋਲਦਾ ਬੀ ਨਹੀਂ। ਅੰਮੀ ਜੀ! ਇਹ ਮੈਨੂੰ ਡਾਢਾ ਹੀ ਚੰਗਾ ਲਗਦਾ ਹੈ, ਕੋਈ ਹੋਰ ਏਹੋ ਜਿਹਾ ਚੰਗਾ ਕਦੇ ਨਹੀਂ ਲੱਗਾ। ਅੰਮੀ ਬੋਲੀ, ਕੀਹ ਮੇਰੇ ਤੇ ਤੇਰੇ ਬਾਪੂ ਜੀ ਤੋਂ ਬੀ ਚੰਗਾ ਲਗਦਾ ਹੈ? ਮੈਂ ਕਿਹਾ, ਹਾਂ ਅੰਮੀਏ! ਤੁਹਾਥੋਂ ਬੀ ਬਹੁਤ ਹੀ ਚੰਗਾ ਲਗਦਾ ਹੈ। ਤੁਸੀਂ ਨਹੀਂ ਡਿੱਠਾ, ਕਿਸ ਤਰ੍ਹਾਂ ਦਾ ਚੰਗਾ ਹੈ? ਭਲਾ ਤੁਸੀਂ ਕਦੇ ਅੱਗੇ ਐਹੋ ਜਿਹਾ ਮਨੁੱਖ ਡਿੱਠਾ ਹੈ? ਹੈ ਕਿ ਨਹੀਂ ਸਾਰਿਆਂ ਕੋਲੋਂ ਹੋਰਵੇਂ? ਮਾਂ ਜੀ! ਮੈਂ ਡਾਢਾ ਹੀ ਪਾਪ ਕੀਤਾ ਹੈ ਜੋ ਸਭ ਤੋਂ ਚੰਗੇ ਮਨੁੱਖ ਨੂੰ ਐਡੀ ਪੀੜ ਦਿਤੀ ਹੈ। ਇਹੋ ਪਾਪ ਹੈ ਨਾ, ਜਿਸ ਗੱਲ ਨੂੰ ਪੰਡਤ ਜੀ ਇਕ ਦਿਨ ਪਾਪ ਆਖਦੇ ਸੀ ਤੇ ਮੈਂ ਗੁੱਸੇ ਹੋ ਕੇ ਉਠ ਗਈ ਸਾਂ ਤੇ ਬਾਪੂ ਜੀ ਨੂੰ ਕਿਹਾ ਸੀ ਕਿ ਏਹ ਮੈਨੂੰ ਕਾਇਰਾਂ ਵਾਲੀਆਂ ਗੱਲਾਂ ਸੁਣਾਉਂਦਾ ਹੈ। ਉਹ ਮੈਨੂੰ ਹੁਣ ਚੇਤਾ ਆ ਰਿਹਾ ਹੈ ਕਿ ਉਹ ਪਾਪ ਇਹੋ ਗੱਲ ਹੋਣੀ ਹੈ ਜੋ ਅੱਜ ਮੈਥੋਂ ਹੋਇਆ ਹੈ। ਸੋ ਮੈਂ ਹੁਣ ਬਦਲਾ ਦੇਣ ਨੂੰ ਤਿਆਰ ਹਾਂ। ਅੰਮੀਏ! ਜੇ ਇਹ ਮੈਨੂੰ ਤੀਰ ਮਾਰੇ ਤਾਂ ਮੈਂ ਛਾਤੀ ਅੱਗੇ ਕਰਾਂਗੀ ਤੇ ਜੇ ਇਹ ਮੈਨੂੰ ਦਾਸੀ ਬਣਾ ਕੇ ਸੇਵਾ ਕਰਾਵੇ ਤਾਂ ਮੈਂ ਕਰਾਂਗੀ। ਬੀਬੀ ਅੰਮੀ! ਮੈਨੂੰ ਰੋਕਣਾ ਨਾ।

ਇਹ ਸੁਣ ਕੇ ਅੰਮੀ ਪਹਿਲੇ ਤਾਂ ਮੁਸਕਰਾਈ ਪਰ ਫੇਰ ਰੋ ਪਈ। ਮੈਂ ਕਦੇ ਮਾਂ ਦੀਆਂ ਅੱਖਾਂ ਵਿਚ ਪਾਣੀ ਨਹੀਂ ਸੀ ਡਿੱਠਾ, ਨੌਕਰਾਂ ਨੂੰ ਜਦ ਮਾਰੀਏ ਤਾਂ ਉਹ ਲੋਕ ਰੋਂਦੇ ਸਨ। ਮੈਂ ਜਾਣਦੀ ਸਾਂ ਅਸੀਂ ਰਾਣੇ ਲੋਕ ਹਾਂ, ਸਾਡੇ ਨੈਣਾਂ ਵਿਚ ਐਹੋ ਜਿਹਾ ਕੱਚਾ ਪਾਣੀ ਹੈ ਹੀ ਨਹੀਂ, ਪਰ ਅੱਜ ਤਾਂ ਮੈਂ ਆਪ ਰੋਈ ਸਾਂ, ਮੈਂ ਸੋਚਦੀ ਸਾਂ ਕਿ ਮੈਂ ਪਾਪ ਕੀਤਾ ਹੈ ਤੇ ਪੰਡਤ ਜੀ ਨੇ ਪਾਪ ਦੱਸਿਆ ਸੀ, ਨੀਚ ਕਰ ਦੇਂਦਾ ਹੈ, ਮੈਂ ਤਾਂ ਨੀਵੀਂ ਹੋਈ ਹਾਂ, ਪਰ ਅੰਮੀ ਨੇ ਕੋਈ ਪਾਪ ਨਹੀਂ ਕੀਤਾ ਸੀ ਇਹ ਕਿਉਂ ਰੋਈ? ਇੰਨੇ ਨੂੰ ਅੰਮੀ ਬੋਲੀ - "ਬੱਚੀਏ! ਕੀ ਆਖਾਂ? ਤੇਰੇ ਪਿਉ ਦੇ ਹੱਥੋਂ ਲੜਾਈਆਂ ਵਿਚ ਕਈ ਆਦਮੀ ਮੋਏ। ਰਾਜ ਭਾਗ ਖਬਰੇ ਤੇਰੇ ਸਿਰ ਆਵੇ। ਆਲੇ-ਦੁਆਲੇ ਵੈਰੀ ਰਾਏ ਵਸਦੇ ਹਨ, ਜੇ ਤੂੰ ਤਕੜੀ ਨਾ ਹੋਈਓਂ ਤੇ ਲੜ ਕੇ ਫਤਹਿ ਪਾ ਕੇ ਰਾਠ ਨਾ ਬਣੀਓਂ ਤਾਂ ਰਾਜ ਕੀਕੂੰ ਸਾਂਭੇਂਗੀ? ਮਾੜਾ ਤਾਂ ਹੋਯਾ ਪਰ ਕੀਹ ਹੋਇਆ ਇਕ ਕੰਗਲਾ ਮਰ ਗਿਆ ਤਾਂ ਮਰ ਗਿਆ ਸਹੀ। ਇਹ ਸੁਣ ਕੇ ਮੇਰੀਆਂ ਚੀਕਾਂ ਨਿਕਲ ਗਈਆਂ, ਮੈਂ ਨਿਆਣੇ ਬਾਲ ਵਾਂਗੂੰ ਰੋਈ। ਮਾਂ ਨੇ ਛਾਤੀ ਨਾਲ ਲਾ ਕੇ ਪਿਆਰ ਕੀਤਾ ਪਰ ਮੇਰਾ ਰੋਣਾ ਨਾ ਠਲ੍ਹੀਵੇ, ਆਖਾਂ - ਅੰਮੀਏ! ਤੇਰੀਆ ਅੱਖਾਂ ਨੂੰ ਕੀਹ ਹੋ ਗਿਆ ਹੈ? ਉਹ ਸਾਰਿਆਂ ਕੋਲੋਂ ਚੰਗਾ ਆਦਮੀ ਹੈ, ਤਾਂਹੀਓਂ ਤਾਂ ਮੈਨੂੰ ਚੰਗਾ ਲਗਦਾ ਹੈ। ਉਸ ਨੂੰ ਤੂੰ ਕੰਗਲਾ ਆਖਦੀ ਹੈਂ? ਜੇ ਉਹ ਮਰ ਗਿਆ ਤਾਂ ਉਹ ਜਾਣੇ। ਅੰਮੀ! ਜੇ ਉਹ ਮਰ ਗਿਆ ਤਾਂ ਏਹੋ ਤੀਰ ਜਿਸ ਨਾਲ ਮੈਂ ਸਭ ਤੋਂ ਉੱਚੇ ਨੂੰ ਮਾਰਿਆ ਹੈ, ਮੈਂ ਆਪਣੀ ਛਾਤੀ ਪੁਰੋਵਾਂਗੀ ਤੇ ਤੇਰੀ ਗੋਦ ਵਿਚ ਨਹੀਂ ਖੇਡਾਂਗੀ ਤੇ ਬਾਪੂ ਜੀ ਨੂੰ ਗਲਵੱਕੜੀ ਨਹੀਂ ਪਾਵਾਂਗੀ। ਅੰਮੀਏ! ਤੈਨੂੰ ਕੀ ਹੋ ਗਿਆ ਹੈ? ਜਿਹੜੀਆਂ ਚੀਜ਼ਾਂ ਮੈਨੂੰ ਸੋਹਣੀਆਂ ਲਗਦੀਆਂ ਸਨ ਤੂੰ ਚਾਉ ਨਾਲ ਉਨ੍ਹਾਂ ਨੂੰ ਲੈਂਦੀ ਤੇ ਕਹਿੰਦੀ ਹੁੰਦੀ ਸੈਂ ਕਿ ਇਹ ਬਹੁਤ ਸੋਹਣੀਆਂ ਹਨ, ਅੱਜ ਤੂੰ ਮੈਨੂੰ ਸਭ ਤੋਂ ਚੰਗਾ ਲੱਗਣ ਵਾਲੇ ਨੂੰ 'ਕੰਗਾਲ ਮਰ ਗਿਆ ਤਾਂ ਕੀਹ ਹੋਇਆ' ਆਖਦੀ ਹੈਂ। ਵੈਦ ਨੂੰ ਸੱਦ ਖਾਂ ਵੇਖੇ ਮੇਰੀਆਂ ਅੱਖਾਂ ਵਿਚ ਡੋਰੇ ਦਾ ਜਾਲਾ ਤਾਂ ਨਹੀਂ ਪੈ

ਗਿਆ ਜਾਂ ਤੇਰੀਆਂ ਅੱਖਾਂ ਵਿਚ ਤਾਂ ਨਹੀਂ ਪੈ ਗਿਆ? ਹਾਇ! ਹੁਣ ਅੰਮੀਏ! ਮੇਰੀ ਛਾਤੀ ਤੇ ਹੱਥ ਰੱਖ, ਏਥੇ ਕੁਛ ਉਛਲਦਾ ਹੈ। ਇਹ ਕੀ ਹੈ? ਮੇਰਾ ਜੀ ਏਸ ਉਛਾਲੇ ਤੋਂ ਘਬਰਾਂਦਾ ਹੈ। ਜੋ ਤੂੰ ਆਖੇਂ, ਉਹ ਚੰਗਾ ਹੈ ਤੇ ਤੈਨੂੰ ਬੀ ਚੰਗਾ ਲਗਦਾ ਹੈ ਤੇ ਅਸੀਂ ਉਸ ਦੀ ਸੇਵਾ ਕਰਾਂਗੇ ਤਦ ਤਾਂ ਇਹ ਉਛਾਲਾ ਘਟਦਾ ਹੈ ਤੇ ਜੀ ਲਗਦਾ ਹੈ, ਨਹੀਂ ਤਾਂ ਛਾਤੀ ਵਿਚ ਕੁਛ ਉਛਾਲਾ ਹੋ ਕੇ ਮੇਰੇ ਸਿਰ ਨੂੰ ਪਿਆ ਚੜ੍ਹਦਾ ਹੈ ਤੇ ਨੈਣ ਥੰਮ੍ਹੀਦੇ ਨਹੀਂ। ਆਹ! ਵੇਖ ਮੇਰੇ ਹੰਝੂ ਠਲ੍ਹੀਦੇ ਨਹੀਂ, ਲੈ ਕਰ ਬੁੱਕ ਤੇ ਭਰ ਕੇ ਵੇਖ ਲੈ। ਦੱਸ ਅੰਮੀਏ! ਹੁਣ ਮੈਂ ਕੀਹ ਕਰਾਂ?

ਮੇਰਾ ਇਹ ਹਾਲ ਦੇਖ ਕੇ ਅੰਮੀਂ ਆਖਣ ਲੱਗੀ, ਰੋ ਨਾ, ਉਹ ਚੰਗਾ ਤਾਂ ਹੈ, ਚੰਗਾ ਲਗਦਾ ਬੀ ਹੈ; ਤੈਨੂੰ ਜੋ ਚੰਗਾ ਲੱਗੇ ਮੈਨੂੰ ਕਦੇ ਮਾੜਾ ਨਹੀਂ ਲੱਗਾ, ਪਰ ਕੰਗਲਾ ਤਾਂ ਮੈਂ ਏਸ ਕਰਕੇ ਕਿਹਾ ਸੀ ਕਿ ਜੋ ਉਹ ਕੋਈ ਸਾਊ ਥੋੜਾ ਹੈ। ਕੋਈ ਕੰਮੀ ਕਾਦੂ ਲੋਕ ਹੋਊ, ਮਰਗਿਆ ਤਾਂ ਤੂੰ ਦੁਖ ਨਾ ਕਰੀਂ। ਮੈਂ ਕਿਹਾ, ਅੰਮੀ! ਕੱਪੜੇ ਡਾਢੇ ਚਿੱਟੇ ਨਹੀਂ, ਪਰ ਮੱਥਾ ਤਾਂ ਕਿਸੇ ਸਾਊ ਦਾ ਐਡਾ ਚੌੜਾ ਗੋਲ ਤੇ ਚਮਕਦਾ ਨਹੀਂ ਹੁੰਦਾ ਤੇ ਜੇ ਬਾਪੂ ਜੀ ਉਸ ਨੂੰ ਭੌਂ ਤੇ ਡੰਗਰ ਦੇ ਦੇਣ ਤਾਂ ਟੱਲੇ ਬੀ ਆਪੇ ਚਿੱਟੇ ਹੋ ਜਾਣ। ਪਰ ਅੱਛਾ, ਮਾਂ ਜੀ! ਜਿਸ ਵੇਲੇ ਉਸ ਨੇ ਅੱਖਾਂ ਖੋਲ੍ਹੀਆਂ ਤੇ ਤੁਸਾਂ ਵੇਖੀਆਂ ਤਾਂ ਤੁਸੀਂ ਆਪ ਆਖੋਗੇ ਕਿ ਇਹ ਤਾਂ ਲਾਹੌਰ ਦਾ ਫੌਜਦਾਰ ਹੈ।

ਮਾਂ ਸੁਣ ਕੇ ਬੋਲੀ, ਹੁਣ ਤੂੰ ਮੈਨੂੰ ਇਹ ਦਸ ਜੋ ਤੂੰ ਕਿਸੇ ਗੱਲੇ ਰਾਜ਼ੀ ਹੈਂ? ਮੈਂ ਕਿਹਾ, ਜੇ ਉਹ ਮੇਰੇ ਕੋਲ ਰਹਵੇ, ਵੈਦ ਤੇ ਹਕੀਮ ਬਾਹਰ ਹਾਜ਼ਰ ਰਹਿਣ, ਮੈਂ ਸੇਵਾ ਕਰਾਂ, ਉਹ ਦਾਰੂ ਕਰਨ ਇਕ ਵੇਰੀ ਰਾਜ਼ੀ ਹੋ ਜਾਵੇ ਤੇ ਮੈਂ ਆਖਾਂ - ਹੇ ਸਭ ਤੋਂ ਉੱਚੇ ਮਨੁੱਖ! ਮੈਂ ਤੇਰਾ ਪਾਪ ਕੀਤਾ ਹੈ, ਮੈਨੂੰ ਜੋ ਜੀ ਆਵੇ ਡੰਨ ਦੇਹ।

ਮਾਂ ਦੇ ਜੀ ਵਿਚ ਖਬਰੇ ਕੀਹ ਆਈ, ਕਹਿਣ ਲੱਗੀ, ਟਹਿਲਣਾਂ ਬਾਂਦੀਆਂ ਬਥੇਰੀਆਂ ਹਨ ਪਰ ਜੇ ਤੇਰਾ ਜੀਉ ਆਪੇ ਹੀ ਟਹਿਲ ਕਰਨੀ ਮੰਗੇ ਤਾਂ ਚੰਗਾ, ਤੂੰ ਸੇਵਾ ਕਰੀਂ ਵੈਦ ਹਕੀਮ ਏਥੇ ਹੀ ਰਹਿ ਪੈਣਗੇ। ਸੋ ਵੈਦ ਹਕੀਮ ਆ ਗਏ, ਮੈਂ ਲੱਗੀ ਸੇਵਾ ਕਰਨ। ਜਿਸ ਤਰ੍ਹਾਂ ਮੇਰੀਆਂ ਟਹਿਲਣਾ ਮੇਰੀ ਸੇਵਾ ਕਰਦੀਆਂ ਸਨ, ਉਸ ਤਰ੍ਹਾਂ ਮੇਰਾ ਜੀ ਉਸ ਦੀ ਸੇਵਾ ਵਿਚ ਲੱਗਿਆ। ਮੇਰਾ ਆਪਣਾ ਪਲੰਘ ਡਾਢਾ ਹੀ ਨਰਮ ਸੀ, ਮੈਂ ਉਸ ਉਤੇ ਉਸ ਨੂੰ ਪਾਇਆ, ਸਾਰਾ ਦਿਨ ਕੋਲ ਬੈਠੀ ਪੱਖਾ ਕਰਦੀ ਰਹਵਾਂ ਤੇ ਚਿਹਰੇ ਨੂੰ ਤੱਕਦੀ ਰਹਵਾਂ ਤੇ ਉਡੀਕਾਂ ਜੋ ਕਦ ਅੱਖਾਂ ਖੁਲ੍ਹਣ ਤੇ ਮੈਂ ਵੇਖਾਂ, ਕਦ ਬੁੱਲ ਖੁਲ੍ਹਣ ਤੇ ਉਹ ਸ੍ਰੀ ਵਾਹਿਗੁਰੂ ਫੇਰ ਸੁਣਾਂ।

*'ਚਲਦਾ...........।'*

*(ਪੰਨਾ 35 ਦੀ ਬਾਕੀ)*

*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*

*ਅੰਗ- ੧੩੬*

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*

*ਅੰਗ- ੬੫੧*

*ਮੂਤ ਪਲੀਤੀ ਕਪੜੁ ਹੋਇ ॥ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ- ੪*

ਜਨਮਾਂ-ਜਨਮਾਂ ਦੀ ਮੈਲ ਲੱਗੀ ਹੋਈ ਹੁਣ ਵੀ ਇਕੱਠੀ ਕਰੀ ਜਾਂਦੇ ਹਾਂ। ਇਸੇ ਕਰਕੇ ਵਿਛੜੇ ਪਏ ਹਾਂ -

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*

*ਅੰਗ- ੧੩੩*

ਅੰਤਮ ਨਿਸ਼ਾਨਾ ਹੈ ਹਰੀ ਦਾ ਨਾਮ ਸੁਣਨਾ ਹੈ, ਧਿਆਨ 'ਚ ਬੈਠੇ ਫੇਰ ਹੀ ਸੁਣ ਹੋਵੇਗਾ। ਫੇਰ ਅਸਲ ਜ਼ਿੰਦਗੀ ਦਾ ਜੋ ਮਨੋਰਥ ਹੈ, ਉਹ ਕਾਰਜ ਪੂਰਾ ਹੋ ਜਾਵੇਗਾ। ਇਹੀ ਕੰਮ ਕਰਨ ਵਾਸਤੇ ਅਸੀਂ ਆਏ ਹਾਂ। ਰੋਜ਼ ਅਭਿਆਸ ਕਰਨ ਦੇ ਨਾਲ ਕਿੱਡੀ ਅਵਸਥਾ ਮਿਲ ਜਾਂਦੀ ਹੈ। ਇਹ ਨਹੀਂ ਕਿ ਇਕ ਦਿਨ ਕਰ ਲਿਆ। ਹਰ ਰੋਜ਼ ਕਰੋ -

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥* *ਅੰਗ- ੨੮੬*

ਸਵਾਸ ਦੇ ਨਾਲ ਸਿਮਰਨ ਕਰੋ। ਅੰਦਰ ਨੂੰ ਸਵਾਸ ਜਾਂਦੈ, ਵਾਹਿ..........।ਬਾਹਰ ਨੂੰ ਆਉਂਦੈ ਗੁਰੂ.............ਕਹੋ। ਸਾਹ ਭਰ ਕੇ ਲਓ, ਪੇਟ ਬਾਹਰ ਨੂੰ ਆ ਜਾਵੇ। ਤੇ ਜਦੋਂ ਛੱਡਣਾ ਹੈ ਪੇਟ ਪੂਰਾ ਅੰਦਰ ਲਗ ਜਾਵੇ। ਜਦੋਂ ਸਾਹ ਲੈਣਾ ਹੈ ਉਦੋਂ ਪੂਰੀ ਆਕਸੀਜਨ ਅੰਦਰ ਜਾਵੇ। ਜਦੋਂ ਬਾਹਰ ਕੱਢਣਾ ਹੈ, ਪੂਰੀ ਕਾਰਬਨ ਡਾਈਆਕਸਾਈਡ ਬਾਹਰ ਆ ਜਾਵੇ। ਅੰਦਰੋਂ ਪੂਰੀ ਸਫਾਈ ਹੋ ਜਾਵੇ। ਇਹ ਮੈਡੀਟੇਸ਼ਨ ਦੀ ਅੰਦਰਲੀ ਟੈਕਨੀਕ ਹੈ। ਇਹਦੇ ਵਿਚ ਜੁਗਤੀ ਹੁੰਦੀ ਹੈ। ਮਹਾਂਪੁਰਸ਼ਾਂ ਨੇ 'ਆਤਮ ਮਾਰਗ' ਮੈਗਜ਼ੀਨ ਸ਼ੁਰੂ ਕੀਤਾ। ਇਸ ਵਿਚ ਸਾਰੀਆਂ ਜੁਗਤੀਆਂ ਉਹਨਾਂ ਨੇ ਦਰਸਾਈਆਂ ਹਨ।

*ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ।*

# ਜਨ ਪਰਉਪਕਾਰੀ ਆਏ
## (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-52)*

*ਮਾਤਾ ਸੇ ਸਤਿਗੁਰੂ ਕੀ ਕੀਯਾ ਇਸ ਨੇ ਯਿਹ ਖਿਤਾਬ।*
*ਗਾਓਂ ਮਿਰਾ ਕਰੀਬ ਹੈ ਚਲੀਏ ਵਹਾਂ ਜਨਾਬ।*
*ਖੇੜੀ ਮੇਂ ਜਾ ਬਿਰਾਜੇ ਯਿਹ ਅਲ-ਕਿੱਸਾ ਸ਼ਾਮ ਕੋ।*
*ਕੋਠਾ ਬ੍ਰਾਹਮਨ ਨੇ ਦੀਯਾ ਇਕ ਕਯਾਮ ਕੋ।*
*ਨੌਕਰ ਕਾ ਘਰ ਸਮਝ ਕੇ ਵੁਹ ਬੇਫਿਕਰ ਹੋ ਗਏ।*
*ਲਗ ਗਲੇ ਸੇ ਦਾਦੀ ਕੇ ਸ਼ਹਜ਼ਾਦੇ ਸੋ ਗਏ।*
*ਮਾਤਾ ਕੇ ਸਾਥ ਡੱਬਾ ਥਾ ਇਕ ਜ਼ੇਵਰਾਤ ਕਾ।*
*ਲਲਚਾ ਜਿਸੇ ਥਾ ਦੇਖ ਜੀ ਬਦ-ਸਿਫਾਤ ਕਾ।*
*ਕਹਤੇ ਹੈਂ ਜਬ ਵਕਤ ਹੂਆ ਆਧੀ ਰਾਤ ਕਾ।*
*ਜੀ ਮੇਂ ਕੀਯਾ ਨ ਖੌਫ ਆਕਾ ਕੀ ਮਾਤ ਕਾ।*
*ਮੁਹਰੋਂ ਕਾ ਬਦਰਾ ਔਰ ਵੁਹ ਡਬਾ ਉੜਾ ਗਯਾ।*
*ਧੋਖੇ ਸੇ ਬਰਹਮਨ ਵੁਹ ਖਜ਼ਾਨਾ ਚੁਰਾ ਗਯਾ।*

*(ਸ਼ਹੀਦਾਨਿ ਵਫਾ)*

ਥਕਾਵਟ ਨਾਲ ਚੂਰ ਹੋਏ ਸਾਹਿਬਜ਼ਾਦੇ ਦਾਦੀ ਮਾਂ ਦੀ ਨਿਘੀ ਗੋਦ ਵਿਚ ਸੌਂ ਗਏ ਪਰ ਦਾਦੀ ਮਾਂ ਨੂੰ ਐਸੇ ਹਾਲਾਤ ਵਿਚ ਨੀਂਦ ਕਿਥੇ, ਉਹ ਤਾਂ ਭਜਨ ਕਰਦੀ ਹੋਈ ਜਾਗ ਰਹੀ ਸੀ। ਅੱਧੀ ਰਾਤ ਵੇਲੇ ਗੰਗੂ ਨੇ ਮੌਕਾ ਤਾੜ ਕੇ ਗਹਿਣਿਆਂ ਦਾ ਡੱਬਾ ਤੇ ਮੁਹਰਾਂ ਵਾਲੀ ਖੁਰਜੀ ਚੁਰਾ ਕੇ ਕਿਸੇ ਥਾਂ ਲਿਜਾ ਕੇ ਦੱਬ ਦਿਤੀ, ਬਾਦ ਵਿਚ ਚੋਰ-ਚੋਰ ਕਹਿਕੇ ਆਪੇ ਰੌਲਾ ਪਾਉਣ ਲਗ ਪਿਆ।

ਮਾਤਾ ਜੀ ਨਜ਼ਾਕਤ ਨੂੰ ਸਮਝਦੇ ਹੋਏ ਉਦੋਂ ਚੁਪ ਰਹੇ ਤੇ ਸਵੇਰੇ ਉਸ ਕੋਲੋਂ ਪੁਛਿਆ ਕਿ ਧਨ ਕਿਧਰ ਗੈਬ ਹੋ ਗਿਆ? ਕਹਿੰਦਾ ਮਾਤਾ ਜੀ! ਕੋਈ ਚੋਰੀ ਕਰਕੇ ਲੈ ਗਿਆ। ਮਾਤਾ ਜੀ ਕਹਿੰਦੇ ਜੇ ਤੈਨੂੰ ਲੋੜ ਸੀ ਮੈਥੋਂ ਮੰਗ ਲੈਂਦਾ, ਚੋਰੀ ਕਰਨ ਦੀ ਕੀ ਲੋੜ ਸੀ। ਕੀ ਤੂੰ ਭੁੱਲ ਗਿਆ ਕਿ ਮੈਂ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਹਾਂ। 'ਧਨ ਦੀ ਉਸ ਵਾਸਤੇ ਕੋਈ ਅਹਿਮੀਅਤ ਨਹੀਂ ਹੁੰਦੀ ਜਿਸ ਨੇ ਪਤੀ ਦੀ ਸ਼ਹੀਦੀ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਹੋਵੇ'। ਤੂੰ ਸਾਰਾ ਧਨ ਮੰਗਦਾ ਤੈਨੂੰ ਮਿਲ ਜਾਣਾ ਸੀ।

*ਜਿਸ ਘਰ ਤੂ ਗੁਲਾਮ ਥਾ ਉਸ ਸੇ ਦਗਾ ਕੀਯਾ।*
*ਲਾ ਕਰ ਕੇ ਘਰ ਮੇਂ ਯਿਹ ਕਯਾ ਬੇਵਫਾ ਕੀਯਾ।*
*ਜ਼ਰ ਕੇ ਲੀਏ ਸਵਾਲ ਨਾ ਕਯੋਂ ਬਰਮਲਾ ਕੀਯਾ।*
*ਮਾਤਾ ਹੂੰ ਕਲਗੀਧਰ ਕੀ ਤੁਝੇ ਕਯਾ ਖਬਰ ਨ ਥੀ।*
*ਤੇਰੀ ਤਰਹ ਤੋ ਮੁਝਕੋ ਜ਼ਰਾ ਹਿਰਸ-ਏ-ਜ਼ਰ ਨ ਥੀ।*

*(ਸ਼ਹੀਦਾਨਿ ਵਫਾ)*

ਇਹ ਸੁਣ ਕੇ ਅੱਗ-ਬਬੂਲਾ ਹੋ ਗਿਆ 'ਨਾਲੇ ਚੋਰ, ਨਾਲ ਚਤੁਰਾਈ' ਸ਼ਰਮਿੰਦਗੀ ਦੀ ਬਜਾਇ ਜ਼ੋਰ ਜ਼ੋਰ ਦੀ ਬੋਲਣ ਲੱਗ ਪਿਆ। ਬੇਈਮਾਨ ਤੇ ਅਹਿਸਾਨ-ਫਰਾਮੋਸ਼ ਕਹਿੰਦਾ ਮੇਰੇ ਘਰ ਸ਼ਰਨ ਲੈਣ ਦੀ ਇਹ ਸਜ਼ਾ ਹੈ? ਕਿ ਤੁਸੀਂ ਆਪ ਤਾਂ ਨਵਾਬ ਤੋਂ ਛੁਪੇ ਫਿਰਦੇ ਹੋ ਤੇ ਉਲਟਾ ਮੈਨੂੰ ਕਹਿੰਦੇ ਹੋ ਕਿ ਮੈਂ ਧਨ ਛੁਪਾ ਕੇ ਚੋਰੀ ਕੀਤੀ ਹੈ।

*ਉਪਦੇਸ਼ ਮਾਤਾ ਗੁਜਰੀ ਕਾ ਸੁਨਕਰ ਵੁਹ ਬੇ-ਹਯਾ।*
*ਸ਼ਰਮਿੰਦਾ ਹੋਨੇ ਕੀ ਜਗਹ ਚਿਲਾਨੇ ਲਗ ਗਯਾ।*
*ਬਕਤਾ ਥਾ ਜ਼ੋਰ ਜ਼ੋਰ ਸੇ ਦੇਖੋ ਗਜ਼ਬ ਹੋ ਗਯਾ।*
*ਤੁਮ ਕੋ ਪਨਾਹ ਦੇਨੇ ਕੀ ਕਯਾ ਥੀ ਯਹੀ ਸਜ਼ਾ।*
*ਫਿਰਤੇ ਹੋ ਜਾਂ ਛੁਪਾਏ ਹੂਏ ਖੁਦ ਨਵਾਬ ਸੇ।*
*ਕਹਤੇ ਹੋ ਮੁਝ ਕੋ ਚੋਰ ਫਿਰ ਕਿਸ ਹਿਸਾਬ ਸੇ।*

*(ਸ਼ਹੀਦਾਨਿ ਵਫਾ)*

ਇਹ ਕਹਿ ਕੇ ਚੁੱਪ-ਚਾਪ ਮੋਰਿੰਡੇ ਕੋਤਵਾਲੀ ਵਿਚ ਰੰਘੜ ਜਾਨੀ ਖਾਂ ਤੇ ਮਾਨੀ ਖਾਂ ਨੂੰ ਖਬਰ ਦਿਤੀ, ਜਿਹੜੇ ਸੂਬਾ ਸਰਹੰਦ ਦੇ ਜਾਸੂਸ ਕੋਤਵਾਲ ਸਨ। ਕਹਿੰਦਾ ਮੇਰੇ ਘਰ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਜੀ ਤੇ ਸਾਹਿਬਜ਼ਾਦੇ ਹਨ। ਬਦਨੀਤ ਗੰਗੂ ਉਨ੍ਹਾਂ ਨੂੰ ਚੜ੍ਹਾ ਕੇ ਲੈ ਆਇਆ ਤੇ ਤਿੰਨਾਂ ਰੱਬੀ ਰੂਹਾਂ ਨੂੰ ਗ੍ਰਿਫਤਾਰ ਕਰਵਾ ਦਿਤਾ। ਕਹਿੰਦੇ ਹਨ ਕਿ ਇਸ ਨੇ ਐਸੀ ਬਦਨਾਮੀ ਤੇ ਲਾਹਨਤ ਵਾਲਾ ਕੰਮ ਕੀਤਾ ਹੈ ਜਿਸ ਨੂੰ ਕੋਈ ਸੋਚ ਵੀ ਨਹੀਂ ਸਕਦਾ। ਕਿਉਂਕਿ ਅਜਿਹੇ ਅਕ੍ਰਿਤਘਣ-ਪੁਣੇ ਦੇ 'ਕਰਮ' ਨੂੰ ਸਰੰਜਾਮ ਦੇਣ ਤੋਂ ਦੁਸ਼ਮਨ ਵੀ ਗੁਰੇਜ਼ ਕਰਦਾ ਹੈ ਤੇ ਇਹ ਤਾਂ ਗੁਰੂ ਘਰ ਦਾ ਚਾਕਰ ਸੀ। ***ਚੁਪ ਚਾਪ ਘਰ ਸੇ ਚਲ ਦੀਯਾ ਫਿਰ ਵੂਹ ਨਮਕ ਹਰਾਮ।***

*ਪਹੁੰਚਾ ਵੁਹ ਇਸ ਜਗਹ ਮੋਰਿੰਡਾ ਥਾ ਜਿਸ ਕਾ ਨਾਮ।*
*ਮੁਖਬਿਰ ਨਵਾਬ ਕੇ ਰਖਤੇ ਥੇ ਕੁਛ ਕਯਾਮ।*
*ਖੁਫੀਯਾ ਕੁਛ ਉਨ ਸੇ ਕਰਨੇ ਲਗਾ ਬਦਸਯਰ ਕਲਾਮ।*
*ਦੁਨੀਯਾ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਯਾ।*
*ਦੁਸ਼ਮਨ ਭੀ ਜੋ ਨ ਕਰਤਾ ਵੁਹ ਯਿਹ ਕਾਮ ਕਰ ਗਯਾ।*

*(ਸ਼ਹੀਦਾਨਿ ਵਫਾ)*

ਸਾਹਿਬਜ਼ਾਦੇ ਤੇ ਮਾਤਾ ਜੀ ਇਕ ਰਾਤ ਮੋਰਿੰਡੇ ਕੋਤਵਾਲੀ ਦੀ ਹਿਰਾਸਤ ਵਿਚ ਰਹੇ ਤੇ ਦੂਜੇ ਦਿਨ ਸਵੇਰੇ ਹੀ ਬੈਲ ਗੱਡੀ ਤੇ ਬਿਠਾ ਕੇ ਸਰਹੰਦ ਲੈ ਗਏ। ਨਵਾਬ ਨੂੰ ਜਦੋਂ ਖਬਰ ਦਿਤੀ, ਕਹਿੰਦਾ ਇਨ੍ਹਾਂ ਨੂੰ ਠੰਡੇ ਬੁਰਜ ਵਿਚ ਕੈਦ ਕਰ ਦਿਓ। ਇਸ ਗੱਲ ਦੀ ਖਬਰ ਸਾਰੇ ਸ਼ਹਿਰ ਵਿਚ ਧੁੰਮ ਗਈ ਤੇ ਹਰ ਥਾਂ ਹਾਹਾਕਾਰ ਮਚ ਗਈ ਕਿ ਜਗਤ ਗੁਰੂ ਜੀ ਦੇ ਬੇਟੇ ਤੇ ਮਾਤਾ ਜੀ ਬੁਰਜ

ਵਿਚ ਕੈਦ ਹਨ। ਦਾਦੀ ਮਾਂ ਨੇ ਭੁਖੇ ਪੇਟ, ਕਕਰ ਪਾਲੇ ਦੀ ਰਾਤ ਬੱਚਿਆਂ ਨੂੰ ਗੋਦੀ ਦੇ ਨਿਘ ਵਿਚ ਕਟਾਈ ਤੇ ਸੂਰਜ ਚੜ੍ਹਦੇ ਨਾਲ ਹੀ ਸਿਪਾਹੀ ਬੱਚਿਆਂ ਨੂੰ ਸੂਬੇ ਦੀ ਕਚਿਹਰੀ ਵਿਚ ਪੇਸ਼ ਕਰਨ ਵਾਸਤੇ ਲਿਜਾਂਦੇ ਹੋਏ ਕਹਿੰਦੇ ਹਨ, ਬੱਚਿਓ! ਨਵਾਬ ਨੂੰ ਝੁਕ ਕੇ ਸਲਾਮ ਕਰਿਓ। ਜਦੋਂ ਵੜਦੇ ਸਾਰ ਹੀ ਸਾਹਿਬਜ਼ਾਦਿਆਂ ਨੇ ਗੱਜ ਕੇ 'ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ।' ਬੁਲਾਈ ਤਾਂ ਸਾਰਿਆਂ ਦੇ ਮੂੰਹ ਅੱਡੇ ਰਹਿ ਗਏ ਤੇ ਮੂੰਹ ਵਿਚ ਉਂਗਲਾਂ ਪਾ ਕੇ ਇਕ ਦੂਜੇ ਵੱਲ ਤੱਕਦੇ ਹਨ। ਨਵਾਬ ਨਰਮ ਵਤੀਰੇ ਨਾਲ ਕਹਿੰਦਾ ਹੈ, ਬੱਚਿਓ! ਤੁਹਾਡੇ ਪਿਤਾ ਜੀ ਜੰਗ ਵਿਚ ਸ਼ਹੀਦ ਹੋ ਚੁੱਕੇ ਹਨ। ਤੁਸੀਂ ਯਤੀਮ ਹੋ ਚੁਕੇ ਹੋ, ਦੀਨੇ-ਇਸਲਾਮ ਕਬੂਲ ਕਰ ਲਵੋ, ਬਾਦਸ਼ਾਹ ਨੂੰ ਕਹਿਕੇ ਤੁਹਾਨੂੰ ਵੱਡੇ ਮੁਰਾਤਬੇ ਦੇ ਕੇ ਸ਼ਾਹੀ ਕੰਨਿਆਵਾਂ ਨਾਲ ਤੁਹਾਡਾ ਨਿਕਾਹ ਕਰ ਦਿਆਂਗੇ, ਐਸ਼ੋ-ਆਰਾਮ ਦੀ ਜਿੰਦਗੀ ਬਸਰ ਕਰੋਗੇ।

*ਤੁਮੈ ਸ਼ਾਹ ਕੋ ਮੇਲ ਕਰਾਵੈਂ।*
*ਬਹੁ ਦੇਸਨ ਕੋ ਰਾਜ ਦਿਵਾਵੈਂ।*
*ਪਟ ਭੂਖਨ ਤੁਮ ਅਨਗਨ ਦੈ ਹੈ।*
*ਦੁਖਤਰ ਸਹਿਤ ਸੁਬ ਤੁਮ ਕੈ ਹੈ।*

*(ਗੁਰ ਬਿਲਾਸ ਭਾਈ ਮਨੀ ਸਿੰਘ ਜੀ)*

ਸਾਹਿਬਜ਼ਾਦੇ ਕਹਿੰਦੇ, ਉਹ ਜਿੰਦਾ ਹਨ, ਸਾਡੇ ਪਿਤਾ ਜੀ ਨੂੰ ਮਾਰਨ ਵਾਲਾ ਸੰਸਾਰ ਤੇ ਕੋਈ ਨਹੀਂ ਪੈਦਾ ਹੋਇਆ।

*ਸ੍ਰੀ ਸਤਿਗੁਰ ਜੋ ਪਿਤਾ ਹਮਾਰਾ।*
*ਜਗ ਮਹਿ ਕੌਨ ਸਕਹਿ ਤਿਹ ਮਾਰਾ?*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਅਸੀਂ ਸ਼ਰ੍ਹਾ ਵਿਚ ਨਹੀਂ ਆਉਣਾ, ਸਾਨੂੰ ਆਪਣਾ ਨਿਜ ਧਰਮ ਪਿਆਰਾ ਹੈ। ਸਾਨੂੰ ਤੁਹਾਡੇ ਕਿਸੇ ਐਸ਼ਵਰਜ ਤੇ ਨਵਾਬੀਆਂ ਦੀ ਲੋੜ ਨਹੀਂ। ਦਲੇਰੀ ਵਾਲਾ ਕਰੜਾ ਜਵਾਬ ਸੁਣ ਕੇ ਨਵਾਬ ਕਹਿੰਦਾ, ਬੱਚਿਓ! ਹੁਣ ਜਾਓ, ਕਲ੍ਹ ਸੋਚ ਕੇ ਦਸ ਦੇਣਾ, ਜੇ ਨਹੀਂ ਮੰਨੇ ਤਾਂ ਜਾਨ ਤੋਂ ਹੱਥ ਧੋ ਬੈਠੋਗੇ। ਮਾਤਾ ਗੁਜਰੀ ਜੀ ਕੋਲ ਜਾ ਕੇ ਸਾਰਾ ਹਾਲ ਦੱਸਦੇ ਹਨ। ਮਾਤਾ ਜੀ ਗੋਦੀ ਵਿਚ ਲੈ ਕੇ ਪਿਆਰ ਨਾਲ ਲਾਲਾਂ ਦੇ ਮੱਥੇ ਚੁੰਮਦੇ ਹਨ। ਰਾਤ ਨੂੰ ਵੱਡੇ ਗੁਰੂ ਸਾਹਿਬਾਨ ਦੀਆਂ ਸਾਖੀਆਂ, ਗੁਰੂ ਅਰਜਨ ਦੇਵ ਜੀ ਅਤੇ ਦਾਦਾ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸਾਕਾ ਸੁਣਾ ਕੇ ਪੋਤਰਿਆਂ ਦੇ ਹੌਸਲੇ ਬੁਲੰਦ ਕਰਦੇ ਹੋਏ ਕਹਿੰਦੇ ਹਨ "ਮੇਰੇ ਲਾਡਲਿਓ! ਸਰੀਰ ਭਾਵੇਂ ਚਲਾ ਜਾਏ ਪਰ ਧਰਮ ਤੋਂ ਨਹੀਂ ਡੋਲਣਾ"।

ਭਾਈ ਮਹਿਰਾ ਜੀ ਜੇਲ੍ਹ ਅੰਦਰ ਹਿੰਦੂ ਕੈਦੀਆਂ ਨੂੰ ਭੋਜਨ ਦੇਣ ਦੀ ਡਿਊਟੀ ਕਰਦੇ ਸਨ, ਉਸ ਨੂੰ ਪਤਾ ਲੱਗਿਆ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਠੰਡੇ ਬੁਰਜ ਵਿਚ ਭੁੱਖੇ ਹਨ। ਉਸ ਨੇ ਘਰੋਂ ਗਰਮ ਦੁੱਧ ਦਾ ਗੜਵਾ ਲਿਆ ਤੇ ਪਹਿਰੇਦਾਰ ਸਿਪਾਹੀਆਂ ਨੂੰ ਸੋਨੇ ਦੇ ਗਹਿਣੇ ਰਿਸ਼ਵਤ ਦੇ ਕੇ ਠੰਡੇ ਬੁਰਜ 'ਚ ਪਹੁੰਚ ਕੇ ਤਿੰਨਾਂ ਨੂੰ ਦੁੱਧ ਛਕਾਉਣ ਦੀ ਸੇਵਾ ਕੀਤੀ ਤੇ ਇਸ ਦੇ ਪ੍ਰੇਮ ਨੂੰ ਦੇਖ ਕੇ ਮਾਤਾ ਜੀ ਨੇ ਅਸੀਸ ਦਿਤੀ -

*ਪਿਖ ਕੇ ਪ੍ਰੇਮ ਸੁ ਮੋਤੀ ਕੇਰਾ।*
*ਮਾਤਾ ਕਹਯੋ ਭਲਾ ਹੋਏ ਤੇਰਾ।*

(ਜ਼ੁਲਮੀ ਸੂਬੇ ਵੱਲੋਂ ਇਸ ਪਰਉਪਕਾਰੀ ਨੂੰ "ਸ਼ਹੀਦੀ ਸਾਕੇ" ਮਗਰੋਂ ਸਣੇ-ਟੱਬਰ ਕੋਹਲੂ 'ਚ ਪੀੜਨ ਦਾ ਹੁਕਮ ਕੀਤਾ ਗਿਆ ਸੀ।)

ਸੂਬਾ ਸਰਹੰਦ ਨੇ ਹਿੰਦੂ ਘਰਾਣੇ ਦੀ ਇਕ ਬੇਗਮ ਜ਼ੈਨਾਂ ਨਾਲ ਜ਼ਬਰਦਸਤੀ ਨਿਕਾਹ ਕੀਤਾ ਸੀ। ਇਸ ਨੇ ਕਦੀ ਅਨੰਦਪੁਰ ਸਾਹਿਬ ਜਾ ਕੇ ਗੁਰੂ ਸਾਹਿਬ ਜੀ ਦੇ ਲਾਲਾਂ ਦੇ ਦਰਸ਼ਨ ਕੀਤੇ ਸਨ। ਉਸ ਨੇ ਬੜੇ ਵਾਸਤੇ ਪਾ ਕੇ ਸੂਬੇ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮਾਸੂਮਾਂ ਨੇ ਤੁਹਾਡਾ ਕੀ ਵਿਗਾੜਿਆ ਹੈ, ਇਨ੍ਹਾਂ ਨੂੰ ਰਿਹਾ ਕਰ ਦਿਓ। ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਜਦੋਂ ਇਸ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਿਆ ਤਾਂ ਆਪਣੇ ਪੇਟ ਵਿਚ ਖੰਜਰ ਮਾਰ ਕੇ ਸਰੀਰ ਤਿਆਗ ਦਿਤਾ।

ਅਗਲੇ ਦਿਨ ਸਾਹਿਬਜ਼ਾਦਿਆਂ ਨੂੰ ਫਿਰ ਸੂਬੇ ਦੀ ਕਚਿਹਰੀ ਵਿਚ ਪੇਸ਼ ਕੀਤਾ ਗਿਆ ਪਰ ਉਨ੍ਹਾਂ ਨੇ ਈਨ ਮੰਨਣ ਤੋਂ ਸਾਫ ਇਨਕਾਰ ਕਰਦਿਆਂ ਸੂਬੇ ਨੂੰ ਝਾੜ ਪਾ ਕੇ ਸ਼ਰਮਿੰਦਾ ਕੀਤਾ ਤੇ ਪੁਛਿਆ ਕੀ "ਕੁਰਾਨ ਸ਼ਰੀਫ" ਅਨੁਸਾਰ ਜੋਰ-ਜ਼ਬਰ ਨਾਲ ਜ਼ੁਲਮ ਕਰਨਾ ਕਿਥੇ ਲਿਖਿਆ ਹੈ?" ਤੇਰਾ ਸ਼ਾਹ (ਔਰੰਗਾ) ਪਾਪੀ ਹੈ ਜਿਹੜਾ 'ਦੀਨੇ-ਇਸਲਾਮ' ਦੀ ਆੜ ਵਿਚ ਗਰੀਬਾਂ ਤੇ ਤਸ਼ੱਦਦ ਕਰ ਰਿਹਾ ਹੈ। ਕੁਰਾਨ ਪੜ੍ਹਦਾ ਹੈ ਪਰ ਅਮਲ ਨਹੀਂ ਕਰਦਾ, ਪਿਤਾ ਨੂੰ ਕੈਦ ਕਰਕੇ ਉਸ ਦੀ ਮੌਤ ਤੇ ਖੁਸ਼ੀ ਮਨਾਉਂਦਾ ਹੈ, ਭਰਾਵਾਂ ਦਾ ਕਤਲ ਕਰਦਾ ਹੈ, ਸਰਮੱਦ ਵਰਗੇ ਦਰਵੇਸ਼ਾਂ ਤੇ ਧਰਮ ਰੱਖਿਅਕ ਸਾਡੇ ਦਾਦਾ, ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਦਾ ਹੈ। ਕਿਲਾ ਖਾਲੀ ਕਰਵਾਣ ਵਾਸਤੇ ਕੁਰਾਨ ਦੀ ਕਸਮ ਖਾ ਕੇ ਮੁਕਰ ਜਾਂਦਾ ਹੈ। ਸੱਚਾ ਮੁਸਲਮਾਨ ਕਦੇ ਵੀ ਤੰਗ ਦਿਲ ਨਹੀਂ ਹੁੰਦਾ। ਸਾਰੇ ਰਸੂਲ ਖੁਦਾ ਨੂੰ ਰਿਝਾਉਣ ਲਈ ਬੰਦਗੀ ਦਾ ਉਪਦੇਸ਼ ਦਿੰਦੇ ਹਨ। ਅਸੀਂ ਬੁੱਤ ਪ੍ਰਸਤ ਨਹੀਂ ਹਾਂ ਪਰ ਬੁੱਤ ਤੋੜਦੇ ਵੀ ਨਹੀਂ, ਅਸੀਂ ਵੀ ਖੰਡੇਬਾਟੇ ਦਾ ਅੰਮ੍ਰਿਤ ਛਕ ਕੇ ਅਪਣੇ ਨਿਜ ਧਰਮ ਵਿਚ ਪ੍ਰਪੱਕ ਹੋਕੇ ਮਹਾਨ ਅਨੰਦ ਵਿਚ ਹਾਂ। ਅਸੀਂ ਮੌਤ ਤੋਂ ਨਹੀਂ ਡਰਦੇ, ਧਰਮ ਬਦਲੇ ਸਾਨੂੰ ਮਰਨਾ ਕਬੂਲ ਹੈ। ਇਸ ਲਈ ਬੁਰਾਈ ਤੋਂ ਬਾਜ਼ ਆ ਤੇ ਦੁਨੀਆਂ ਬਦਲੇ ਦੀਨ ਨਾ ਖਰਾਬ ਕਰ।

*ਸਤਗੁਰ ਕੇ ਲਾਡਲੋਂ ਨੇ ਦਿਯਾ ਰੁਅਬ ਸੇ ਜਵਾਬ।*
*ਆਤੀ ਨਹੀਂ ਸ਼ਰਮ ਹੈ ਜ਼ਰਾ ਤੁਝ ਕੋ ਨਵਾਬ।*
*ਦੁਨੀਯਾ ਕੇ ਪੀਛੇ ਕਰਤਾ ਹੈ ਕਯੋਂ ਦੀਨ ਕੋ ਖਰਾਬ।*

*ਕਿਸ ਜਾ ਲਿਖਾ ਹੈ ਜ਼ੁਲਮ ਦਿਖਾ ਤੋ ਹਮੇਂ ਕਿਤਾਬ?*
*ਤਅਲੀਮ ਜ਼ੋਰ ਕੀ ਕਹੀਂ ਕੁਰਾਨ ਮੇਂ ਨਹੀਂ।*
*ਖ਼ੂਬੀ ਤੁਮਾਰ੍ਹ ਸ਼ਾਹ ਕੇ ਈਮਾਨ ਮੇਂ ਨਹੀਂ।*
*ਪੜ੍ਹ ਕੇ ਕੁਰਾਨ ਬਾਪ ਕੋ ਕਰਤਾ ਹੈ ਕੈਦ ਹੋ।*
*ਮਰਨਾ ਪਿਤਾ ਕਾ ਜਿਸ ਕੋ ਖੁਸ਼ੀ ਕੀ ਨਵੈਦ ਹੋ।*
*ਮੁਸਲਿਮ ਕਹਾਂ ਕੇ ਹੂਏ ਜੋ ਕੋਤਾਹ-ਨਜ਼ਰ ਹੂਆ।*
*ਸਰਮਦ ਕੇ ਕਤਲ ਸੇ ਭੀ ਨ ਜਿਸ ਕੋ ਹਜ਼ਰ ਹੂਆ।*
*ਬੁਲਵਾ ਕੇ ਦਿਲੀ 'ਤੇਗ ਬਹਾਦਰ' ਕੀ ਜਾਨ ਲੀ।*
*ਮਰਨੇ ਕੀ ਹਮ ਨੇ ਭੀ ਹੈ ਜਭੀ ਆਨ ਠਾਨ ਲੀ।*
*ਕੁਛ ਬੁਤ-ਪ੍ਰਸਤ ਭੀ ਨਹੀਂ ਹੈਂ, ਬੁਤ ਸ਼ਿਕਨ ਹੈਂ ਹਮ।*
*'ਅੰਮ੍ਰਿਤ' ਛਕਾ ਹੈ ਜਬ ਸੇ ਨਿਹਾਯਤ ਮਗਨ ਹੈਂ ਹਮ।*

*(ਸ਼ਹੀਦਾਨਿ ਵਫਾ)*

ਸਾਹਿਬਜ਼ਾਦਿਆਂ ਤੋਂ ਐਸੇ ਕਰਾਰੇ ਬਚਨ ਸੁਣ ਕੇ ਸਭ ਹੈਰਾਨ ਹੋ ਗਏ, ਸੂਬੇ ਨੂੰ ਕੋਈ ਜਵਾਬ ਨਹੀਂ ਸੁਝਦਾ, ਗੁੱਸੇ ਦਾ ਪਾਰਾ ਚੜ੍ਹ ਗਿਆ। ਐਧਰ-ਉਧਰ ਦੇਖ ਕੇ ਮਲੇਰਕੋਟਲੇ ਵਾਲੇ ਨਵਾਬ ਸ਼ੇਰ ਮੁਹੰਮਦ ਖਾਨ ਨੂੰ ਕਹਿਣ ਲੱਗਾ ਕਿ ਤੁਹਾਡਾ ਭਰਾ ਨਾਹਰ ਖਾਂ ਤੇ ਭਾਣਜਾ ਖਿਜਰ ਖਾਂ, ਗੁਰੂ ਗੋਬਿੰਦ ਸਿੰਘ ਹੱਥੋਂ ਚਮਕੌਰ ਦੇ ਯੁੱਧ ਵਿਚ ਮਾਰੇ ਗਏ ਹਨ। ਇਨ੍ਹਾਂ ਨੂੰ ਮਨਭਾਉਂਦੀ ਸਜ਼ਾ ਦੇ ਕੇ ਤੁਸੀਂ ਬਦਲਾ ਲੈ ਲਵੋ। ਉਸ ਨੇ ਕਿਹਾ ਨਵਾਬ ਸਾਹਿਬ! ਸ਼ੀਰਖੋਰ ਬੱਚਿਆਂ ਤੋਂ ਬਦਲਾ ਲੈਣਾ ਕੋਈ ਬਹਾਦਰੀ ਨਹੀਂ, ਕਾਇਰਪੁਣਾ ਹੈ। ਜੇ ਕਦੀ ਟਾਕਰਾ ਹੋਇਆ ਤਾਂ ਮੈਂ ਇਨ੍ਹਾਂ ਦੇ ਪਿਤਾ ਤੋਂ ਜੰਗ ਵਿਚ ਬਦਲਾ ਲਵਾਂਗਾ। ਮਸੂਮਾਂ ਦਾ ਕਤਲ ਕਰਨਾ ਸ਼ਰ੍ਹਾ ਵਿਚ ਕਿਧਰੇ ਭੀ ਨਹੀਂ ਲਿਖਿਆ, ਮੈਂ ਇਹ ਘੋਰ ਪਾਪ ਨਹੀਂ ਕਰ ਸਕਦਾ। ਇਸ ਲਈ ਬੱਚਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਵਿਰੋਧ ਜ਼ਾਹਿਰ ਕਰਦੇ ਹੋਏ ਉਹ ਸੂਬੇ ਦੀ ਦੁਸ਼ਟ ਸਭਾ 'ਚੋਂ ਉਠ ਕੇ ਚਲਾ ਗਿਆ।

*ਕਹਨੇ ਲਗੇ ਵੁਹ ਤੁਮ ਤੋ ਨਿਹਾਯਤ ਜ਼ਲੀਲ ਹੋ।*
*ਨਾਮਰਦੀ ਕੀ ਬਤਾਤੇ ਜਰੀ ਕੋ ਸਬੀਲ ਹੋ।*
*ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।*
*ਮਹਫੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।*

*(ਸ਼ਹੀਦਾਨਿ ਵਫਾ)*

ਇਹ ਸੁਣ ਕੇ ਸੂਬੇ ਨੇ ਮਨ ਹੀ ਮਨ ਸੋਚਿਆ ਕਿ ਇਨ੍ਹਾਂ ਨੂੰ ਛੱਡ ਦਿਆਂ, ਕਹਿੰਦਾ ਸਜ਼ਾ ਵਾਸਤੇ ਇਨ੍ਹਾਂ ਤੇ ਕੋਈ ਇਲਜ਼ਾਮ ਨਹੀਂ ਲੱਗਦਾ। ਕੋਲ ਬੈਠਾ ਸੁੱਚਾ ਨੰਦ ਵਜ਼ੀਰ ਬੋਲ ਉਠਿਆ, ਕਹਿੰਦਾ, ਸੂਬਾ ਖਾਨ ਜੀ! ਛੱਡਣਾ ਸ਼ਾਹੀ ਹਿਤ ਵਿਚ ਨਹੀਂ, ਮੈਂ ਇਨ੍ਹਾਂ ਨੂੰ ਪੁੱਛਦਾ ਹਾਂ। ਕਹਿਣ ਲੱਗਿਆ ਬੱਚਿਓ! ਜੇ ਤੁਹਾਨੂੰ ਛੱਡ ਦਿਤਾ ਜਾਵੇ ਫੇਰ ਤੁਸੀਂ ਕੀ ਕਰੋਗੇ?

"ਸਾਹਿਬਜ਼ਾਦੇ ਕਹਿਣ ਲੱਗੇ ਕਿ ਅਸੀਂ ਸਿੰਘਾਂ ਨੂੰ ਇਕੱਠੇ ਕਰਕੇ, ਹਥਿਆਰ ਬੰਦ ਹੋ ਕੇ, ਹਮਲਾ ਕਰਕੇ ਜ਼ੁਲਮੀ ਰਾਜ ਦਾ ਖਾਤਮਾ ਕਰਾਂਗੇ। ਨਵਾਬ ਕਹਿੰਦਾ ਜੇ ਜੰਗ ਹਾਰ ਗਏ, ਫੇਰ ਕੀ ਕਰੋਗੇ? ਉਨ੍ਹਾਂ ਦਾ ਫੇਰ ਓਹੀ ਉਤਰ ਸੀ ਕਿ ਜਦ ਤੱਕ ਤੁਸੀਂ ਮੁੱਕ ਨਹੀਂ ਜਾਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ, ਯੁੱਧ ਕਰਦੇ ਰਹਾਂਗੇ"। (ਪੰਜਾਬ ਦਾ ਇਤਿਹਾਸ: ਮਹੁੰਮਦ ਲਤੀਫ)

ਇਤਿਹਾਸ ਵਿਚ ਐਸਾ ਵੀ ਜ਼ਿਕਰ ਮਿਲਦਾ ਹੈ ਕਿ ਬੱਚਿਆਂ ਦੀ ਪਰਖ ਕਰਨ ਲਈ ਸੁਹਣੇ ਕਪੜਿਆਂ, ਖਿਡੌਣਿਆਂ, ਮਠਿਆਈਆਂ ਅਤੇ ਜੰਗ-ਯੁੱਧ ਦੇ ਹਥਿਆਰਾਂ ਦੀਆਂ ਦੁਕਾਨਾਂ ਸਜਾਈਆਂ ਗਈਆਂ। ਜਦੋਂ ਉਥੇ ਲੈ ਕੇ ਗਏ ਤਾਂ ਬਾਕੀ ਦੁਕਾਨਾਂ ਵਲ ਮੂੰਹ ਵੀ ਨਹੀਂ ਕੀਤਾ ਤੇ ਸਿਧਾ ਜੰਗੀ ਸਾਜੋ ਸਮਾਨ ਦੀ ਦੁਕਾਨ ਤੇ ਜਾਕੇ ਹਥਿਆਰਾਂ ਦੀ ਪਰਖ ਕਰਨੀ ਸ਼ੁਰੂ ਕਰ ਦਿਤੀ।

ਪਾਪੀ ਕਹਿੰਦਾ ਹੁਣ ਸ਼ਾਹੀ ਬਾਗੀ ਸਾਬਤ ਹੋ ਗਏ, ਕਰੜੀ ਤੋਂ ਕਰੜੀ ਸਜ਼ਾ ਦਿਓ। ਇਹ ਸੱਪਾਂ ਦੇ ਬੱਚੇ ਹਨ, ਬੜੀ ਮੁਸ਼ਕਿਲ ਨਾਲ ਹੱਥ ਆਏ ਹਨ, ਇਨ੍ਹਾਂ ਨੂੰ ਛੱਡਣਾ ਨਹੀਂ ਚਾਹੀਦਾ।

*ਨੀਕੇ ਬਾਲਕ ਤੁਮ ਮਤ ਜਾਨਹੁ।*
*ਨਾਗਹੁੰ ਕੇ ਇਹ ਪੂਤ ਬਖਾਨਓ।*
*ਤੁਮਰੇ ਹਾਥ ਆਜ ਯਹ ਆਏ।*
*ਕਰਹੁ ਅਬੈ ਅਪਨੇ ਮਨ ਭਾਏ।*

*(ਕਥਾ ਗੁਰੂ ਸੁਤਨ ਕੀ- ਦੂ.ਸ.ਹੰਡੂਰੀਆ)*

ਸੂਬੇ ਨੇ ਕਾਜ਼ੀ ਨੂੰ ਕਿਹਾ ਕਿ ਫਤਵਾ ਲਾਓ ਤਾਂ ਉਸ ਨੇ ਸ਼ਰ੍ਹਾਂ ਮੁਤਾਬਿਕ ਇਨ੍ਹਾਂ ਨੂੰ ਜ਼ਿੰਦਾ ਨੀਹਾਂ ਵਿਚ ਚਿਣ ਦਿਤਾ ਜਾਵੇ। ਸਭਾ ਬਰਖਾਸਤ ਹੋ ਗਈ ਤੇ ਦੂਜੇ ਦਿਨ ਸਵੇਰੇ ਫੇਰ ਤਲਬ ਕੀਤਾ ਗਿਆ। ਧੰਨ ਮਾਤਾ ਜੀ ਦਾ ਜਿਗਰਾ, ਉਹ ਜਾਣਦੇ ਸਨ ਕਿ ਮੇਰੇ ਲਾਲਾਂ ਨੇ ਵਾਪਿਸ ਨਹੀਂ ਆਉਣਾ ਜਿਵੇਂ ਇਨ੍ਹਾਂ ਦੇ ਦਾਦਾ ਗੁਰੂ ਜੀ ਦਿਲੀ ਵਿਚ ਸ਼ਹੀਦੀ ਦੇ ਕੇ ਮੁੜ ਨਹੀਂ ਆਏ। ਬੜੀ ਰੀਝ ਨਾਲ ਕੇਸਾਂ ਨੂੰ ਕੰਘੀ ਕਰਕੇ ਦਸਤਾਰਾਂ ਸਜਾਈਆਂ, ਕਲਗੀਆਂ ਲਗਾਈਆਂ ਤੇ ਦੋਵਾਂ ਨੂੰ ਘੁੱਟ ਕੇ ਗਲਵਕੜੀ ਵਿਚ ਲੈ ਕੇ ਪਿਆਰ ਕੀਤਾ। ਜੋ ਅਰਦਾਸ ਆਪ ਜੀ ਨੇ ਅਨੰਦਪੁਰ ਸਾਹਿਬ ਵਿਖੇ ਪਤੀ ਪ੍ਰਮੇਸ਼ਰ ਦਾ ਸੀਸ ਆਉਣ ਵੇਲੇ ਕੀਤੀ ਸੀ ਓਹੀ ਅਰਦਾਸ ਅੱਜ ਫੇਰ ਕੀਤੀ ਕਿ ਹੇ ਪਤੀ ਪ੍ਰਮੇਸ਼ਰ, ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ! ਜਿਸ ਤਰ੍ਹਾਂ ਨਾਲ ਆਪ ਦੀ ਪ੍ਰੀਤ ਨਿਭ ਗਈ, ਮੇਰੀ ਅਤੇ ਆਪ ਦੇ ਪੋਤਰਿਆਂ ਦੀ ਵੀ ਇਸੇ ਤਰ੍ਹਾਂ ਨਾਲ ਨਿਭ ਜਾਵੇ।

*ਸੇਵਕ ਕੀ ਓੜਕਿ ਨਿਭਹੀ ਪ੍ਰੀਤਿ॥*
*ਜੀਵਤ ਸਾਹਿਬੁ ਸੇਵਿਓ ਅਪਨਾ*
*ਚਲਤੇ ਰਾਖਿਓ ਚੀਤਿ॥* *ਅੰਗ-੧੦੦੦*

*ਜਾਨੇ ਸੇ ਪਹਿਲੇ ਆਓ ਗਲੇ ਸੇ ਲਗਾ ਤੋ ਲੂੰ।*
*ਕੇਸੋਂ ਕੋ ਕੰਘੀ ਕਰ ਦੂੰ ਜ਼ਰਾ ਮੂੰਹ ਧੁਲਾ ਤੋ ਦੂੰ।*
*ਪਯਾਰੇ ਸਰੋਂ ਪੇ ਨਨੀਂ ਸੀ ਕਲਗੀ ਸਜਾ ਤੋ ਲੂੰ।*

*ਮਰਨੇ ਸੇ ਪਹਿਲੇ ਤੁਮੇਂ ਦੂਲ੍ਹਾ ਬਨਾ ਤੋ ਲੂੰ।*

*(ਸ਼ਹੀਦਾਨਿ ਵਫਾ)*

ਵਿਦਾ ਹੋਣ ਲੱਗੇ ਮਾਤਾ ਜੀ ਫੇਰ ਕਹਿਣ ਲੱਗੇ, ਮੇਰੇ ਲਾਡਲਿਓ! ਡੋਲਣਾ ਨਹੀਂ, ਆਪਣੇ ਪੜਦਾਦੇ ਗੁਰੂ ਅਰਜਨ ਦੇਵ ਜੀ ਅਤੇ ਦਾਦਾ ਗੁਰੂ ਤੇਗ ਬਹਾਦਰ ਜੀ ਤਰ੍ਹਾਂ ਧਰਮ ਤੇ ਕਇਮ ਰਹਿਣਾ ਹੈ। ਉਸ ਵੇਲੇ ਗੁਰੂ ਪੁੱਤਰਾਂ ਨੇ ਬੜੀ ਦਲੇਰੀ ਨਾਲ ਜਵਾਬ ਦਿਤਾ ਕਿ ਦਾਦੀ ਜੀ! ਧਰਮ ਬਦਲੇ ਭਾਵੇਂ ਸਾਡੀ ਜਾਨ ਵੀ ਚਲੀ ਜਾਵੇ ਪਰ ਅਸੀਂ ਡੋਲਾਂਗੇ ਨਹੀਂ।

*ਧੰਨ ਭਾਗ ਹਮਰੇ ਹੈਂ ਮਾਈ।*
*ਧਰਮ ਹੇਤ ਤਨ ਜੇਕਰ ਜਾਈ।*

*(ਗੁਰ ਸ਼ੋਭਾ, ਕਵੀ ਸੈਨਾਪਤੀ ਜੀ)*

(ਇਥੇ ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਇਸ ਰਾਤ ਸਾਹਿਬਜ਼ਾਦਿਆਂ ਨੂੰ ਮਾਤਾ ਜੀ ਤੋਂ ਅਲੱਗ ਰੱਖਿਆ ਗਿਆ)

ਜਦੋਂ ਸੂਬੇ ਦੀ ਕਚਿਹਰੀ ਜਾ ਕੇ ਫਤਿਹ ਗਜਾਈ ਤਾਂ ਸੁੱਚਾ (ਝੂਠਾ) ਨੰਦ ਨੇ ਕਿਹਾ, 'ਸੂਬੇ ਕੋ ਸਲਾਮ ਕਰੋ।'

ਤਦ ਸਾਹਿਬਜ਼ਾਦਿਆਂ ਬਚਨ ਕੀਆ।

*ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,*
*ਅਉਰ ਕੋ ਸਲਾਮ ਨਹੀਂ ਕਰਤੇ।*

*(ਮਹਿਮਾ ਪ੍ਰਕਾਸ਼ ਵਾਰਤਕ)*

ਬਾਰ-ਬਾਰ ਓਹੀ ਸਵਾਲ ਕਰਦੇ ਹਨ ਕਿ ਦੀਨ ਵਿਚ ਆ ਜਾਵੋ, ਤੁਹਾਡੀ ਜਾਨ ਬਖਸ਼ ਦਿਤੀ ਜਾਵੇਗੀ। ਕਹਿਣ ਲੱਗੇ ਸਾਡੇ ਕੁਲ ਦੀ ਇਹੀ ਰੀਤ ਚਲੀ ਆ ਰਹੀ ਹੈ ਕਿ ਧਰਮ ਬਦਲੇ ਪ੍ਰਾਨ ਦੇ ਸਕਦੇ ਹਾਂ ਪਰ ਜੋ ਬਚਨ ਕਹਿ ਦਿਤਾ, ਉਸ ਤੋਂ ਪਿੱਠ ਨਹੀਂ ਮੋੜਦੇ। ਤੁਹਾਡੇ ਜ਼ੁਲਮੀ ਰਾਜ ਦੀਆਂ ਜੜ੍ਹਾਂ ਪੁੱਟਣ ਵਾਸਤੇ ਅਸੀਂ ਜਾਨ ਵਾਰਨੀ ਹੈ -

*ਹਮਰੇ ਬੰਸ ਰੀਤਿ ਇਮ ਆਈ।*
*ਸੀਸ ਦੇਤਿ ਪਰ ਧਰਮ ਨ ਜਾਈ*
*ਤੁਮਰੀ ਜਰਾਂ ਉਖੇਰਿਨ ਹੇਤ।*
*ਹਮ ਨਹਿੰ ਡਰਪਹਿੰਗੇ ਸਿਰ ਦੇਤ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਬਚਨ ਕਰਕੇ ਕੋਰਾ ਜਵਾਬ ਦੇ ਦਿਤਾ ਤੇ ਕਿਹਾ ਮੌਤ ਦੀ ਸਾਨੂੰ ਕੋਈ ਚਿੰਤਾ ਨਹੀਂ ਹੈ। ਇਸ ਤੋਂ ਕੋਈ ਵੀ ਬਚ ਨਹੀਂ ਸਕਦਾ, ਸਭ ਤੇ ਖੜ੍ਹੀ ਹੈ ਅਤੇ ਇਹ ਤੇਰੇ ਉਤੇ ਭੀ ਖੜ੍ਹੀ ਹੈ -

*ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥*
*ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥*

*ਅੰਗ-੧੪੨੯*

ਜਿਸ ਨੂੰ ਸੁਣ ਕੇ ਨਵਾਬ ਵਜ਼ੀਰ ਖਾਨ ਸੜ-ਬਲ ਗਿਆ ਤੇ ਐਸਾ ਵੀ ਜ਼ਿਕਰ ਆਉਂਦਾ ਹੈ ਕਿ ਸਾਹਿਬਜ਼ਾਦਿਆਂ ਨੂੰ ਗੁਲੇਲੇ ਮਾਰੇ ਗਏ, ਹੱਥਾਂ-ਪੈਰਾਂ ਤੇ ਬੇੜੀਆਂ ਦੀਆਂ ਲਾਸ਼ਾਂ ਪੈ ਗਈਆਂ ਸਨ। ਐਨੇ ਕਸ਼ਟ ਸਹਾਰਦੇ ਹੋਏ ਵੀ ਗੁਰੂ ਗੋਬਿਦ ਸਿੰਘ ਸਾਹਿਬ ਜੀ ਦੇ ਲਾਲਾਂ ਨੇ ਸੁਮੇਰ ਪਰਬਤ ਵਾਂਗ ਅਡੋਲ ਤੇ ਨਿਰਭੈ ਰਹਿ ਕੇ ਸਵੈ ਧਰਮ ਦੀ ਰਾਖੀ ਲਈ, ਦੀਨ-ਇਸਲਾਮ ਨੂੰ ਠੋਕਰ ਮਾਰਕੇ ਮਹਾਨ ਯੋਧਿਆਂ ਵਾਗ ਜਿੰਦ-ਜਾਨ ਦੀ ਪ੍ਰਵਾਹ ਨਹੀਂ ਕੀਤੀ -

*ਜਬ ਦੁਸ਼ਟੀ ਐਸੇ ਦੁਖ ਬਹੁਰੋ ਫੇਰ*
*ਸੀਸ ਕਢਵਾਏ ਰਜ ਕੇ ਪਾਇ ਪੀਪਲਹ ਬਾਂਧੇ।*
*ਦੁਸ਼ਟ ਗੁਲੇਲੇ ਤੀਰ ਸੁ ਸਾਧੇ।*
*'ਸਵਾ ਪਹਿਰ ਦਿਨ ਚੜ੍ਹ ਆਯੋ'*

(ਦਸਵੇਂ ਪਾਤਸ਼ਾਹ ਜੀ ਦੇ ਸਮਕਾਲੀ ਭਾਈ ਦੂਨਾ ਸਿੰਘ ਹੰਡੂਰੀਆ ਦੀ ਅਪ੍ਰਕਾਸ਼ਿਤ ਕ੍ਰਿਤ "**ਕਥਾ ਗੁਰੂ ਸੁਤਨ ਕੀ**" ਦੇ ਹੱਥ ਲਿਖਤ ਖਰੜਾ 6045, ਸਿੱਖ ਰੈਫਰੈਂਸ ਲਾਇਬ੍ਰੇਰੀ, ਸ੍ਰੀ ਅੰਮ੍ਰਿਤਸਰ ਵਿਚ ਅੰਕਿਤ ਹੈ)

ਸਵਾ ਪਹਿਰ ਦਿਨ ਚੜ੍ਹੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਦਿਤਾ ਗਿਆ। ਐਸਾ ਵੀ ਜ਼ਿਕਰ ਆਉਂਦਾ ਹੈ ਕਿ ਕੋਈ ਵੀ ਮਸੂਮਾਂ ਤੇ ਤਲਵਾਰ ਚਲਾਉਣ ਨੂੰ ਤਿਆਰ ਨਹੀਂ ਸੀ। ਸਮਾਣੇ ਦੇ ਰਹਿਣ ਵਾਲੇ ਦੋ ਭਰਾ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜਲਾਦ, ਬੁਲਾਏ ਗਏ। ਇਨ੍ਹਾਂ ਉਤੇ ਜੋ ਕਤਲ ਦਾ ਕੇਸ ਸੀ, ਉਸ ਨੂੰ ਰਫਾ-ਦਫਾ ਕਰਕੇ, ਇਸ ਪਾਪ ਨੂੰ ਸਰੰਜਾਮ ਦੇਣ ਵਾਸਤੇ ਰਾਜ਼ੀ ਕੀਤਾ ਗਿਆ ਸੀ। ਜਦੋਂ ਕੰਧ ਡਿਗ ਪਈ ਤਾਂ ਇਨ੍ਹਾਂ ਪਾਪੀਆਂ ਨੇ ਬੜੀ ਬੇਦਰਦੀ ਨਾਲ ਸਾਹਿਬਜ਼ਾਦਿਆਂ ਨੂੰ ਜ਼ਿਬਾਹ ਕਰਕੇ ਸ਼ਹੀਦ ਕੀਤਾ।

*ਸ਼ਾਸ਼ਲ ਬੇਗ ਅਰ ਬਾਸ਼ਲ ਬੇਗ।*
*ਉਭੈ ਜਲਾਦਨ ਖਿਚ ਕੈ ਤੇਗ।*

*(ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ)*

*ਹੁਤੋ ਉਹਾਂ ਥੋ ਇਕ ਵਾਰੋ।*
*ਦੈ ਗੋਡੇ ਹੇਠ ਕਰ ਜ਼ਿਬਹ ਡਾਰੋ।* *(ਰਤਨ ਸਿੰਘ ਭੰਗੂ)*

*ਪਾਪੀ ਨਿਰਦਯਾਲੂ ਮਤਿ ਮੰਦ।*
*ਗਹਿੰ ਖੈਂਚੀ ਸ਼ਮਸ਼ੇਰ ਬਿਲੰਦ।*
*ਧੀਰਜ ਧਰੇ ਗੁਰੂ ਸੁਤ ਖਰੇ।*
*ਨਹੀਂ ਦੀਨ ਮਨ ਕੈ ਸਿਹੁੰ ਕਰੇ।*
*ਧਰਮ ਹੇਤ ਸਿਰ ਚਾਹਿਤ ਦੀਯੋ।*
*ਤੁਰਕਨਿ ਜਰਾਂ ਬਿਨਾਸ਼ੀ ਕੀਯੋ।*
*ਸਿਮਰਹਿੰ ਬਾਤ ਪਿਤਾਮੇ ਕੇਰੀ।*
*ਲਾਜ ਬੰਸ ਕੀ ਚਹੈਂ ਬਡੇਰੀ।*
*ਅਧਮ ਤਬੈ ਤਲਵਾਰ ਚਲਾਈ।.......॥*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

*'ਚਲਦਾ............।'*

# ਜਪੁਜੀ ਸਾਹਿਬ ਦੀ ਮੂਲ ਵਿਚਾਰਧਾਰਾ

*ਡਾ. ਜਗਜੀਤ ਸਿੰਘ*
*ਐਡੀਟਰ-ਇਨ-ਚੀਫ, ਆਤਮ ਮਾਰਗ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-55)*

ਇਸ ਤਰ੍ਹਾਂ ਸਚਿਆਰ ਪੁਰਸ਼ ਨੂੰ ਪ੍ਰਭੂ ਦੀ ਅਨੰਤਤਾ ਤੇ ਬੇਅੰਤਤਾ ਦਰਸਾ ਕੇ ਉਸ ਨੂੰ ਪ੍ਰਭੂ ਦੀ ਸਿਫਤਿ ਸਾਲਾਹ ਨਾਲ ਜੋੜਿਆ ਹੈ, ਜੋ ਸੱਚੀ ਪਾਤਸ਼ਾਹੀ ਹੈ। ਇਸੇ ਉਲੇਖ ਵਿਚ ਅਕਾਲ ਪੁਰਖ ਦੀ ਬੇਅੰਤਤਾ ਦਾ ਇਕ ਹੋਰ ਪਹਿਲੂ ਦ੍ਰਿਸ਼ਟਮਾਨ ਕੀਤਾ ਹੈ। ਉਹ ਇਹ ਹੈ ਕਿ ਜਿਵੇਂ ਅਕਾਲ ਪੁਰਖ ਦੇ ਗੁਣ ਅਮੋਲਕ ਹਨ, ਪ੍ਰਭੂ ਦੇ ਗੁਣਾਂ ਦੇ ਖਜ਼ਾਨੇ ਭੀ ਅਮੋਲਕ ਹਨ ਤੇ ਇਸ ਦੇ ਵਾਪਾਰੀ ਵੀ ਅਮੋਲਕ। ਉਸ ਦੇ ਵਾਪਾਰੀ ਉਸ ਵਿਚ ਹੀ ਲੀਨ ਹੋ ਜਾਦੇ ਹਨ -

*ਅਮੁਲ ਗੁਣ ਅਮੁਲ ਵਾਪਾਰ ॥*
*ਅਮੁਲ ਵਾਪਾਰੀਏ ਅਮੁਲ ਭੰਡਾਰ ॥*
*ਅਮੁਲ ਆਵਹਿ ਅਮੁਲ ਲੈ ਜਾਹਿ ॥*
*ਅਮੁਲ ਭਾਇ ਅਮੁਲਾ ਸਮਾਹਿ ॥*

ਅਕਾਲ ਪੁਰਖ ਦੇ ਕਾਨੂੰਨ, ਉਸ ਦੀਆਂ ਬਖਸ਼ਿਸ਼ਾਂ ਸਭ ਅਮੋਲਕ ਹਨ, ਅੰਦਾਜ਼ਿਆਂ ਤੋਂ ਪਰ੍ਹੇ ਹਨ। ਅਨੇਕਾਂ ਵਿਦਵਾਨ, ਧਾਰਮਿਕ ਗ੍ਰੰਥ, ਵੇਦ, ਪੁਰਾਣ, ਬ੍ਰਹਮਾ, ਇੰਦਰ, ਸ਼ਿਵ, ਸਿੱਧ ਬੁੱਧ, ਰਾਕਸ਼ ਤੇ ਦੇਵਤੇ, ਮੁਨੀ ਆਦਿ ਅਕਾਲ ਪੁਰਖ ਦਾ ਅੰਦਾਜ਼ਾ ਲਾਉਂਦੇ ਹਨ ਪਰ ਲਾ ਨਹੀਂ ਸਕਦੇ ਕਿਉਂਕਿ ਜਿਤਨਾ ਪ੍ਰਮਾਤਮਾ ਚਾਹੁੰਦਾ ਹੈ, ਉਤਨਾ ਹੀ ਵੱਡਾ ਹੋ ਜਾਂਦਾ ਹੈ, ਓਨੀ ਹੀ ਕੁਦਰਤ ਫੈਲਾ ਲੈਂਦਾ ਹੈ। ਉਸ ਮਨੁੱਖ ਨੂੰ ਹੋਛਾ ਸਮਝੋ ਜੋ ਪ੍ਰਭੂ ਦੀਆਂ ਦਾਤਾਂ ਤੇ ਗੁਣਾਂ ਦਾ ਹੱਦ-ਬੰਨਾ ਲੱਭ ਸਕਣ ਦਾ ਦਾਹਵਾ ਕਰੇ -

***ਅਮੁਲੁ ਧਰਮੁ ਅਮੁਲੁ ਦੀਬਾਣੁ ॥ ਅਮੁਲੁ ਤੁਲੁ ਅਮੁਲੁ ਪਰਵਾਣੁ ॥ ਅਮੁਲੁ ਬਖਸੀਸ ਅਮੁਲੁ ਨੀਸਾਣੁ ॥ ਅਮੁਲੁ ਕਰਮੁ ਅਮੁਲੁ ਫੁਰਮਾਣੁ ॥ ਅਮੁਲੋ ਅਮੁਲੁ ਆਖਿਆ ਨ ਜਾਇ ॥ ਆਖਿ ਆਖਿ ਰਹੇ ਲਿਵ ਲਾਇ ॥ ਆਖਹਿ ਵੇਦ ਪਾਠ ਪੁਰਾਣ ॥ ਆਖਹਿ ਪੜੇ ਕਰਹਿ ਵਖਿਆਣ ॥ ਆਖਹਿ ਬਰਮੇ ਆਖਹਿ ਇੰਦ ॥ ਆਖਹਿ ਗੋਪੀ ਤੈ ਗੋਵਿੰਦ ॥ ਆਖਹਿ ਈਸਰ ਆਖਹਿ ਸਿਧ ॥ ਆਖਹਿ ਕੇਤੇ ਕੀਤੇ ਬੁਧ ॥ ਆਖਹਿ ਦਾਨਵ ਆਖਹਿ ਦੇਵ ॥ ਆਖਹਿ ਸੁਰਿ ਨਰ ਮੁਨਿ ਜਨ ਸੇਵ ॥ ਕੇਤੇ ਆਖਹਿ ਆਖਣਿ ਪਾਹਿ ॥ ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥ ਏਤੇ ਕੀਤੇ ਹੋਰਿ ਕਰੇਹਿ ॥ ਤਾ ਆਖਿ ਨ ਸਕਹਿ ਕੇਈ ਕੇਇ ॥ ਜੇਵਡੁ ਭਾਵੈ ਤੇਵਡੁ ਹੋਇ ॥ ਨਾਨਕ ਜਾਣੈ ਸਾਚਾ ਸੋਇ ॥ ਜੇ ਕੋ ਆਖੈ ਬੋਲੁਵਿਗਾੜੁ ॥ ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥ ੨੬ ॥***

ਜਗਤ ਵਿਚ ਬੇਅੰਤ ਗਿਆਨਵਾਨ, ਵਿਦਵਾਨ ਅਤੇ ਵਿਗਿਆਨੀ ਹੋ ਚੁੱਕੇ ਹਨ ਪਰ ਅਗੰਮ ਅਗੋਚ ਪ੍ਰਮਾਤਮਾ ਦੀ ਬੇਅੰਤਤਾ ਦਾ ਨਾਂਹ ਕੋਈ ਲੇਖਾ ਕਰ ਸਕਿਆ ਹੈ, ਨਾਂ ਹੀ ਅਗਾਂਹ ਕੋਈ ਕਰ ਸਕੇਗਾ ਕਿ ਪ੍ਰਭੂ ਵਿਚ ਕਿਤਨੀਆਂ ਵਡਿਆਈਆਂ ਹਨ ਅਤੇ ਉਸ ਦੀਆਂ ਜੀਵਾਂ ਉਪਰ ਕਿੰਨੀਆ ਬਖਸ਼ਿਸ਼ਾਂ ਹਨ। ਬੇਅੰਤ ਹਨ ਉਸ ਪ੍ਰਭੂ ਦੇ ਗੁਣ ਅਤੇ ਬੇਅੰਤ ਹਨ ਉਸ ਦੀਆਂ ਦਾਤਾਂ। ਬੇਅੰਤ ਹੈ ਉਸ ਦੀ ਕੁਦਰਤ ਅਤੇ ਅਦਭੁੱਤ ਹਨ ਉਸ ਦੇ ਕ੍ਰਿਸ਼ਮੇ।

ਐਸਾ ਅਸਚਰਜਤਾ ਭਰਪੂਰ ਵਾਤਾਵਰਣ ਉਸਾਰ ਕੇ ਪਉੜੀ 27 ਵਿਚ ਦ੍ਰਿਸ਼ਟਮਾਨ ਬ੍ਰਹਿਮੰਡ ਦੀ ਵਿਸਮਾਦਜਨਕ ਝਾਕੀ ਪੇਸ਼ ਕੀਤੀ ਹੈ। ਉਹ ਦਰ ਘਰ ਵੀ ਕਿੰਨਾ ਅਸਚਰਜ ਤੇ ਅਗੰਮੀ ਸ਼ੋਭਾ ਵਾਲਾ ਹੋਵੇਗਾ ਜਿਥੇ ਬਹਿ ਕੇ, ਹੇ ਨਿਰੰਜਨ, ਨਿਰੰਕਾਰ! ਤੂੰ ਸਾਰੇ ਜੀਆਂ, ਸਾਰੀ ਰਚਨਾ ਦੀ ਸੰਭਾਲ ਕਰ ਰਿਹਾ ਹੈਂ। (ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥ ਪਉੜੀ 27) ਵਾਹਿਗੁਰੂ ਤਾਂ ਸਾਰੀ ਰਚਨਾ ਵਿਚ ਪਰੀਪੂਰਨ ਹੈ, ਜ਼ਰੇ-ਜ਼ਰੇ ਵਿਚ ਭਰਪੂਰ ਹੈ, ਇਸ ਲਈ ਸਾਰੀ ਰਚਨਾ ਹੀ ਅਦਭੁੱਤ ਹੈ, ਵਾਰਨੇ ਬਲਿਹਾਰੇ ਜਾਣ ਯੋਗ ਹੈ। ਤੇਰੀ ਇਸ ਰਚੀ ਹੋਈ ਕੁਦਰਤ ਵਿਚ ਅਨੇਕਾਂ ਭਾਂਤ ਦੇ ਅਤੇ ਅਣਗਿਣਤ ਵਾਜੇ ਤੇ ਰਾਗ ਹਨ, ਮਨੁੱਖ ਦੇ ਗਲੇ ਵਿਚੋਂ ਨਿਕਲਦੀਆਂ ਅਨੇਕ ਪ੍ਰਕਾਰ ਦੀਆਂ ਧੁਨੀਆਂ, ਸੁਰ, ਸੰਗੀਤ, ਅਲਾਪ, ਮਿੱਠੇ ਰਸ ਭਿੰਨੇ ਗੀਤ, ਮਨ ਨੂੰ ਮੁਗਦ ਕਰਦੇ ਹਨ। ਕੁਦਰਤ ਵਿਚ ਹੋ ਰਹੀਆਂ ਅਨੇਕ ਪ੍ਰਕਾਰ ਦੀਆਂ ਧੁਨੀਆਂ, ਦਰਿਆਵਾਂ, ਝਰਨਿਆਂ, ਰੁਖਾਂ, ਬਿਰਖਾਂ, ਜੰਗਲਾਂ, ਪੰਛੀਆਂ ਦੀਆਂ ਮਿੱਠੀਆਂ ਸੰਗੀਤਮਈ ਆਵਾਜ਼ਾਂ ਵਿਸਮਾਦਜਨਕ ਹਨ। ਅਣਗਿਣਤ ਭਾਂਤ ਦੇ ਸੰਗੀਤ ਦੇ ਸਾਜ਼ ਹਨ, ਬੇਅੰਤ ਜੀਵ ਇਨ੍ਹਾਂ ਸਾਜ਼ਾਂ, ਵਾਜਿਆਂ ਨੂੰ ਵਜਾਣ ਵਾਲੇ ਹਨ। ਬੇਅੰਤ ਰਾਗ, ਬੇਅੰਤ ਰਾਗਣੀਆਂ ਹਨ ਅਤੇ ਬੇਅੰਤ ਜੀਵ ਇਨ੍ਹਾਂ ਰਾਗਾਂ ਨੂੰ ਗਾਉਣ ਵਾਲੇ ਹਨ ਜੋ ਤੇਰੇ ਹੀ ਜ਼ਹੂਰ ਨੂੰ ਗਾ ਰਹੇ ਹਨ, ਤੇਰੀ ਵਡਿਆਈ ਹੀ ਪ੍ਰਗਟ ਕਰ ਰਹੇ ਹਨ -

***ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗ ਪਰੀ ਸਿਉ ਕਹੀਅਨਿ***

***ਕੇਤੇ ਗਾਵਣਹਾਰੇ ॥***

ਹੇ ਨਿਰੰਕਾਰ! ਜੋ ਆਪ ਜੀ ਨੇ ਪੰਜ ਤੱਤ ਪੈਦਾ ਕੀਤੇ ਹਨ, ਪਉਣ, ਪਾਣੀ, ਅਗਨੀ ਆਦਿ ਇਨ੍ਹਾਂ ਦੀ ਕਿਰਿਆ ਕਿੰਨੀ ਹੈਰਾਨੀਜਨਕ ਹੈ। ਇਹ ਸਰਬ ਜੀਆਂ ਦੇ ਜੀਵਨ ਦਾ ਆਧਾਰ ਵੀ ਹਨ ਤੇ ਸੰਸਾਰ ਦੀ ਸਾਰੀ ਕਿਰਿਆ ਦੀਆਂ ਸੰਚਾਲਕ ਤੇਰੀਆਂ ਰਚੀਆਂ ਸ਼ਕਤੀਆਂ ਵੀ ਜੋ ਤੇਰੇ ਹੀ ਗੁਣਾਂ ਦਾ ਗਾਇਨ ਕਰ ਰਹੀਆਂ ਹਨ। ***(ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ)*** ਅਸੰਖਾ ਜੀਵਾਂ ਦੇ ਕਰਮਾਂ ਦਾ ਨਿਰਣਾ ਕਰਨ ਵਾਲਾ ਧਰਮਰਾਜ ਵੀ ਤੇਰੇ ਦਰ ਤੇ ਖੜ੍ਹਾ ਤੈਨੂੰ ਹੀ ਵਡਿਆ ਰਿਹਾ ਹੈ ***(ਗਾਵੈ ਰਾਜਾ ਧਰਮੁ ਦੁਆਰੇ ॥)*** ਉਹ ਚਿਤਰ-ਗੁਪਤ ਭੀ ਜੋ ਜੀਵਾਂ ਦੇ ਚੰਗੇ-ਮੰਦੇ ਕਰਮਾਂ ਦੇ ਲੇਖ ਲਿਖਦੇ ਹਨ ਅਤੇ ਜਿਨ੍ਹਾਂ ਦੇ ਲਿਖੇ ਲੇਖਾਂ ਨੂੰ ਧਰਮਰਾਜ ਵੀਚਾਰਦਾ ਹੈ, ਉਹ ਭੀ ਹੇ ਵਾਹਿਗੁਰੂ! ਤੇਰੇ ਹੁਕਮ ਵਿਚ ਕਿਰਿਆਸ਼ੀਲ ਹੋ ਕੇ ਤੇਰੀਆਂ ਹੀ ਵਡਿਆਈਆਂ ਪ੍ਰਗਟ ਕਰ ਰਹੇ ਹਨ। ***(ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥)*** ਸਮਾਧੀਆਂ ਵਿਚ ਜੁੜੇ ਸਿੱਧ ਪੁਰਸ਼, ਪਵਿੱਤਰਤਾ ਦੇ ਪੁੰਜ, ਅਠਾਰਾਂ ਸਿੱਧੀਆਂ ਦੇ ਮਾਲਕ, ਸਮਾਧੀਆਂ ਲਾ ਕੇ ਤੇਰਾ ਜਸ ਗਾਇਨ ਕਰ ਰਹੇ ਹਨ, ਸਾਧ ਜਨ ਵਿਚਾਰਾਂ ਰਾਹੀਂ ਗਿਆਨ ਦੇ ਪ੍ਰਕਾਸ਼ ਰਾਹੀਂ ਤੇਰੀ ਸਿਫਤਿ-ਸਾਲਾਹ ਕਰ ਰਹੇ ਹਨ। ***(ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥ ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥ ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥)*** ਜਤ-ਧਾਰੀ, ਸੱਚੇ-ਸੁੱਚੇ ਇਨਸਾਨ, ਸਤੀ, ਦਾਨ ਕਰਨ ਵਾਲੇ ਤੇ ਸੰਤੋਖੀ, ਸਬਰ-ਸੰਤੋਖ ਵਿਚ ਰਹਿਣ ਵਾਲੇ ਇਨਸਾਨ, ਤੇਰੀਆਂ ਵਡਿਆਈਆਂ ਦਾ ਹੀ ਪ੍ਰਗਟਾਵਾ ਹਨ, ਤੇਰੇ ਗੁਣ ਗਾਇਨ ਕਰ ਰਹੇ ਹਨ ਅਤੇ ਬੇਅੰਤ ਤਕੜੇ ਸੂਰਮੇ, ਬਹਾਦਰ ਯੋਧੇ ਤੇਰਾ ਹੀ ਆਲਮ ਹਨ, ਤੈਨੂੰ ਹੀ ਗਾ ਰਹੇ ਹਨ ***(ਗਾਵਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ ॥)*** ਪੰਡਿਤ ਤੇ ਮਹਾਂਰਿਖੀ ਜੋ ਵੇਦਾਂ ਨੂੰ ਪੜ੍ਹਦੇ ਹਨ, ਵੇਦਾਂ ਸਣੇ ਤੈਨੂੰ ਗਾ ਰਹੇ ਹਨ। ਸੁਰਗ, ਮਾਤ-ਲੋਕ ਤੇ ਪਾਤਾਲ ਭਾਵ ਹਰ ਥਾਂ, ਮਨੁੱਖ ਦੇ ਮਨ ਨੂੰ ਮੋਹਣ ਵਾਲੀਆਂ ਸੁੰਦਰ ਇਸਤ੍ਰੀਆਂ ਵੀ ਤੇਰੇ ਹੀ ਗੁਣ ਗਾਇਨ ਵਿਚ ਮਸਤ ਹਨ। ਸਭਨਾਂ ਵਿਚ ਤੂੰ ਹੀ ਵਿਆਪਕ ਹੈਂ ਅਤੇ ਸਭਨਾਂ ਦੀ ਕਿਰਿਆ ਤੇਰੀ ਹੀ ਕਿਰਿਆ ਹੈ -

*ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥*
*ਗਾਵਹਿ ਮੋਹਣੀਆ ਮਨੁ ਮੋਹਨਿ ਸੁਰਗਾ ਮਛ ਪਇਆਲੇ ॥*

ਹੇ ਨਿਰੰਕਾਰ! ਤੇਰੇ ਪੈਦਾ ਕੀਤੇ ਹੋਏ ਰਤਨ, ਅਠਸਠ ਤੀਰਥ, ਵੱਡੇ ਬਲ ਵਾਲੇ ਜੋਧੇ ਤੇ ਸੂਰਮੇ, ਚੌਹਾਂ ਹੀ ਖਾਣੀਆਂ ਦੇ ਜੀਅ ਜੰਤ, ਸਾਰੀ ਸ੍ਰਿਸ਼ਟੀ, ਸਾਰੇ ਖੰਡ, ਸਾਰੀਆਂ ਧਰਤੀਆਂ, ਸਾਰੇ ਚੱਕਰ (ਬ੍ਰਹਿਮੰਡ ਦਾ ਇਕ ਚੱਕਰ, ਜਿਸ ਵਿਚ ਇਕ ਸੂਰਜ, ਇਕ ਚੰਦਰਮਾ ਤੇ ਧਰਤੀ ਆਦਿ ਗਿਣੇ ਜਾਂਦੇ ਹਨ) ਜੋ ਤੇਰੀ ਹੀ ਰਚਨਾ ਹਨ ਅਤੇ ਤੂੰ ਆਪਣੇ ਦੈਵੀ-ਹੁਕਮ ਵਿਚ ਟਿਕਾ ਰੱਖੇ ਹਨ, ਸਭ ਤੇਰੀ ਹੀ ਵਡਿਆਈ ਹਨ, ਤੈਨੂੰ ਹੀ ਗਾ ਰਹੇ ਹਨ -

*ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥*
*ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥*
*ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥*

ਭਾਵੇਂ ਸਾਰੀ ਸ੍ਰਿਸ਼ਟੀ, ਸਾਰਾ ਬ੍ਰਹਿਮੰਡ, ਸਾਰੀ ਰਚਨਾ ਤੇਰਾ ਗਾਇਨ ਕਰ ਰਹੀ ਹੈ ਪਰ ਸੱਚਾ ਗਾਇਨ ਉਨ੍ਹਾਂ ਭਗਤ ਜਨਾਂ ਦਾ ਹੈ ਜੋ ਤੇਰੇ ਪਿਆਰ ਵਿਚ ਰੰਗ ਰਤੜੇ ਹਨ, ਰੰਗ-ਰਸ ਵਿਚ ਭਿੱਜ ਤੇਰੀ ਵਡਿਆਈ ਕਰਦੇ ਹਨ ਅਤੇ ਤੈਨੂੰ ਚੰਗੇ ਲਗਦੇ ਹਨ। ਅਨੇਕਾਂ ਹੋਰ ਜੀਅ ਜੰਤ ਤੇ ਰਚਨਾਵਾਂ ਹਨ ਜੋ ਤੈਨੂੰ ਗਾਉਂਦੇ ਹਨ, ਜੋ ਮੇਰੇ ਵਿਚਾਰ ਵਿਚ ਨਹੀਂ ਹਨ -

*ਸੇਈ ਤੁਧੁਨੋ ਗਾਵਹਿ ਜੋ ਤੁਧੁ ਭਾਵਨਿ*
*ਰਤੇ ਤੇਰੇ ਭਗਤ ਰਸਾਲੇ ॥*
*ਹੋਰ ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ*
*ਨਾਨਕੁ ਕਿਆ ਵੀਚਾਰੇ ॥*

ਸਚਾਈ ਇਹ ਹੈ ਕਿ ਜਿਸ ਅਕਾਲ ਪੁਰਖ ਨੇ ਇਹ ਸ੍ਰਿਸ਼ਟੀ ਪੈਦਾ ਕੀਤੀ ਹੈ, ਉਹ ਸਦਾ-ਸਦਾ ਹੈ (ਆਦਿ ਸਚੁ ਜੁਗਾਦਿ ਸਚੁ, ਹੈ ਭੀ ਸਚੁ ਨਾਨਕ ਹੋਸੀ ਭੀ ਸਚੁ) ਉਹ ਹੁਣ ਵੀ ਮੌਜੂਦ ਹੈ, ਸਰਬ ਵਿਆਪਕ ਹੈ, ਉਹ ਨਾਂਹ ਕਦੀ ਜੰਮਿਆ ਹੈ, ਨਾ ਮਰੇਗਾ। ਉਹ ਸਦਾ-ਸਦਾ ਸਥਿਰ ਹੈ, ਸਦਾ ਸੱਚ ਹੈ, ਉਸ ਦੀ ਵਡਿਆਈ, ਉਪਮਾ, ਗੁਣ-ਗਾਇਨ ਭੀ ਸੱਚ ਹੈ, ਅਟੱਲ ਹੈ -

*ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥*
*ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ ॥*

ਐਸੇ ਅਕਾਲ ਪੁਰਖ, ਕਰਤਾ ਪੁਰਖ ਨੇ ਕਈ ਰੰਗਾਂ, ਅਨੇਕ ਕਿਸਮਾਂ ਅਤੇ ਜਿਨਸਾਂ ਦੀ ਮਾਇਆ ਰਚ ਦਿਤੀ ਹੈ ਅਤੇ ਉਹ ਉਸ ਦੀ ਆਪਣੀ ਰਜ਼ਾ ਅਰਥਾਤ ਹੁਕਮ ਅਨੁਸਾਰ ਸੋਹਣੀ ਸੁਚੱਜੀ ਸੰਭਾਲ ਕਰ ਰਿਹਾ ਹੈ। ਜੋ ਉਸ ਨੂੰ ਭਾਉਂਦਾ ਹੈ, ਓਹੀ ਉਹ ਕਰਦਾ ਹੈ, ਉਸ ਦੇ ਹੁਕਮ ਅਨੁਸਾਰ ਰਚਨਾ ਕ੍ਰਿਆਸ਼ੀਲ ਹੈ, ਕਿਸੇ ਹੋਰ ਦਾ, ਕਿਸੇ ਵੀ ਕਿਰਤ ਦਾ ਹੁਕਮ ਨਹੀਂ ਚਲਦਾ, ਨਾ ਚਲ ਸਕਦਾ ਹੈ। ਭਾਵ ਇਹ ਹੈ ਕਿ ਉਸ ਦੇ ਕੀਤੇ ਹੁਕਮ, ਰਜ਼ਾ ਉਤੇ ਕੋਈ ਕਿੰਤੂ ਪ੍ਰੰਤੂ ਸ਼ੋਭਾ ਨਹੀਂ ਦਿੰਦਾ। ਅਕਾਲ ਪੁਰਖ ਸੱਚਾ ਪਾਤਿਸ਼ਾਹ ਹੈ, ਪਾਤਿਸ਼ਾਹਾਂ ਦਾ ਭੀ ਪਾਤਿਸ਼ਾਹ ਹੈ। ਸਾਨੂੰ ਸਭ ਜੀਵਾਂ ਨੂੰ ਉਸ ਦੀ ਰਜ਼ਾ ਵਿਚ ਰਹਿਣਾ ਹੀ ਸ਼ੋਭਾ ਦਿੰਦਾ ਹੈ -

***ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ***

***ਮਾਇਆ ਜਿਨਿ ਉਪਾਈ ॥ ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥ ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ॥ ੨੭ ॥***

ਜਪੁਜੀ ਦੀਆਂ ਅਗਲੀਆਂ ਤਿੰਨ ਪਉੜੀਆਂ ਵਿਚ ਜੋਗੀਆਂ ਨੂੰ ਉਪਦੇਸ਼ ਕੀਤਾ ਹੈ ਕਿ ਬਾਹਰਮੁਖੀ ਭੇਖ ਧਾਰਨ ਕਰਨ ਦੀ ਥਾਂ ਅੰਦਰ ਦੇ ਗੁਣ ਧਾਰਨ ਕਰੋ। ਜੋਗੀ ਆਮ ਤੌਰ ਤੇ ਕੰਨਾਂ ਵਿਚ ਬਲੌਰ ਦੀਆਂ ਮੁੰਦਰਾਂ ਪਹਿਨਦੇ ਹਨ, ਮੰਗਣ ਜਾਣ ਸਮੇਂ ਹੱਥ ਵਿਚ ਖੱਪਰ ਅਤੇ ਮੋਢੇ ਤੇ ਝੋਲੀ ਲਟਕਾਉਂਦੇ ਹਨ, ਪਿੰਡੇ ਤੇ ਗੋਹੇ ਦੀ ਸੁਆਹ ਮਲਦੇ ਹਨ, ਟਾਕੀਆਂ ਵਾਲੀ ਗੋਦੜੀ ਪਹਿਨਦੇ ਹਨ ਅਤੇ ਹੱਥ ਵਿਚ ਡੰਡਾ ਰਖਦੇ ਹਨ। ਇਸ ਭੇਸ ਵਿਚ ਉਹ ਘਰ-ਘਰ ਮੰਗਣ ਜਾਂਦੇ ਹਨ ਅਤੇ ਦਰ 'ਤੇ ਖੜ੍ਹੇ ਹੋ ਕੇ 'ਆਦੇਸ਼' ਬੋਲਦੇ ਹਨ। ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਇਹ ਬਾਹਰੀ ਭੇਖ, ਖਿੰਥਾ, ਮੁੰਦਰਾ, ਝੋਲੀ ਆਦਿ ਪ੍ਰਭੂ ਨਾਲੋਂ ਜੀਵਨ ਦੀ ਵਿੱਥ ਮਿਟਾਉਣ ਵਿਚ ਕਦਾਚਿਤ ਸਹਾਇਕ ਨਹੀਂ, ਇਹ ਕੂੜ ਦੀ ਪਾਲ ਤੋੜਨ ਦੇ ਸਾਧਨ ਨਹੀਂ। ਪ੍ਰਭੂ ਪ੍ਰਾਪਤੀ ਦਾ ਸਾਧਨ ਅੰਦਰ ਦੀ ਰਹਿਤ ਹੈ, ਸਤਿ ਸੰਤੋਖ, ਮਿਹਨਤ, ਧਿਆਨ, ਮੌਤ ਦਾ ਡਰ, ਸਰੀਰ ਨੂੰ ਵਿਸ਼ੇ ਵਿਕਾਰਾਂ ਤੋਂ ਬਚਾ ਕੇ ਰੱਖਣਾ ਅਤੇ ਅੰਦਰ ਪ੍ਰਭੂ ਲਈ ਪੂਰੀ ਸ਼ਰਧਾ ਤੇ ਪ੍ਰਤੀਤ ਹੋਵੇ ਤਾਂ ਹੀ ਕੂੜ ਦੀ ਕੰਧ ਟੁੱਟਦੀ ਹੈ -

*ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨ ਕੀ ਕਰਹਿ ਬਿਭੂਤਿ ॥*
*ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ ॥*
*ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥*
*ਆਦੇਸੁ ਤਿਸੈ ਆਦੇਸੁ ॥*
*ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥*
*॥੨੮ ॥*

ਹੇ ਜੋਗੀ! ਬਲੌਰ ਦੀਆਂ ਮੁੰਦਰਾਂ ਪਹਿਨਣ ਦੀ ਥਾਂ ਸੰਤੋਖ ਦੀਆਂ ਮੁੰਦਰਾਂ ਪਹਿਨ, ਮੰਗਣ ਜਾਣ ਲਈ ਖੱਪਰ ਤੇ ਝੋਲੀ ਲੈ ਕੇ ਜਾਂਦਾ ਹੈਂ, ਦਰ-ਦਰ ਮੰਗਣਾ ਉਤਮ ਕਿਰਿਆ ਨਹੀਂ, ਮਿਹਨਤ ਨੂੰ ਖੱਪਰ ਤੇ ਝੋਲੀ ਬਣਾ, ਸੱਚੀ ਕਿਰਤ ਕਰ ਤਾਂਕਿ ਦਰ-ਦਰ ਦੀ ਭਟਕਣਾ ਖਤਮ ਹੋਵੇ, ਅੰਦਰ ਟਿਕਾਉ ਆਵੇ। ਪਿੰਡੇ ਤੇ ਸੁਆਹ ਮਲ ਕੇ ਕੰਚਨ ਕਾਇਆ ਨੂੰ ਬਰਬਾਦ ਨਾ ਕਰ, ਇਹ ਹਰਿਮੰਦਰ ਹੈ, ਤੇਰੇ ਸਰੀਰ ਵਿਚ ਪ੍ਰਭੂ ਵਸਦਾ ਹੈ, ਉਸ ਦਾ ਧਿਆਨ ਧਰ, 'ਧਿਆਨ' ਦੀ ਸੁਆਹ ਮਲ। ਮੌਤ ਦਾ ਭਉ (ਡਰ) ਤੇਰੀ ਗੋਦੜੀ ਹੋਵੇ। ਸਦਾ ਮੌਤ ਨੂੰ ਯਾਦ ਰੱਖਣ ਨਾਲ ਮਨੁੱਖ ਵੈਰ ਵਿਰੋਧ ਅਤੇ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਐਸੀ ਜੁਗਤਿ ਨੂੰ ਧਾਰਨ ਕਰ, ਅੰਦਰ ਸ਼ਰਧਾ ਲਿਆ, ਪ੍ਰਤੀਤ ਨੂੰ ਡੰਡਾ ਬਣਾ। ਜੋਗ ਦੇ 12 ਫਿਰਕਿਆਂ ਵਿਚੋਂ 'ਆਈ ਪੰਥ' ਸਭ ਤੋਂ ਸ੍ਰੇਸ਼ਠ ਮੰਨਿਆ ਜਾਂਦਾ ਹੈ। ਸਾਰੀ ਸ੍ਰਿਸ਼ਟੀ ਦੇ ਜੀਵਾਂ ਨੂੰ ਆਪਣੇ ਮਿੱਤਰ ਸਮਝ, ਇਹ ਅਸਲ ਆਈ ਪੰਥ ਹੈ। ਸੰਸਾਰ ਨੂੰ ਅਧੀਨ ਕਰਨਾ ਮਨੁੱਖ ਦਾ ਆਦਰਸ਼ ਨਹੀਂ, ਮਨ ਨੂੰ ਜਿੱਤਣਾ ਹੀ ਅਸਲ ਵਿਚ ਸੰਸਾਰ ਨੂੰ ਜਿੱਤਣਾ ਹੈ। ਘਰ-ਘਰ ਜਾ ਕੇ 'ਆਦੇਸ਼' (ਪ੍ਰਣਾਮ) ਕਰਨ ਦੀ ਥਾਂ ਉਸ ਅਕਾਲ ਪੁਰਖ ਪ੍ਰਮਾਤਮਾ ਨੂੰ ਪ੍ਰਣਾਮ ਕਰ, ਜੋ ਸਭ ਦਾ ਮੁੱਢ ਹੈ, ਜੋ ਨਿਰਮਲ, ਸ਼ੁੱਧ ਸਰੂਪ ਹੈ, ਜਿਸ ਦਾ ਕੋਈ ਆਦਿ (ਮੁੱਢ) ਨਹੀਂ, ਜੋ ਨਾਸ-ਰਹਿਤ ਹੈ ਅਤੇ ਸਦਾ ਹੀਇਕ ਰਸ ਵਿਆਪਕ ਰਹਿੰਦਾ ਹੈ। ਐਸਾ ਉਪਦੇਸ਼ ਗੁਰੂ ਜੀ ਨੇ ਜੋਗੀਆਂ ਨੂੰ ਦਿਤਾ।

ਜੋਗੀਆਂ ਨੂੰ ਸੰਬੋਧਨ ਕਰਦੇ ਗੁਰੂ ਜੀ ਅਗਲੀ ਪਉੜੀ 29 ਵਿਚ ਫੁਰਮਾਨ ਕਰਦੇ ਹਨ ਕਿ ਹੇ ਜੋਗੀ! ਬਾਹਰਲੇ ਭੰਡਾਰੇ ਕੇਵਲ ਉਦਰ ਪੂਰਤੀ ਲਈ ਅਤੇ ਵਿਖਾਵੇ ਮਾਤਰ ਹਨ। ਅਕਾਲ ਪੁਰਖ ਦੀ ਸਰਬ-ਵਿਆਪਕਤਾ ਤੇ ਸਰਬ ਭਰਪੂਰਤਾ ਦਾ ਗਿਆਨ ਹੀ ਅਸਲ ਭੰਡਾਰਾ ਹੈ। ਇਹ ਗਿਆਨ ਧਾਰਨ ਕਰ, ਇਹ ਹੀ ਅਸਲ ਚੂਰਮਾ ਹੈ। ਦਇਆ ਇਸ ਗਿਆਨ ਰੂਪ ਭੰਡਾਰੇ ਦੀ ਵਰਤਾਵੀ ਹੋਵੇ। ਜੋਗੀ ਭੰਡਾਰਾ ਖਾਣ ਵੇਲੇ ਇਕ ਨਾਦੀ ਵਜਾਂਦੇ ਹਨ ਜੋ ਉਨ੍ਹਾਂ ਆਪਣੇ ਗਲ ਵਿਚ ਲਟਕਾਈ ਹੁੰਦੀ ਹੈ, ਇਸ ਬਾਹਰੀ ਨਾਦੀ ਦੀ ਥਾਂ ਉਸ ਸ਼ਬਦ ਨੂੰ ਸੁਣ ਜੋ ਸਭਨਾਂ ਘਟਾਂ ਵਿਚ ਵੱਜ ਰਿਹਾ ਹੈ, ਜਿਸ ਨਾਲ ਸਾਰੇ ਜੀਵਾਂ ਦੇ ਅੰਦਰ ਇਕ ਜੀਵਨ-ਰੌ ਚਲ ਰਹੀ ਹੈ। ਭੰਡਾਰਾ ਛਕਣ ਸਮੇਂ ਇਸ ਅਨਹਦ-ਨਾਦ ਨੂੰ ਸੁਣ। ਦੁਨਿਆਵੀ ਨਾਥਾਂ ਨੂੰ ਮਾਲਕ ਨਾ ਜਾਣ, ਸਗੋਂ ਉਸ ਅਕਾਲ ਪੁਰਖ ਨੂੰ ਆਪਣਾ ਨਾਥ ਸਮਝ ਜਿਸ ਦੇ ਵਸ ਵਿਚ ਸਾਰੀ ਸ੍ਰਿਸ਼ਟੀ ਹੈ। ਇਸ ਤਰ੍ਹਾਂ ਤੇਰੇ ਅੰਦਰੋਂ ਕੂੜ ਦੀ ਕੰਧ ਟੁੱਟ ਸਕਦੀ ਹੈ ਅਤੇ ਪ੍ਰਮਾਤਮਾ ਨਾਲੋਂ ਤੇਰੀ ਵਿੱਥ ਮਿਟ ਸਕਦੀ ਹੈ। ਜੋਗ ਸਾਧਨਾ ਰਾਹੀਂ ਤੂੰ ਜੋ ਰਿੱਧੀਆਂ-ਸਿੱਧੀਆਂ ਪ੍ਰਾਪਤ ਕਰਦਾ ਹੈ, ਇਹ ਵਿਅਰਥ ਹਨ, ਇਹ ਤਾਂ ਹੋਰ ਪਾਸੇ ਖੜ੍ਹਨ ਵਾਲੇ ਸੁਆਦ ਹਨ, ਲੋਕਾਂ ਨੂੰ ਵਸ ਕਰਨ ਅਤੇ ਹਉਮੈ ਦੇ ਵਾਧੇ ਦੇ ਵਸੀਲੇ ਹਨ। ਇਸ ਪ੍ਰਤੀ ਗੁਰੂ ਜੀ ਦਾ ਫੁਰਮਾਨ ਹੈ -

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥*

*ਅੰਗ - ੧੪*

ਰਿੱਧੀਆਂ-ਸਿੱਧੀਆਂ ਕਰਾਮਾਤਾਂ ਦੀ ਪ੍ਰਾਪਤੀ ਮਨੁੱਖ ਨੂੰ ਕੁਰਾਹੇ ਪਾਉਣ ਵਾਲੀਆਂ ਮਾਇਕ ਸ਼ਕਤੀਆਂ ਹਨ। ਅਕਾਲ ਪੁਰਖ ਦੀ ਸੰਜੋਗ ਸੱਤਾ ਅਤੇ ਵਿਜੋਗ ਸੱਤਾ, ਦੋਵੇਂ ਮਿਲ ਕੇ ਇਸ ਸੰਸਾਰ ਦੀ ਕਾਰ ਵਿਹਾਰ ਨੂੰ ਚਲਾ ਰਹੀਆਂ ਹਨ ਅਰਥਾਤ ਪਿਛਲੇ ਕਰਮਾਂ ਦੇ ਸੰਜੋਗ ਕਰ ਕੇ ਜੀਵ ਇਕ ਟੱਬਰ ਵਿਚ ਆ ਇਕੱਠੇ ਹੁੰਦੇ ਹਨ, ਜੀਵਨ-ਭਰ ਕਿਰਿਆਸ਼ੀਲ ਰਹਿੰਦੇ ਹਨ, ਫਿਰ ਰਜ਼ਾ ਵਿਚ

*(ਬਾਕੀ ਪੰਨਾ 55 'ਤੇ)*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੩

**੧੧. (ਗੁਰ ਸਿੱਖ ਅਭੇਦ)**
**ਗੁਰ ਸਿਖੁ ਸਿਖੁ ਗੁਰ ਦੋਇ ਅਲਖੁ ਲਖਾਇਆ।**
**ਗੁਰ ਦੀਖਿਆ ਲੈ ਸੋਇ ਸਿਖੁ ਸਦਾਇਆ।**
**ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।**
**ਹੀਰਾ ਕਣੀ ਪਰੋਇ ਹੀਰੁ ਬਿਧਾਇਆ।**
**ਜਲ ਤਰੰਗੁ ਅਵਲੋਇ ਸਲਿਲ ਸਮਾਇਆ।**
**ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।**
**ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।**
**ਦੁਧਹੁਂ ਦਹੀ ਵਿਲੋਇ ਘੇਉ ਕਢਾਇਆ।**
**ਇਕ ਚਾਨਣੁ ਤ੍ਰਿਹੁ ਲੋਇ ਪ੍ਰਗਟੀ ਆਇਆ॥੧੧॥**
**ਪਦਾਰਥ - (ਅਵਲੋਇ=ਦੇਖੋ) ਸਲਿਲ=ਜਲ, ਢੋਇ=ਕਾਰਨ)**

ਅਰਥ - 1. ਗੁਰੂ ਨੇ ਸਿੱਖ ਹੋ ਕੇ ਤੇ ਸਿੱਖ ਨੇ ਗੁਰੂ ਹੋ ਕੇ ਦੋਹਾਂ ਨੇ ਅਲਖ (ਪਰਮੇਸਰ) ਨੂੰ ਲਖਾ ਦਿਤਾ ਹੈ। 2. (ਕਿੱਕੁਰ? ਉੱਤਰ) ਗੁਰੂ (ਨਾਨਕ) ਦੀ ਸਿਖਿਆ ਲੈ ਕੇ (ਅੰਗਦ ਪਹਿਲੇ) ਸਿੱਖ ਸਦਾਇਆ। 3. (ਜਦ ਦੀਖਯਾ ਦੀ ਕਮਾਈ ਹੋ ਗਈ ਅਰ) ਸਿੱਖ ਗੁਰੂ ਨੂੰ ਭਾ ਗਿਆ (ਤਦ) ਗੁਰੂ ਨਾਲ ਇਕ (ਰੂਪ) ਹੋ ਗਿਆ। 4. (ਮਾਨੋ) ਹੀਰੇ ਦੀ ਕਣੀ ਨੇ ਹੀਰੇ ਨੂੰ ਵਿੰਨ੍ਹ ਕੇ ਪੂਰੋ ਦਿਤਾ। 5. (ਜਿਵੇਂ) ਜਲ ਦੇ ਤਰੰਗਾਂ (ਲਹਿਰਾਂ) ਨੂੰ ਦੇਖੋ, ਜਲ ਵਿਚ ਹੀ ਸਮਾਅ ਜਾਂਦੀਆਂ ਹਨ। 6. (ਜਿੱਕੁਰ) ਦੀਵੇ ਤੋਂ ਦੀਵਾ ਜਗ ਕੇ ਜੋਤ ਵਿਚ ਜੋਤ ਸਮਾ ਜਾਂਦੀ ਹੈ 7. ਅਸਚਰਜ (ਤੋਂ) ਅਸਚਰਜ ਕਾਰਨਾਂ (ਨਾਲ) ਚਰਿੱਤ੍ਰ ਰਚ ਦਿਤਾ। 8. ਜਿੱਕੁਰ ਦੁੱਧ ਤੋਂ ਦਹੀਂ (ਤੇ ਦਹੀਂ ਰਿੜਕ ਕੇ) ਘਿਉ ਕੱਢ ਲਿਆ। 9. ਇਕੋ ਚਾਨਣਾ (ਵਾਹਿਗੁਰੂ ਦੇ ਗਿਆਨ ਦਾ) ਤਿੰਨਾਂ ਲੋਕਾਂ ਵਿਚ (ਐਉਂ) ਪ੍ਰਗਟ ਹੋ ਗਿਆ।

ਭਾਵ - ਇਹ (ਅਸੂਲ) ਨਿਯਮ ਜੋ ਏਥੇ ਵਰਣਨ ਕੀਤਾ ਹੈ, ਦਸਾਂ ਪਾਤਸ਼ਾਹੀਆਂ ਦੇ ਪਰਸਪਰ ਸਬੰਧ ਪਰ ਘਟਦਾ ਹੈ, ਭਾਈ ਸਾਹਿਬ ਜੀ ਅਗਲੀ ਪਉੜੀ ਵਿਚ ਇਸੇ ਬਾਤ ਦਾ ਵਰਣਨ ਖੋਲ੍ਹ ਕੇ ਕਰਦੇ ਹਨ।

**੧੨ (ਉਪਰਲੇ ਭਾਵ ਪਰ ਹੈ)**
**ਸਤਿਗੁਰ ਨਾਨਕ ਦੇਉ ਗੁਰਾ ਗੁਰੁ ਹੋਇਆ।**
**ਅੰਗਦੁ ਅਲਖੁ ਅਭੇਉ ਸਹਜਿ ਸਮਾਇਆ।**
**ਅਮਰਹੁ ਅਮਰ ਸਮੇਉ ਅਲਖੁ ਅਲੋਇਆ।**
**ਰਾਮ ਨਾਮ ਅਰਿਖੇਉ ਅੰਮ੍ਰਿਤੁ ਚੋਇਆ।**
**ਗੁਰ ਅਰਜਨ ਕਰਿ ਸੇਉ ਢੋਐ ਢੋਇਆ।**
**ਗੁਰ ਹਰਿ ਗੋਬਿੰਦੁ ਅਮੇਉ ਅਮਿਉ ਵਿਲੋਇਆ।**
**ਸਚਾ ਸਚਿ ਸੁਚੇਉ ਸਚਿ ਖਲੋਇਆ।**
**ਆਤਮ ਅਗਹ ਅਗਹੇਉ ਸਬਦੁ ਪਰੋਇਆ।**
**ਗੁਰਮੁਖ ਅਭਰ ਭਰੇਉ ਭਰਮ ਭਉ ਖੋਇਆ।੧੨॥**

ਪਦਾਰਥ - ਸਮੇਉ=ਸਮਾਉਣਾ, ਰਾਮ ਨਾਮ=ਗੁਰੂ ਰਾਮਦਾਸ, ਅਰਖੇਉ=ਪ੍ਰੇਮ, ਢੋਐ ਢੋਇਆ=ਦਾਤ ਨਾਲ ਵਡਯਾਏ ਗਏ, ਅਗਹੇਉ=ਅਗਹ, ਅਭਰ=ਖਾਲੀ

ਅਰਥ - 1. ਸਤਿਗੁਰ ਨਾਨਕ ਦੇਵ ਜੀ ਗੁਰਾਂ ਦੇ ਗੁਰੂ ਹੋਏ। 2. (ਜਿਨ੍ਹਾਂ ਨੇ) ਅੰਗਦ ਦੇਵ ਜੀ ਨੂੰ ਅਲਖ ਤੇ ਅਭੇਦ (ਵਾਹਿਗੁਰੂ ਵਿਚ) ਸਹਿਜ (ਪਦ ਦੇ ਕੇ) ਸਮਾ ਦਿਤਾ। 3. (ਗੁਰੂ ਅੰਗਦ ਨੇ) ਅਮਰਦਾਸ ਜੀ ਨੂੰ 'ਅਮਰ' (ਈਸ਼੍ਵਰ) ਵਿਖੇ ਸਮਾ ਕੇ ਅਲੱਖ ਨੂੰ ਲਖਾ ਦਿਤਾ। 4. (ਗੁਰੂ) ਰਾਮਦਾਸ ਜੀ ਨੂੰ (ਗੁਰੂ ਅਮਰਦਾਸ ਨੇ) ਪ੍ਰੇਮ (ਦੇ ਪਿਆਲੇ) ਦਾ ਅੰਮ੍ਰਿਤ ਚੋਇਆ। 5. ਗੁਰੂ ਅਰਜਨ ਜੀ ਨੇ ਸੇਵਾ ਕੀਤੀ (ਗੁਰੂ ਰਾਮਦਾਸ ਵਲੋਂ) ਦਾਤ ਨਾਲ ਨਿਵਾਜੇ ਗਏ 6. ਹਰਿ ਗੋਬਿੰਦ ਜੀ ਨੇ (ਸ਼ਬਦ) ਅੰਮ੍ਰਿਤ ਨੂੰ ਰਿੜਕਿਆ ਤੇ ਗੁਰੂ (ਅਰਜਨ ਜੀ ਦੀ ਕ੍ਰਿਪਾ ਨਾਲ)

ਅਮੇਉ=(ਅਗਾਧ) ਹੋ ਗਏ (ਅਥਵਾ) 7. ਸਚੇ (ਅਕਾਲ ਪੁਰਖ ਦਾ) ਸੱਚ (ਏਨਾਂ ਸੁਚਿਆਂ) (ਦੀ ਕ੍ਰਿਪਾ ਕਰਕੇ) ਸਚਮੁੱਚ (ਸਿੱਖਾਂ ਦੇ ਰਿਦੇ ਵਿਚ) ਖਲੋ ਰਿਹਾ। 8. (ਜਿਨ੍ਹਾਂ ਨੇ) ਆਤਮ (ਮਨ) ਨੂੰ ਅਗਾਧ ਸ਼ਬਦ ਨਾਲ (ਗੁਰਾਂ ਨੇ) ਪੁਰੋ ਦਿਤਾ। 9. (ਏਨ੍ਹਾਂ) ਗੁਰਮੁਖਾਂ ਨੇ ਨਾ ਭਰੇ ਜਾਣ ਵਾਲੇ (ਹਿਰਦਿਆਂ) ਨੂੰ (ਗੁਰ ਸ਼ਬਦ ਨਾਲ) ਭਰਪੂਰ ਕਰਕੇ (ਸੰਸਾਰ ਦਾ) ਭਰਮ ਤੇ ਡਰ ਦੂਰ ਕਰ ਦਿਤਾ।

**੧੩. (ਗੁਰਮੁਖ)**

**ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗ ਹੈ।
ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।
ਮਧੁਰ ਬਚਨ ਆਲਾਉ ਹਉਮੈ ਤਿਆਗੁ ਹੈ।
ਸਤਿਗੁਰ ਮਤਿ ਪਰਥਾਉ ਸਦਾ ਅਨੁਰਾਗੁ ਹੈ।
ਪਿਰਮ ਪਿਆਲੇ ਸਾਉ ਮਸਤਕਿ ਭਾਗ ਹੈ।
ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।
ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥੧੩॥**

ਪਦਾਰਥ - ਅਲਾਉ=ਬੋਲਣਾ, ਪਰਥਾਉ=ਅਨੁਸਾਰ, ਆਸਰੇ; ਸਾਉ=ਸੁਆਦ

ਅਰਥ - 1. ਸਾਧਸੰਗਤ (ਵਿਖੇ ਗੁਰਮੁਖ ਲੋਕ) ਭਉ (ਡਰ) ਤੇ ਭਾਉ (ਪ੍ਰੇਮ), ਰਖਦੇ ਤੇ ਸਹਿਜੇ ਹੀ ਵੈਰਾਗੀ ਰਹਿੰਦੇ ਹਨ। 2. ਗੁਰਮੁਖ ਸਹਿਜ ਸੁਭਾਅ ਹੀ ਸੁਰਤ ਵਿਖੇ ਜਾਗਦੇ ਰਹਿੰਦੇ ਹਨ (ਭਾਵ ਸੁਰਤ ਸ਼ਬਦ ਵਿਖੇ ਜੁੜੀ ਰਹਿੰਦੀ ਹੈ) 3. ਮਿੱਠੇ ਬਚਨ ਬੋਲਦੇ ਹਨ, ਹਉਮੈ ਦਾ (ਸਦਾ) ਤਿਆਗ (ਰਖਦੇ ਹਨ) 4. ਸਤਿਗੁਰਾਂ ਦੀ ਮਤ ਦੇ ਅਨੁਸਾਰ ਸਦਾ ਅਨੁਰਾਗ (ਪ੍ਰੇਮ) ਰਖਦੇ ਹਨ। 5. ਪਿਰੀ ਦੇ ਪਿਆਲੇ ਦਾ ਸਾਉ (ਸੁਆਦ) ਆਇਆ ਹੈ, ਮੱਥੇ ਪੂਰ ਭਾਗ ਹੈ। 6. ਬ੍ਰਹਮ ਜੋਤ ਕਰਕੇ ਬ੍ਰਹਮਾ ਆਦਿਕਾਂ ਨੂੰ ਬੀ ਗਿਆਨ ਦੇ ਚਰਾਗ (ਦੀਵੇ) ਦੇਣ ਹਾਰੇ (ਹੋ ਗਏ ਹਨ) 7. ਅੰਦਰ ਗੁਰੂ ਦੀ ਮਤ ਕਰਕੇ (ਵੱਡਾ) ਚਾਉ (ਆਨੰਦ) ਹੈ, (ਇਸੇ ਕਰਕੇ ਮਾਯਾ ਤੋਂ) ਅਲੇਪ (ਤੇ ਵਿਸ਼ਯਾਂ ਥੋਂ) ਬੇਦਾਗ਼ ਹਨ। 8. ਸੰਸਾਰ (ਵੀਹ ਵਿਸ਼ਿਆਂ ਵਿਖੇ ਫਸਿਆ ਹੋਇਆ ਹੈ) ਗੁਰਮੁਖ (ਇਕੀਸ=ਇਕ ਈਸ਼੍ਵਰ ਵਿਖੇ) ਚੜ੍ਹਾਉ (ਉਨੱਤੀ) ਕਰਦੇ ਹਨ, (ਇਸ ਕਰਕੇ) ਸਦਾ ਸੁਹਾਗ (ਸਦਾ ਜੀਵਨ ਮੁਕਤਿ ਦਾ ਆਨੰਦ ਲੈ ਰਹੇ) ਹਨ।

**੧੪. (ਉਪਰਲੇ ਭਾਵ)**

**ਗੁਰਮੁਖਿ ਸਬਦ ਸਮਾਲ ਸੁਰਤਿ ਸਮਾਲੀਐ।
ਗੁਰਮੁਖਿ ਨਦਰਿ ਨਿਹਾਲ ਨੇਹ ਨਿਹਾਲੀਐ।
ਗੁਰਮੁਖਿ ਸੇਵਾ ਘਾਲਿ ਵਿਰਲੇ ਘਾਲੀਐ।
ਗੁਰਮੁਖਿ ਦੀਨ ਦਇਆਲ ਹੇਤੁ ਹਿਆਲੀਐ।
ਗੁਰਮੁਖਿ ਨਿਬਹੈ ਨਾਲਿ ਗੁਰ ਸਿਖ ਪਾਲੀਐ।
ਰਤਨ ਪਦਾਰਥ ਲਾਲ ਗੁਰਮੁਖਿ ਭਾਲੀਐ।
ਗੁਰਮੁਖਿ ਅਕਲ ਅਕਾਲ ਭਗਤਿ ਸੁਖਾਲੀਐ।
ਗੁਰਮੁਖਿ ਹੰਸਾ ਢਾਲਿ ਰਸਿਕ ਰਸਾਲੀਐ॥੧੪॥**

ਪਦਾਰਥ - (ਨਿਹਾਲੀਐ=ਦੇਖਦੇ (ਅ) ਪ੍ਰਸੰਨ ਹੁੰਦੇ। ਹੇਤੁ ਹਿਆਲੀਐ=ਰਿਦੇ ਦਾ ਪ੍ਰੇਮ) (ਹੰਸਾ ਢਾਲਿ=ਹੰਸਾਂ ਵਾਂਙੂ। ਰਸਿਕ ਰਸਾਲੀਐ=ਪ੍ਰੇਮੀਆਂ ਦਾ ਪ੍ਰੇਮੀ। ਰਸਾਂ ਦਾ ਘਰ।

ਅਰਥ - 1. ਜੋ ਗੁਰਮੁਖਾਂ ਦੇ ਸ਼ਬਦ ਨੂੰ (ਸੰਮ੍ਹਾਲ) ਯਾਦ ਰਖਦੇ ਹਨ, (ਓਹ ਸੁਰਤ ਵਿਚ) ਭਗਵੰਤ ਦੀ ਪ੍ਰੀਤ ਨੂੰ ਯਾਦ ਰਖਦੇ ਹਨ। (ਅਥਵਾ ਗੁਰਮੁਖ ਤੋਂ ਸ਼ਬਦ ਦੀ ਸੰਮ੍ਹਾਲ ਸਿੱਖ ਕੇ ਉਸ ਨੂੰ ਸੁਰਤ ਵਿਚ ਸੰਮ੍ਹਾਲ ਕੇ ਰੱਖੀਏ, ਭਾਵ ਸੁਰਤ ਸ਼ਬਦ ਦਾ ਅਭਿਆਸ ਕਰਨਾ ਚਾਹੀਏ) 2. ਗੁਰਮੁਖਾਂ ਦੀ ਨਦਰ ਕਰਕੇ ਨਿਹਾਲ ਹੋਈਦਾ ਹੈ (ਇਸੇ ਕਰਕੇ ਉਨ੍ਹਾਂ ਦੇ ਨੇਹ) ਪਿਆਰ ਨਾਲ ਦਰਸ਼ਨ ਕਰੀਏ। 3. ਗੁਰਮੁਖਾਂ ਦੀ ਸੇਵਾ ਦੀ ਘਾਲ ਕਮਾਈ (ਕਿਸੇ) ਵਿਰਲੇ ਨੇ ਕੀਤੀ ਹੈ। 4. ਗੁਰਮੁਖ ਦੀਨ ਦਿਆਲੂ ਹਨ (ਹੇਤ ਹਿਆਲੀਐ) ਦਿਲੀ ਮੁਹੱਬਤ ਰਖਦੇ ਹਨ। 5. ਗੁਰਮੁਖ ਨਾਲ ਨਿਬਾਹੁੰਦੇ ਹਨ (ਭਾਵ ਅੰਤ ਤਕ ਸਹਾਈ ਹੁੰਦੇ ਹਨ ਤਾਂ ਤੇ) ਗੁਰ ਸਿਖਿਆ ਨੂੰ ਪਾਲੀਏ। 6. (ਰਤਨ) ਵੈਰਾਗ (ਲਾਲ) ਪ੍ਰੇਮ (ਆਦਿ) ਪਦਾਰਥ ਗੁਰਮੁਖਾਂ ਪਾਸੋਂ ਟੋਲੀਏ। 7. (ਕਿਉਂਕਿ) ਗੁਰਮੁਖ (ਅਕਲ) ਕਲਪਨਾ ਤੋਂ ਰਹਿਤ ਹਨ, (ਅਕਾਲ) ਅਮਰ ਹਨ, ਉਨ੍ਹਾਂ ਦੀ (ਭਗਤੀ) ਸੇਵਾ ਸੁੱਖਾਂ ਦਾ ਘਰ ਹੈ। 8. ਗੁਰਮੁਖ (ਲੋਕ) ਹੰਸਾਂ ਵਾਂਗ (ਤੱਤ ਮਿਥਿਆ ਦਾ ਵਿਵੇਚਨ ਕਰਦੇ ਹਨ, ਮਨੋਂ ਤਨੋਂ ਪ੍ਰੇਮੀ ਹੋ ਕੇ ਪ੍ਰੇਮ ਕਰਦੇ ਹਨ।

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## 96. ਇਕ ਮਨ ਇਕ ਚਿੱਤ ਭਜਨ ਦੀ ਸ਼ਕਤੀ

*ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥*
*ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥ ਅੰਗ- ੩੦੬*

*ਏਕ ਚਿਤ ਜਿਹ ਇਕ ਛਿਨ ਧਿਆਇਓ॥*
*ਕਾਲ ਫਾਸ ਕੇ ਬੀਚ ਨ ਆਇਓ॥ (ਪਾਤਿਸ਼ਾਹੀ ੧੦)*

*ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥*
*ਸਾਵਧਾਨ ਏਕਾਗਰ ਚੀਤ॥ ਅੰਗ- ੨੯੫*

ਇਕ ਛਿਨ ਮਾਤ੍ਰ ਬਿਰਤੀ ਕੀ ਇਕਾਗਰਤਾ ਹਰੀ ਜਸ ਮੇਂ ਹੋਨੇ ਕਾ ਕ੍ਰੋੜ ਅਸ੍ਵਮੇਧ ਜਗ ਕਾ ਫਲ ਹੈ ਔਰ ਸ਼ਾਂਤੀ ਔਰ ਸੁਖ ਫਲ ਹੈ।

ਪ੍ਰਤਿਆਹਾਰ = ਇੰਦ੍ਰੀਓਂ ਕੋ ਬਾਹਰ ਸੇ ਰੋਕਨਾ ਹੈ।

ਧਾਰਨਾ = ਬਾਰਾਂ ਸੈਕਿੰਡ ਬਿਰਤੀ ਕਾ ਇਕਾਗਰ ਹੋਨਾ।

ਧਿਆਨ = ਬਾਰਾਂ ਧਾਰਨਾਓਂ ਕਾ ਏਕ ਧਿਆਨ ਹੋਤਾ ਹੈ। (12X12) 144 ਸੈਕਿੰਡ 2 ਮਿੰਟ 12 ਸੈਕਿੰਡ)

ਸਮਾਧ = ਬਾਰਾਂ ਧਿਆਨੋਂ ਕੀ ਏਕ ਸਮਾਧ ਹੋਤੀ ਹੈ (ਅੱਧਾ ਘੰਟਾ ਜਾਂ 24 ਮਿੰਟ)

ਤਕਰੀਬਨ ਅੱਧਾ ਘੰਟਾ ਬਿਰਤੀ ਕੀ ਇਕਾਗਰਤਾ ਕਾ ਨਾਮ ਹੈ। ਇਸੀ ਤਰਹ ਸਮਾਧੀਆਂ ਲਗਾਤੇ-ਲਗਾਤੇ ਰੋਜ਼ਾਨਾ ਅਭਿਆਸ ਕਰਤੇ-ਕਰਤੇ ਬੜ੍ਹਾਤੇ ਜਾਓ। ਕਾਫੀ ਦੇਰ ਕੇ ਐਸੇ ਅਭਿਆਸ ਸੇ ਦੋ ਸ਼ਕਤੀਆਂ ਪੈਦਾ ਹੂਆ ਕਰਤੀ ਹੈਂ। ਏਕ ਰਿੱਧੀ, ਸਿੱਧੀ, ਨਿੱਧੀ ਔਰ ਦੂਸਰੀ ਬ੍ਰਹਮ ਗਿਆਨ (ਪ੍ਰਭੂ ਪ੍ਰਾਪਤੀ)

*ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥*
*ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ ॥ ਅੰਗ- ੨੬੨*

ਗ਼ੈਰ ਲਾਜ਼ਮੀ ਔਰ ਲਾਜ਼ਮੀ ਦੋਨੋਂ ਸ਼ਕਤੀਆਂ ਮਨ ਕੀ ਇਕਾਗਰਤਾ ਕਰਤੇ-ਕਰਤੇ ਆਤੀ ਹੈਂ। ਜੈਸੇ ਕਿ ਬੋੜ੍ਹ ਕੇ ਬੀਜ ਮੇਂ ਬੋੜ੍ਹ ਕਾ ਦਰਖ਼ਤ ਛੁਪਾ ਹੂਆ ਹੋਤਾ ਹੈ, ਇਸੀ ਤਰਹ ਸੇ ਹਰ ਏਕ ਕੇ ਅੰਦਰ 'ਖੁਦਾ' ਔਰ 'ਖੁਦਾਈ ਤਾਕਤੇਂ' ਛੁਪੀ ਹੁਈ ਹੈਂ ਔਰ ਨਾਮ ਅਭਿਆਸ ਸੇ ਚਿੱਤ ਕੀ ਇਕਾਗਰਤਾ ਦੁਆਰਾ ਵੋਹ ਅੰਦਰ ਸੇ ਹੀ ਪ੍ਰਗਟ ਹੋ ਜਾਇਆ ਕਰਤੀ ਹੈਂ। ਗੈਰ ਲਾਜ਼ਮੀ (ਰਿੱਧੀ ਸਿੱਧੀ ਨਿਧੀ) ਕੀ ਤਰਫ ਖ਼ਿਆਲ ਨਹੀਂ ਦੇਨਾ ਔਰ ਲਾਜ਼ਮੀ ਅਸਲੀ ਮਕਸਦ (ਪ੍ਰਭੂ ਪ੍ਰਾਪਤੀ) ਕੀ ਤਰਫ਼ ਹੀ ਖਿਆਲ ਕੋ ਰਖਨਾ ਚਾਹੀਦੇ।

*ਵਕਤੇ ਗੁਜ਼ਰਾਨ ਮਿਹਰ ਗੁਜ਼ਰ ਜਾਤਾ ਹੈ,*
*ਇਨਸਾਨ ਆਤਾ ਹੈ ਔਰ ਆ ਕੇ ਚਲਾ ਜਾਤਾ ਹੈ।*
*ਹੈ ਜ਼ਿੰਦਾ ਜਾਵੇਦ ਔਰ ਨੇਕ ਅੰਜਾਮ,*
*ਜੋ ਆ ਕੇ ਕੋਈ ਕਾਮ ਭੀ ਕਰ ਜਾਤਾ ਹੈ।*

**ਔਰ ਵੋਹ ਕਾਮ ਕਿਆ ਹੈ?**

ਮੁਝੇ ਯਾਰ-ਏ-ਹਕੀਕੀ ਕੀ ਯਾਦ ਕੇ ਬਗ਼ੈਰ ਕੋਈ ਕਾਮ ਨਹੀਂ। ਇਸ ਦੁਨੀਆਂ ਮੇਂ ਰਾਤ ਔਰ ਦਿਨ ਦਿਲ ਕੋ ਖੁਦਾ ਸੇ ਬਾਂਧ ਦੇਨਾ ਹੀ ਅਸਲੀ ਕਾਮ ਹੈ। ਇਸ ਵਾਸਤੇ ਮੇਰੀ ਦਿਨ ਰਾਤ ਯਹੀ ਕੋਸ਼ਿਸ਼ ਹੈ।

1. ਵਕਤੇ ਗੁਜ਼ਰਾਨ=ਮੁਸ਼ਕਲ ਸਮਾਂ 2. ਮਿਹਰ=ਕਵੀ ਦਾ ਉਪਨਾਮ 3. ਜਾਵੇਦ=ਹਮੇਸ਼ਾ ਰਹਿਣ ਵਾਲਾ 4. ਨੇਕ ਅੰਜਾਮ=ਅੱਛਾ ਅੰਤ 5. ਯਾਰ-ਏ-ਹਕੀਕੀ=ਰੱਬ ਦਾ ਪਿਆਰਾ

## 97. ਸਭ ਆਤਮ ਸਵਰੂਪ ਹੀ ਹੈ

ਮੈਂ ਸੱਤਾ ਸਮਾਨ, ਨਿਰਾਕਾਰ, ਨਿਰਵਿਕਾਰ, ਚਿਦਾਕਾਸ਼, ਅਖੰਡ, ਨਿਰਵਿਕਲਪ, ਪਰਮਾਨੰਦ, ਕੇਵਲ ਕੇਵਲੀ ਅਪਨੇ ਆਪ ਮੇਂ ਇਸਥਿਤ ਹੂੰ ਔਰ ਯੇਹ ਦ੍ਰਿਸ਼ ਯਾਨਿ ਜੋ ਕਿ ਭਾਸਤਾ ਹੈ, ਸਭ ਮੇਰੀ ਲਹਿਰੇਂ ਹੈਂ ਜੋ ਕਿ ਮੁਝ ਸੇ ਬਿਲਕੁਲ ਅਭਿੰਨ ਹੈਂ ਔਰ ਮੇਰਾ ਸਵਰੂਪ ਹੈਂ। ਇਸ ਵਾਸਤੇ ਏਕ ਅਦ੍ਵੈਤ ਵਸਤੂ ਅਪਨੇ ਆਪ ਮੇਂ ਇਸਥਿਤ ਹੈ ਜੋ ਕਿ ਬਿਨਾਂ ਯਤਨ ਹੀ ਸਮਾਧ ਰੂਪ ਹੈ ਔਰ ਸ੍ਵੈ ਸਰੂਪ ਹੈ। ਚੌਦਾਂ ਤ੍ਰਿਪਟੀਆਂ ਭੀ ਆਤਮ ਸਵਰੂਪ ਹੋਨੇ ਸੇ ਨਿਰਵਿਕਲਪ ਹੀ ਹੈਂ, ਜੈਸੇ –

1. ਸੋਨੇ ਕੇ ਬਹੁਤ ਸੇ ਜ਼ੇਵਰ ਏਕਾ ਸੋਨਾ ਹੀ ਹੈ। 2. ਖਾਂਡ ਕੇ ਬਹੁਤ ਸੇ ਖਿਲੌਨੇ ਏਕ ਖਾਂਡ ਹੀ ਹੈ। 3. ਪਾਨੀ ਕੇ ਬਹੁਤ ਸੇ ਤਰੰਗ ਔਰ ਬੁਲਬਲੇ ਏਕ ਪਾਨੀ ਹੀ ਹੈ। 4. ਮਿੱਟੀ ਕੇ ਬਹੁਤ ਸੇ ਬਰਤਨ ਏਕ ਮਿੱਟੀ ਹੀ ਹੈਂ। 5. ਸੁਪਨ ਕੇ ਬਹੁਤ ਸੇ ਪਦਾਰਥ ਏਕ ਸੁਪਨਾਵੀ ਹੀ ਹੈ।

***ਰਾਗੁ ਸੂਹੀ ਮਹਲਾ ੫ ਘਰੁ ੧***

*ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ ॥*
*ਸਾਂਗੁ ਉਤਾਰਿ ਥੰਮ੍ਹਿਓ ਪਾਸਾਰਾ ॥ ਤਬ ਏਕੋ ਏਕੰਕਾਰਾ ॥ ੧ ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ ॥ ਕਤਹਿ ਗਇਓ ਉਹੁ ਕਤ ਤੇ ਆਇਓ ॥ ੧ ॥ ਰਹਾਉ ॥*
*ਜਲ ਤੇ ਊਠਹਿ ਅਨਿਕ ਤਰੰਗਾ ॥ ਕਨਿਕ ਭੂਖਨ ਕੀਨੇ ਬਹੁ ਰੰਗਾ ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ ॥ ਫਲ ਪਾਕੇ ਤੇ ਏਕੰਕਾਰਾ ॥ ੨ ॥*
*ਸਹਸ ਘਟਾ ਮਹਿ ਏਕੁ ਆਕਾਸੁ ॥ ਘਟ ਫੂਟੇ ਤੇ ਓਹੀ ਪ੍ਰਗਾਸੁ ॥*
*ਭਰਮ ਲੋਭ ਮੋਹ ਮਾਇਆ ਵਿਕਾਰ ॥ ਭ੍ਰਮ ਛੂਟੇ ਤੇ ਏਕੰਕਾਰ ॥ ੩ ॥*
*ਓਹੁ ਅਬਿਨਾਸੀ ਬਿਨਸਤ ਨਾਹੀ ॥ ਨਾ ਕੋ ਆਵੈ ਨਾ ਕੋ ਜਾਹੀ ॥*
*ਗੁਰਿ ਪੂਰੈ ਹਉਮੈ ਮਲੁ ਧੋਈ ॥ ਕਹੁ ਨਾਨਕ ਮੇਰੀ ਪਰਮ ਗਤਿ ਹੋਈ ॥ ੪ ॥ ੧ ॥* *ਅੰਗ- ੭੩੬*

## 98. ਏਕ ਅਦ੍ਵੈਤ ਵਸਤੂ ਹੀ ਹੈ

*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥*
*ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥*
*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥*
*ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ ॥ ੨ ॥* *ਅੰਗ – ੪੮੫*

*ਸੂਖਮ ਅਸਥੂਲ ਸਗਲ ਭਗਵਾਨ ॥*
*ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥ ੧੪ ॥* *ਅੰਗ- ੨੯੯*

*ਆਪਹਿ ਸੂਖਮ ਆਪਹਿ ਅਸਥੂਲਾ ॥ ਲਖੀ ਨ ਜਾਈ ਨਾਨਕ ਲੀਲਾ ॥ ੧ ॥* *ਅੰਗ- ੨੫੦*

*ਕਿਸ ਨੋ ਕਹੀਐ ਨਾਨਕਾ ਸਭੁ ਕਿਛੁ ਆਪੇ ਆਪਿ ॥* *ਅੰਗ- ੪੭੫*

ਜਬ ਅੱਛੀ ਤਰਹ ਸੇ ਆਤਮ ਗਿਆਨ ਹੋ ਜਾਤਾ ਹੈ ਤੋ ਸਿਵਾਏ ਆਤਮਾ ਕੇ ਕੁਛ ਬਾਕੀ ਨਹੀਂ ਰਹਿਤਾ। ਪਹਿਲੇ ਨਿਸ਼ੇਧ ਪੱਖ ਕੋ ਲੇਕਰ ਆਤਮਾ ਸੱਤ ਔਰ ਦ੍ਰਿਸ਼ ਅਸੱਤ ਹੋ ਜਾਤਾ ਹੈ। ਇਸ ਤਰਹ ਸੇ ਬਿਰਤੀ ਅੱਛੀ ਤਰਹ ਸੇ ਦ੍ਰਿਸ਼ ਸੇ ਉਪਰਾਮ ਹੋ ਜਾਇਆ ਕਰਤੀ ਹੈ ਔਰ ਆਤਮਾ ਮੇਂ ਇਸਥਿਤੀ ਪਾਤੀ ਹੈ। ਫਿਰ ਦੂਸਰਾ ਵਿਧਾਨ ਪੱਖ ਹੈ। ਜਿਸ ਮੇਂ ਦ੍ਰਿਸ਼ਟਾ ਔਰ ਦ੍ਰਿਸ਼, ਦੋਨੋ ਆਤਮ ਸਵਰੂਪ ਹੀ ਹੋ ਭਾਸਤੇ ਹੈਂ ਯਾਨੀ ਆਤਮ ਦੇਵ ਹੀ ਅਪਨੇ ਸਵਰੂਪ ਪਾਂਚ ਸੁਭਾਵੋਂ ਦੁਆਰਾ ਅਨੇਕ ਔਰ ਪਰਪੰਚ ਰੂਪ ਹੋ ਰਹਾ ਹੈ।

ਪ੍ਰਿਥਵੀ ਆਤਮਾ ਕਾ ਕੂਟਸਥ ਸੁਭਾਵ ਹੈ। ਜਲ ਆਤਮਾ ਕਾ ਸਰਬਾਤਮ ਸੁਭਾਵ ਹੈ। ਅਗਨੀ ਆਤਮ ਦੇਵ ਕਾ ਪ੍ਰਕਾਸ਼ ਸੁਭਾਵ ਹੈ। ਔਰ ਹਵਾ ਚੇਤਨ ਸੁਭਾਵ ਹੈ। ਆਕਾਸ਼ ਆਤਮ ਦੇਵ ਕਾ ਪਰੀਪੂਰਨ ਸੁਭਾਵ ਹੈ। ਦ੍ਰਿਸ਼ ਔਰ ਦ੍ਰਿਸ਼ਟਾ ਏਕ ਨਿਰਾਕਾਰ ਆਤਮਾ ਹੈ।

# ਭਾਈ ਨੰਦ ਲਾਲ ਜੀ
## (ਜ਼ਿੰਦਗੀਨਾਮਾ)

**ਮਾਅਨੀਏ ਇਹਸਾਨ ਇਰਫ਼ਾਨਿ ਖ਼ੁਦਾ-ਸਤ**
**ਆਰਿਫ਼ਾਂ ਰਾ ਦੌਲਤਿ ਖ਼ੁਸ਼ ਰੂ ਨੁਮਾ ਸਤ॥**

ਅਸਲ ਅਹਿਸਾਨ ਰੱਬ ਦਾ ਸੱਚਾ ਗਿਆਨ ਹੈ, ਗਿਆਨਵਾਨਾਂ ਨੂੰ ਅਮਰ ਦੌਲਤ ਆਪਣਾ ਮੂੰਹ ਵਿਖਾਉਂਦੀ ਹੈ।

**ਤਾ ਖ਼ੁਦਾਇ ਖ਼ੇਸ਼ਤਨ ਬਿਸ਼ਨਾਖ਼ਤਸ਼**
**ਨਕਦਿ ਉਮਰਿ ਜਾਵਿਦਾਂ ਦਰਯਾਫ਼ਤਸ਼॥**

ਜਦ ਉਸ ਨੇ ਆਪਣਾ ਪ੍ਰਭੂ ਪਛਾਣ ਲਿਆ,

ਤਾਂ ਸਮਝੋ ਉਸ ਨੇ ਅਮਰ ਜੀਵਨ ਦੀ ਪੂੰਜੀ ਪ੍ਰਾਪਤ ਕਰ ਲਈ।

**ਊ ਦਰੂਨਿ ਦਿਲ ਤੂ ਬੀਰੂੰ ਮੀ-ਰਵੀ**
**ਊ ਬਖ਼ਾਨਾ ਤੂ ਬਹੱਜ ਚੂੰ ਮੀ-ਰਵੀ॥**

ਉਹ ਤਾਂ ਤੇਰੇ ਦਿਲ ਅੰਦਰ ਵਸਦਾ ਹੈ, ਪਰ ਤੂੰ ਬਾਹਰ ਨੱਸਦਾ ਹੈਂ, ਉਹ ਤਾਂ ਤੇਰੇ ਘਰ ਵਿਚ ਹੈ, ਪਰ ਤੂੰ ਹੱਜ ਲਈ ਦੌੜਦਾ ਫਿਰਦਾ ਹੈ।

**ਊ ਸਤ ਅਜ਼ ਹਰ ਮੂਇ ਤੂ ਚੂੰ ਆਸ਼ਕਾਰ**
**ਤੂ ਕੁਜਾ ਬੀਰੂੰ ਰਵੀ ਬਹਿਰਿ ਸ਼ਿਕਾਰ॥**

ਜਦ ਉਹ ਤੇਰੇ ਰੋਮ ਰੋਮ ਤੋਂ ਪ੍ਰਗਟ ਹੈ, ਤਾਂ ਤੂੰ ਉਸ ਨੂੰ ਲੱਭਣ ਲਈ ਬਾਹਰ ਕਿੱਥੇ ਜਾਂਦਾ ਹੈਂ?

**ਅੰਦਰੂਨਿ ਖ਼ਾਨਾ-ਅਤ ਨੂਰਿ ਅੱਲਾਹ**
**ਤਾਫ਼ਤ ਚੂੰ ਬਰ ਆਸਮਾਂ ਰਖ਼ਸ਼ਿੰਦਾ ਮਾਹ॥**

ਤੇਰੇ ਹਿਰਦੇ ਰੂਪੀ ਘਰ ਅੰਦਰ ਰੱਬ ਦਾ ਨੂਰ ਇਉਂ ਚਮਕਦਾ ਹੈ, ਜਿਵੇਂ ਨੂਰਾਨੀ ਚੰਦਰਮਾ ਆਕਾਸ਼ ਉਪਰ ਚਮਕਦਾ ਹੈ।

**ਅੰਦਰੂਨਿ ਚਸ਼ਮਿ ਤਰ ਬੀਨਾ ਸ਼ੁਦਾ**
**ਬਰ ਜ਼ਬਾਨਤ ਹੁਕਮਿ ਹੱਕ ਗੋਯਾ ਸ਼ੁਦਾ॥**

ਤੇਰੀਆਂ ਹੰਝੂਆਂ ਭਰੀਆਂ ਅੱਖਾਂ ਵਿਚੋਂ ਵੇਖਣ ਵਾਲਾ ਤਾਂ ਉਹ ਹੈ, ਅਤੇ ਤੇਰੀ ਜੀਭ ਉਪਰ ਰੱਬ ਦਾ ਹੁਕਮ ਬੋਲਦਾ ਹੈ।

**ਈਂ ਵਜੂਦਤ ਰੌਸ਼ਨ ਅਜ਼ ਨੂਰਿ ਹੱਕ ਅਸਤ**
**ਰੋਸ਼ਨ ਅਜ਼ ਨੂਰਿ ਖ਼ੁਦਾਇ ਮੁਤਲਿਕ ਅਸਤ॥**

ਤੇਰਾ ਇਹ ਸਰੀਰ ਰੱਬ ਦੇ ਨੂਰ ਨਾਲ ਰੋਸ਼ਨ ਹੈ, ਸਾਰਾ ਸੰਸਾਰ ਰੱਬ ਦੇ ਨੂਰ ਨਾਲ ਰੋਸ਼ਨ ਹੈ।

**ਲੇਕ ਵਾਕਿਫ਼ ਨੀਸਤੀ ਅਜ਼ ਹਾਲਿ ਖ਼ੇਸ**
**ਰੂਜ਼ੋ ਸ਼ਬ ਹੈਰਾਨੀ ਅਜ਼ ਅਫ਼ਆਲਿ ਖ਼ੇਸ਼॥**

ਪਰ ਤੂੰ ਆਪਣੇ (ਅੰਦਰਲੇ) ਹਾਲ ਤੋਂ ਵਾਕਫ ਨਹੀਂ, ਦਿਨ ਰਾਤ ਤੂੰ ਆਪਣੇ ਕਰਮਾਂ ਕਰਕੇ ਹੀ ਹੈਰਾਨ ਹੈਂ।

**ਮੁਰਸ਼ਦਿ ਕਾਮਿਲ ਤੁਰਾ ਮਹਿਰਮ ਕੁਨਦ**
**ਦਰਦਿ ਰੇਸ਼ਿ ਹਿਜ਼ਰ ਰਾ ਮਰਹਮ ਕੁਨਦ॥**

ਪੂਰਨ ਸਤਿਗੁਰੂ ਤੈਨੂੰ ਰੱਬ ਦਾ ਜਾਣਕਾਰ ਬਣਾ ਦਿੰਦਾ ਹੈ, ਉਹ ਵਿਛੋੜੇ ਦੇ ਜ਼ਖਮ ਦੀ ਪੀੜਾ ਦੀ ਮਲ੍ਹਮ ਪੱਟੀ ਕਰਦਾ ਹੈ।

**ਤਾ ਤੂ ਹਮ ਅਜ਼ ਵਾਸਿਲਾਨਿ ਊ ਸ਼ਵੀ**
**ਸਾਹਿਬਿ ਦਿਲ ਗਰਦੀ ਵਾ ਖ਼ੁਸ਼ਬੂ ਸ਼ਵੀ॥**

ਤਾਂ ਜੋ ਤੂੰ ਵੀ ਰੱਬ ਦੇ ਮੇਲੀਆਂ ਵਿਚੋਂ ਹੋ ਜਾਵੇ, ਤੇ ਤੂੰ ਦਿਲ ਦਾ ਮਾਲਕ ਹੋ ਜਾਵੇਂ, ਨੇਕ ਸੁਭਾਉ ਵਾਲਾ ਹੋ ਜਾਵੇਂ।

**ਅਜ਼ ਬਰਾਇ ਆਂ ਕਿ ਸਰ-ਗਰਦਾਂ ਸ਼ਵੀ**
**ਉਮਰ ਹਾ ਅੰਦਰ ਤਲਬ ਹੈਰਾਂ ਸ਼ਵੀ॥**

ਤੂੰ ਉਮਰਾਂ ਬੱਧੀ ਰੱਬ ਦੀ ਤਲਾਸ਼ ਵਿਚ ਹੈਰਾਨ ਹੁੰਦਾ ਰਿਹਾ, ਇਸੇ ਲਈ ਤੂੰ ਸਦਾ ਪਰੇਸ਼ਾਨ ਹੁੰਦਾ ਰਿਹਾ।

**ਤੂ ਚਿਹ ਬਾਸ਼ੀ ਆਲਮੇ ਹੈਰਾਨਿ ਊ**
**ਅਰਸ਼ੋ ਕੁਰਸੀ ਜੁਮਲਾ ਸਰ-ਗਰਦਾਨਿ ਊ॥**

ਤੇਰੀ ਹੀ ਕੀ ਗੱਲ ਹੈ? ਸਾਰਾ ਸੰਸਾਰ ਹੀ ਉਸ ਲਈ ਹੈਰਾਨ ਹੈ, ਇਹ ਆਸਮਾਨ ਅਤੇ ਚੌਥਾ ਆਕਾਸ਼, ਸਭ ਪਰੇਸ਼ਾਨ ਹਨ।

**ਚਰਖ਼ ਮੀ ਗਰਦਦ ਬਗਿਰਦਿ ਆਂ ਕਿ ਊ**
**ਦਾਰਦ ਅਜ਼ ਸ਼ੌਕਿ ਖ਼ੁਦਾ ਫ਼ਰਖੰਦਾ ਖ਼ੂ॥**

ਇਹ ਆਸਮਾਨ ਉਸ ਦੇ ਉਦਾਲੇ ਇਸ ਲਈ ਘੁੰਮਦਾ ਹੈ, ਕਿਉਂ ਜੋ ਉਹ ਰੱਬ ਦੇ ਚਾਉ ਨਾਲ ਨੇਕ ਸੁਭਾਵ ਹੈ।

**ਜੁਮਲਾ ਹੈਰਾਨੰਦ ਸਰ-ਗਰਦਾਨਿ ਊ**
**ਚੂੰ ਗਦਾ ਜੋਇਦ ਊ ਰਾ ਕੂ ਬ-ਕੂ॥**

ਸਾਰੇ ਸੰਸਾਰ ਦੇ ਲੋਕ ਉਸ ਲਈ ਹੈਰਾਨ ਪਰੇਸ਼ਾਨ ਹਨ, ਜਿਵੇਂ ਫਕੀਰ ਉਸਨੂੰ ਗਲੀ-ਗਲੀ ਲੱਭਦੇ ਫਿਰਦੇ ਹਨ।

**ਬਾਦਸ਼ਾਹਿ ਹਰ ਦੋ ਆਲਮ ਦਰ ਦਿਲ ਅਸਤ**
**ਲੈਕਨ ਈਂ ਆਗਿਸ਼ਤਾਇ ਆਬੋ ਗਿੱਲ ਅਸਤ॥**

ਦੋਹਾਂ ਜਹਾਨਾਂ ਦਾ ਬਾਦਸ਼ਾਹ ਦਿਲ ਵਿਚ ਵਸਦਾ ਹੈ, ਪਰ ਇਹ (ਸਰੀਰ) ਮਿੱਟੀ ਤੇ ਪਾਣੀ ਨਾਲ ਲਿਬੜਿਆ ਹੋਇਆ ਹੈ।

**ਦਰ ਦਿਲਿ ਤੂ ਨਕਸ਼ਿ ਹੱਕ ਚੂੰ ਨਕਸ਼ ਬਸਤ**
**ਜੁਮਲਾ ਨਫ਼ਸਿ ਸ਼ੋਕ ਸ਼ੁਦ ਐ ਹੱਕ-ਪ੍ਰਸਤ॥**

ਜਦ ਤੇਰੇ ਦਿਲ ਵਿਚ ਰੱਬ ਦੇ ਸੱਚੇ ਸਰੂਪ ਨੇ ਆਪਣਾ ਆਕਾਰ ਬੱਧਾ, ਤਾਂ ਹੇ ਸੱਚੇ ਰੱਬ ਦੇ ਭਗਤ, ਤੇਰੀ ਸਾਰੀ ਜਾਤ ਉਸੇ ਦੇ ਚਾਉ ਦਾ ਰੂਪ ਬਣ ਗਈ।

**ਨਕਸ਼ਿ ਹੱਕ ਯਾਅਨੀ ਨਿਸ਼ਾਨਿ ਨਾਮਿ ਹੱਕ**
**ਆਬਿ ਹੈਵਾਂ ਰਾ ਬਨੋਸ਼ ਅਜ਼ ਜਾਮਿ ਹੱਕ॥**

ਸੱਚੇ ਦਾ ਸਰੂਪ ਹੀ ਸੱਚੇ ਦੇ ਨਾਮ ਦਾ ਨਿਸ਼ਾਨ ਹੈ, ਸੱਚ ਦੇ ਪਿਆਲੇ ਚੋਂ ਸੱਚ ਦਾ ਅੰਮ੍ਰਿਤ ਪੀ।

**ਆਂ ਕਿ ਊ ਰਾ ਜੁਸਤਮ ਅਜ਼ ਹਰ ਖ਼ਾਨਾਇ॥**
**ਯਾਫ਼ਤਮ ਨਾਗਾਹ ਦਰ ਕਾਸ਼ਾਨਾਇ॥**

ਉਹ ਜਿਸ ਨੂੰ ਮੈਂ ਘਰ ਘਰ ਢੂੰਡਦਾ ਰਿਹਾ, ਮੈਂ ਅਚਾਨਕ ਉਸ ਨੂੰ ਆਪਣੇ ਘਰ ਹੀ ਦੇਖ ਲਿਆ।

**ਈਂ ਤੁਫ਼ੈਲਿ ਮੁਰਸ਼ਦਿ ਕਾਮਿਲ ਬਵਦ**
**ਹਰ ਚਿਹ ਮੀ ਖ਼ਾਹੀ ਅਜ਼ੋ ਹਾਸਿਲ ਸ਼ਵਦ॥**

ਇਹ ਕ੍ਰਿਪਾ ਸੱਚੇ ਤੇ ਪੂਰੇ ਸਤਿਗੁਰੂ ਦੀ ਹੈ, ਜੋ ਕੁਝ ਮੈਨੂੰ ਚਾਹੀਦਾ ਹੈ, ਉਸ ਤੋਂ ਪ੍ਰਾਪਤ ਹੋ ਜਾਂਦਾ ਹੈ।

**ਈਂ ਮੁਰਾਦਿ ਦਿਲ ਕਸੇ ਬੇ ਆਂ ਨ ਯਾਫ਼ਤ**
**ਹਰ ਗਦਾਇ ਦੌਲਤਿ ਸੁਲਤਾਂ ਨ ਯਾਫ਼ਤ॥**

ਦਿਲ ਦੀ ਇਹ ਮੁਰਾਦ ਬਿਨਾਂ ਉਸ ਤੋਂ ਕਿਸੇ ਦੀ ਪੂਰੀ ਨਹੀਂ ਹੋਈ, ਹਰ ਭਿਖਾਰੀ ਨੂੰ ਸ਼ਾਹੀ ਦੌਲਤ ਪ੍ਰਾਪਤ ਨਹੀਂ ਹੁੰਦੀ।

**ਨਾਮ ਬੇ ਮੁਰਸ਼ਦ ਮਿਆ ਵਰ ਬਰ ਜੁਬਾਂ**
**ਮੁਰਸ਼ਦਿ ਕਾਮਿਲ ਦਿਹਦ ਅਜ਼ ਹੱਕ ਨਿਸ਼ਾਂ॥**

ਗੁਰੂ ਤੋਂ ਬਿਨਾਂ ਹੋਰ ਕਿਸੇ ਦਾ ਜਾਪ ਨਾ ਕਰ, ਪੂਰਾ ਸਤਿਗੁਰੂ ਹੀ ਸੱਚੇ ਰੱਬ ਦਾ ਪਤਾ ਦੇ ਸਕਦਾ ਹੈ।

**ਮੁਰਸ਼ਦਿ ਹਰ ਚੀਜ਼ ਮੀ ਬਾਸ਼ਦ ਬਸੇ**
**ਮੁਰਸ਼ਦਿ ਕਾਮਿਲ ਕੁਜਾ ਯਾਬਦ ਕਸੇ॥**

ਹਰ ਵਸਤੂ ਦੇ ਮੁਰਸਦ ਭਾਵੇਂ ਅਨੇਕਾਂ ਹਨ, ਪਰੰਤੂ ਪੂਰਾ ਸਤਿਗੁਰੂ ਕਦੋਂ ਕਿਸੇ ਨੂੰ ਮਿਲਦਾ ਹੈ?

*ਚਲਦਾ.........।*

*(ਪੰਨਾ 49 ਦੀ ਬਾਕੀ)*

ਵਿਛੜ ਕੇ ਆਪੋ ਆਪਣੀ ਵਾਰੀ ਇਥੋਂ ਤੁਰ ਜਾਂਦੇ ਹਨ। ਜੀਵਨ-ਕਾਲ ਵਿਚ ਜੀਵਾਂ ਦੇ ਕੀਤੇ ਕਰਮਾਂ ਦੇ ਲੇਖ ਅਨੁਸਾਰ ਸੁਖ ਦੁਖ ਮਿਲਦੇ ਰਹਿੰਦੇ ਹਨ। ਐਸੇ ਗਿਆਨ ਅਤੇ ਅਨੁਭਵ ਨਾਲ ਹੀ ਅੰਦਰੋਂ ਕੂੜ ਦੀ ਕੰਧ ਟੁੱਟਦੀ ਹੈ। ਐਸੇ ਪਾਰਬ੍ਰਹਮ ਪ੍ਰਮੇਸ਼ੁਰ ਨੂੰ ਪ੍ਰਣਾਮ (ਆਦੇਸ) ਕਰੋ ਜੋ ਸਭ ਦਾ ਮੁੱਢ ਹੈ, ਸ਼ੁੱਧ ਸਰੂਪ ਹੈ, ਨਾਸ਼ ਰਹਿਤ ਹੈ ਅਤੇ ਸਦਾ-ਸਦਾ ਇਕ ਸਮਾਨ ਰਹਿੰਦਾ ਹੈ –

***ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ ॥ ਆਪਿ ਨਾਥੁ ਨਾਥੀ ਸਭ ਜਾ ਕੀ ਰਿਧਿ ਸਿਧਿ ਅਵਰਾ ਸਾਦ ॥ ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ॥੨੯ ॥***

ਪਉੜੀ 30 ਵਿਚ ਇਕ ਪ੍ਰਵਾਨਿਤ ਭਾਰਤੀ ਵਿਚਾਰ ਦਾ ਜ਼ਿਕਰ ਹੈ ਜਿਸ ਅਨੁਸਾਰ ਇਹ ਮੰਨਿਆ ਜਾਂਦਾ ਹੈ ਕਿ ਮਾਇਆ ਤੋਂ ਹੀ ਸੰਸਾਰ ਦੀ ਉਤਪਤੀ ਹੋਈ ਤੇ ਇਸ ਦੀ ਸੰਭਾਲ ਤੇ ਸੰਘਾਰ ਹੋ ਰਿਹਾ ਹੈ। ਇਸ ਵਿਚਾਰ ਅਨੁਸਾਰ ਇਕੱਲੀ ਮਾਇਆ ਕਿਸੇ ਜੁਗਤੀ ਨਾਲ ਪ੍ਰਸੂਤ ਹੋਈ ਅਤੇ ਪ੍ਰਤੱਖ ਤੌਰ ਤੇ ਉਸ ਦੇ ਤਿੰਨ ਪੁੱਤਰ ਜਨਮੇ। ਉਨ੍ਹਾਂ ਵਿਚੋਂ ਇਕ ਘਰਬਾਰੀ ਬਣ ਗਿਆ, ਜੀਆਂ ਨੂੰ ਪੈਦਾ ਕਰਨ ਵਾਲਾ 'ਬ੍ਰਹਮਾ', ਇਕ ਭੰਡਾਰੇ ਦਾ ਮਾਲਕ, ਅਰਥਾਤ ਜੀਵਾਂ ਨੂੰ ਰਿਜ਼ਕ ਪਹੁੰਚਾਣ ਵਾਲਾ ਵਿਸ਼ਨੂੰ ਅਤੇ ਇਕ ਕਚਹਿਰੀ ਲਾਉਂਦਾ ਹੈ, ਜੀਵਾਂ ਦਾ ਸੰਘਾਰ ਕਰਦਾ ਹੈ, ਸ਼ਿਵ। ਪਰ ਅਸਲੀਅਤ ਇਹ ਨਹੀਂ। ਅਸਲੀਅਤ ਇਹ ਹੈ ਕਿ ਇਕ ਅਕਾਲ ਪੁਰਖ ਹੀ ਬ੍ਰਹਿਮੰਡ ਦਾ ਕਰਤਾ, ਭਰਤਾ ਤੇ ਹਰਤਾ ਹੈ। ਜਿਵੇਂ ਉਸ ਨੂੰ ਭਾਉਂਦਾ ਹੈ, ਜਿਵੇਂ ਉਸ ਦਾ ਹੁਕਮ ਹੁੰਦਾ ਹੈ ਤਿਵੇਂ ਹੀ ਆਪ ਸੰਸਾਰ ਦੀ ਕਾਰ ਚਲਾ ਰਿਹਾ ਹੈ। ਬ੍ਰਹਮਾ, ਵਿਸ਼ਨੂੰ, ਸ਼ਿਵ ਦੇ ਹੱਥ ਕੁਝ ਨਹੀਂ। ਵੇਖੋ ਪ੍ਰਭੂ ਦਾ ਕਿੰਨਾ ਅਸਚਰਜ ਕੌਤਕ ਹੋ ਰਿਹਾ ਹੈ। ਅਕਾਲ ਪੁਰਖ ਤਾਂ ਸਭਨਾਂ ਜੀਆਂ ਨੂੰ ਵੇਖ ਰਿਹਾ ਹੈ ਪਰ ਜੀਵਾਂ ਨੂੰ ਅਕਾਲ ਪੁਰਖ ਨਹੀਂ ਦਿਸਦਾ। ਐਸੇ ਅਕਾਲ ਪੁਰਖ ਪ੍ਰਭੂ ਨੂੰ ਸਾਡੀ ਨਮਸ਼ਕਾਰ ਹੈ, ਪ੍ਰਣਾਮ ਹੈ ਜੋ ਸ਼ੁਧ ਸਰੂਪ ਹੈ, ਸਭ ਦਾ ਮੁੱਢ ਹੈ, ਨਾਸ ਰਹਿਤ ਹੈ ਅਤੇ ਸਦਾ ਇਕ ਸਰੂਪ ਰਹਿੰਦਾ ਹੈ –

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩੦ ॥***

*ਚਲਦਾ...............।'*

## ਪਿਆਰੇ ਪਾਠਕ ਜਨੋ ਅਤੇ ਸਾਧ ਸੰਗਤ ਜੀ!

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਟਰੱਸਟ ਵੱਲੋਂ ਸਤਿਕਾਰਯੋਗ ਮਹਾਂਪੁਰਸ਼ ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਪ੍ਰਵਚਨ ਸਰਵਣ ਕਰਨ ਲਈ ਹੇਠ ਲਿਖੇ ਚੈਨਲ ਨੂੰ ਆਪਣੇ ਟੀ.ਵੀ. ਤੇ ਸਬਸਕਰਾਇਬ ਕਰਨ ਦੀ ਕ੍ਰਿਪਾਲਤਾ ਕਰੋ ਜੀ।

FASTWAY

**ਫਾਸਟਵੇਅ ਕੇਬਲ ਟੀ.ਵੀ. ਨੈਟਵਰਕ**

**ਚੈਨਲ ਨੰਬਰ - 202 ਪੰਜਾਬ ਪਲੱਸ ਰਾਹੀਂ**

**ਸਮਾਂ ਹਰ ਰੋਜ਼ - ਸਵੇਰੇ**

**4.45 ਤੋਂ 6.45 ਤੱਕ (2 ਘੰਟੇ)**



ਸੱਚਖੰਡ ਵਾਸੀ ਸ੍ਰੀ ਮਾਨ
ਸੰਤ ਬਾਬਾ ਵਰਿਆਮ ਸਿੰਘ ਜੀ
ਮਹਾਰਾਜ ਰਤਵਾੜਾ ਸਾਹਿਬ

ਇਹ ਕੀਰਤਨ ਪ੍ਰਵਚਨ ਸਾਰਾ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ, ਰਾਜਸਥਾਨ ਤੇ ਜਿਥੇ ਵੀ ਫਾਸਟਵੇਅ ਕੇਬਲ ਚਲ ਰਹੀ ਹੈ, ਤੁਸੀਂ ਉਸ ਉਤੇ ਦੇਖ ਸਕਦੇ ਹੋ।

## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੂਰਨਮਾਸ਼ੀ - 5 ਮਈ, ਦਿਨ ਸ਼ੁਕਰਵਾਰ - ਰਤਵਾੜਾ ਸਾਹਿਬ,**
**(ਸਮਾਂ - ਸ਼ਾਮੀ 7.00 ਤੋਂ 9.00 ਵਜੇ ਤੱਕ)**

**ਜੇਠਿ - ਸੰਗਰਾਂਦ-15 ਮਈ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

## ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | By Registry Post/Cheque |
|---|---|
| 1 Year | Rs. 300/320 |
| 3 Year | Rs. 750/770 |
| 5 Year | Rs. 1200/1220 |
| Life (20Year) | Rs 3000/3020 |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

# PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount.

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

## LIST OF CORRESPONDENT BANKS

### Australia

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

### Canada

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

### Germany

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

### Italy

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

### United Kingdom

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

### United States

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777. Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 120/– | 70/– |
| 2. | ਕਿਵ ਕੂੜੈ ਤੁਟੈ ਪਾਲਿ | 120/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ – | 400/– | |
| 5. | ਹੋਵੈ ਅਨੰਦੁ ਘਣਾ | | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/– | 10/– |
| 10. | ਅੰਮ੍ਰਿਤ ਫੁਹਾਰ | 10/– | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ – ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 30/– | |
| 18. | ਭਗਤ ਪ੍ਰਹਿਲਾਦ | 10/– | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ – 1 | | 90/– |
| 22. | ਅਬਿਨਾਸੀ ਜੋਤ ਭਾਗ – 2 | 90/– | |
| 23. | ਪੰਚ ਪਰਵਾਨ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 300/– | |
| 29. | ਅੰਦਰਲੀ ਖੋਜ | 300/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਰੂਹਾਨੀ ਪ੍ਰਵਚਨ | 35/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 440/– | |
| 35. | ਮਾਰਗ ਚੋਣ | 60/– | |
| 36. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 37. | ਆਤਮ ਗਿਆਨ ਭਾਗ – 1 | 120/– | |
| 38. | ਜਨਮ ਪਦਾਰਥੁ ਸਫਲੁ ਹੋਇ | 120/– | |
| 39. | ਜਨ ਪਰਉਪਕਾਰੀ ਆਏ (ਭਾਗ –1) | 65/– | |
| 40. | ਜਨ ਪਰਉਪਕਾਰੀ ਆਏ (ਭਾਗ –2) | 65/– | |
| 41. | ਗੁਰ ਅੰਗਦ ਅਮਰ ਨਿਧਾਨ | 10/– | |
| 42. | ਕਲਜੁਗਿ ਜਹਾਜ ਅਰਜੁਨ ਗੁਰ | 100/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 43. | ਧਰਮ ਹੇਤਿ ਸਾਕਾ | 20/– |
| 44. | ਮੰਞ ਗੁਰੂ ਕਾ ਬੋਹਿਥਾ | 30/– |
| 45. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 46. | ਗੁਰੂ ਗ੍ਰੰਥ ਜੀ ਮਾਨਿਉ | 10/– |
| 47. | ਬਾਬਾ ਬੰਦਾ ਸਿੰਘ ਬਹਾਦਰ | 10/– |
| 48. | ਤ੍ਰੈ ਸ਼ਤਾਬਦੀ | 20/– |
| 49. | ਆਤਮ ਗਿਆਨ ਭਾਗ – 2 | 120/– |
| 50. | ਆਤਮ ਗਿਆਨ ਭਾਗ – 3 | 120/– |
| 51. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ – 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ – 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ – 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ – 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ – 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

**ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।**

A/c Name : VGRMCT / Atam Marg Magazine
Punjab & Sind Bank - A/C No. 12861100000008
RTGS/IFSC Code - PSIB0021286, Branch Code - C1286

Our Address: Gurdwara Ishar Parkash,
Ratwara Sahib,
(Near New Chandigarh) P.o. Mullanpur Garibdas,
Teh. Kharar, Distt. S.A.S Nagar (Mohali)
140901, Pb. India

# Guru Arjan, the God Manifest
# ਗੁਰੂ ਅਰਜਨ ਪਰਤਖੁ ਹਰਿ

***Author By : Sant Waryam Singh Ji***
***Founder V.G.R.M.C.T. Ratwara Sahib***
***Translated By : Prof. Beant Singh***

The first meeting between Guru Nanak Dev, the True Emperor of the world and King Babur took place at Aminabad. At that place, Babur had made all people prisoners and put them to forced labour. After a terrible massacre and the horrible blood bath of the war, there was a kind of death like atmosphere over the hearts of the people of India. Being a witness to that great calamity, people everywhere almost shuddered and became speechless. Guru Ji witnessed the helpless Indian people, who looked like lifeless beings. He stated this in his bani :

The body cloth shall be torn into pieces .......

***ਕਾਇਆ ਕਪੜੁ ਟੁਕੁ ਟੁਕੁ ਹੋਸੀ............।।***

***ਅੰਗ - 723***

The scene of the battlefield was horrifying in the extreme. Women were being dragged out of their houses. They were being raped. It looked like the most contemptible aspect of the human nature. At that time, Guru Nanak the sovereign, addressed Babur as under :

So much beating was inflicted that people shrieked. Didst not Thou, O God, feel compassion?

***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ।।*** ***ਅੰਗ - 360***

Babar was given a severe warning that he will have to suffer the consequences of these horrible atrocities, of these oppressions. When the war was being waged by both the sides, there was no hatred or anger in our hearts. O Babur, when one of the warring armies is defeated, from that very moment onward, the rule of the victor king starts. You have committed horrible atrocities on the people, who had become your own subjects. You assumed the form of ferocious tiger and entered the barn of unarmed people, who were like the meek cows and covered them all with blood. You have become the ruler of these helpless people. On the day of judgement, explanation will be demanded from you for this heinous crime.

If a mighty man smites another mighty man, then the mind feels not anger. Pause. If a powerful tiger falling on a herd, kills it, then its Master is to be questioned.

***ਜੇ ਸਕਤਾ ਸਕਤੇ ਕਉ ਮਾਰੇ***
***ਤਾ ਮਨਿ ਰੋਸੁ ਨ ਹੋਈ।।***
***ਸਕਤਾ ਸੀਹੁ ਮਾਰੇ***
***ਪੈ ਵਗੈ ਖਸਮੈ ਸਾ ਪੁਰਸਾਈ।।*** ***ਅੰਗ - 360***

You are feeling no heartache after hearing the moanings and cries of these people. You have dragged into dust, those people, who were leading peaceful comfortable life. You have reduced the happy persons into life-long weeping. You are a sinner. God is the lord of this creation. He is the God of Hindus and Muslims also and of the good people and also of the sinners.

Thou, O Maker, art the equal Master of all.

***ਕਰਤਾ ਤੂੰ ਸਭਨਾ ਕਾ ਸੋਈ।।*** ***ਅੰਗ - 360***

This Lord will demand an answer from

you on the Day of Judgement As a result of these heinous crimes, you will be thrown into hells, as a punishment for these sins.

Hearing this roar of truth, Babur was shaken. He called for forgiveness. He paid obeisance at Nanak's feet and entreated. He could not stand the resplendent glory of the Guru. He shuddered from the bottom of his heart. He appealed as under :

O you, mendicant God. Take pity on me. My eyes are visualizing that hell, where explanation would be demanded for my foul deeds. I am face to face with that hell, which is ablaze with fire. Kindly pardon me. Truly I have committed wrong. As soon as the army of Ibrahim Lodhi was defeated, at that very time, my rule began. But I having lost my way in the darkness of my mind, I could not realize my duty. And I ordered for general massacre. O divine mendicant, you have opened my eyes. I am under your disposal. Kindly show me the right path. I will obey your command bending my head before you. The Guru's command was : release all the prisoners. Return the goods of all, confiscated by you. Provide homes for those, whose houses have been destroyed by your army. Return the goods of those, whose goods have been looted and earn their gratitudes. Repent of your sins. What harm had the general public done to you, that you inflicted such terrible punishments on those without any fault of theirs?

The Guru's orders were immediately complied with. People freed from bonds started happily returning to their homes. The goods looted by the armymen were returned to their owners, after identification. Sovereign Guru Nanak, noticing the joys of the populace, gifted that kingdom to Babur. But he divided the kingdom into two parts; giving worldly rule to Babur while the Guru Baba ruled over the spiritual kingdom.

The Guru will rule the spiritual world & Babur, the temporal.

*ਬਾਬੇ ਕੇ ਬਾਬਰ ਕੇ ਦੋਊ।।*

Babur got his sins pardoned by Guru Nanak, the True Emperor. He kept cordial relations with the house of the Gurus. Babur's son was defeated by Sher Shah Suri and he came to Guru Angad Dev. The Guru was immersed in meditation & did not notice his arrival. Standing before the Guru, Humayun was to ask for Guru's favours. But even now there was pride in the heart of the defeated king (Humayun). He thought Guru Ji had ignored his arrival. He lifted his weapon against Guru Maharaj. Guru Maharaj remarked, "Where had gone your bravery, when you were facing Sher Shah Suri? He felt ashamed of his mistake and begged pardon for that, and begged for the return of his lost kingdom. Guru Maharaj, being the embodiment of mercy, gifted that lost kingdom to him and he became a king thereafter.

After 14 years, Humayun once again returned here as the King of Bharat Varsh (India). After him, his son Akbar was the most outstanding personality. Though he was quite illiterate, yet his inner eye was full of light. It is said that under his rule, the lion and the sheep could drink water from the same place (there was absolute security for all). He came to the shelter of Guru Maharaj and obtained the Guru's blessings. During Akbar's regime, India experienced much prosperity. After him, his son Jahangir occupied the throne of India. During that period the Fifth Master, Guru Arjun the true emperor, was scrapping the falsehood and the ignorance of the masses. The Punjab, rather the whole of India worshipped at the feet of the Guru receiving True Knowledge of the spiritual path. He was the embodiment of Bani, the sacred

hymns. He was the Sun of pure glory. His discourses equally influenced the Hindus and the Musalmans. This is one side of the picture. On the other side, the fanatical Mullas and Maulanas were dreaming of establishing Islamic kingdom but they had little influence during the reign of Akbar.

